ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Monday, 16 June, 2025) ਪਟਿਆਲਾ ਸੋਮਵਾਰ, 16 ਜੂਨ, 2025, 2 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 165 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com



## ਪੰਜਾਬ ਉਦਯੋਗ ਕ੍ਰਾਂਤੀ

## ਪੰਜਾਬ ਸਰਕਾਰ ਨੇ ਸੂਬੇ ਵਿੱਚ 12 ਇਤਿਹਾਸਕ ਕਦਮਾਂ ਦੇ ਨਾਲ ਉਦਯੋਗ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਹੈ

### 45 ਦਿਨਾ ਡੀਮਡ ਮਨਜ਼ੂਰੀ ਪ੍ਰਣਾਲੀ

ਕਾਰੋਬਾਰ ਸ਼ੁਰੂ ਕਰਨ ਜਾਂ ਵਧਾਉਣ ਲਈ 45 ਦਿਨਾਂ ਦੇ ਅੰਦਰ ਸਾਰੀਆਂ ਮਨਜ਼ੂਰੀਆਂ ਪ੍ਰਾਪਤ ਕਰੋ। ਜੇਕਰ ਮਨਜ਼ੂਰੀਆਂ ਸਮੇਂ ਸਿਰ ਜਾਰੀ ਨਹੀਂ ਹੁੰਦੀਆਂ ਤਾਂ ਡੀਮਡ ਮਨਜ਼ੂਰੀ 46ਵੇਂ ਦਿਨ ਆਪਣੇ ਆਪ ਮਿਲ ਜਾਂਦੀ ਹੈ।

### Fast-Track Punjab ਪੋਰਟਲ: ਸਾਰੀਆਂ ਮਨਜ਼ੂਰੀਆਂ ਲਈ ਸਿੰਗਲ ਵਿੰਡੋ

ਬਹੁਤੇ ਵਿਭਾਗਾਂ ਵਿੱਚ ਭੱਜਣ ਦੀ ਜ਼ਰੂਰਤ ਨਹੀਂ। fasttrack.punjab.gov.in 'ਤੇ ਇੱਕ ਅਰਜ਼ੀ ਦਿਓ ਅਤੇ 45 ਦਿਨਾਂ ਦੇ ਅੰਦਰ ਸਾਰੀਆਂ ਮਨਜ਼ੂਰੀਆਂ ਪ੍ਰਾਪਤ ਕਰੋ।

### ₹125 ਕਰੋੜ ਤੱਕ ਦੇ ਨਿਵੇਸ਼ਾਂ ਨੂੰ 3 ਦਿਨਾਂ ਵਿੱਚ ਮਿਲਣਗੀਆਂ ਸਿਧਾਂਤਕ ਮਨਜ਼ੂਰੀਆਂ

ਪਲਾਂਟ ਅਤੇ ਮਸ਼ੀਨਰੀ ਵਿੱਚ ₹125 ਕਰੋੜ ਤੱਕ ਦੇ ਨਿਵੇਸ਼ਾਂ ਨੂੰ ਕਾਰੋਬਾਰ ਅਧਿਕਾਰ ਕਾਨੂੰਨ ਅਧੀਨ 3 ਕੰਮਕਾਜੀ ਦਿਨਾਂ ਵਿੱਚ ਸਿਧਾਂਤਕ ਪ੍ਰਵਾਨਗੀਆਂ ਮਿਲਣਗੀਆਂ। ਸਿਧਾਂਤਕ ਪ੍ਰਵਾਨਗੀ ਦੀ ਮਿਆਦ 3.5 ਸਾਲ।

### ਲੀਜ਼ਹੋਲਡ ਤੋਂ ਫ੍ਰੀਹੋਲਡ ਤਬਾਦਲਾ ਨੀਤੀ

ਪੰਜਾਬ ਦੇ ਸਾਰੇ ਉਦਯੋਗਿਕ ਪਲਾਟ ਮਾਲਕ ਜਲਦੀ ਆਪਣੇ ਪਲਾਟਾਂ ਨੂੰ ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਤਬਦੀਲ ਕਰ ਸਕਦੇ ਹਨ- ਇੱਕ ਆਨਲਾਈਨ ਅਤੇ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਣਾਲੀ ਰਾਹੀਂ।

**ਜ਼ਮੀਨ ਦੀ ਵਿਵਹਾਰਕਤਾ ਰਿਪੋਰਟ** ਲਈ FastTack Punjab ਪੋਰਟਲ ਉੱਤੇ ਆਨਲਾਈਨ ਅਪਲਾਈ ਕਰੋ। ਸਰਕਲ ਮਾਲ ਅਧਿਕਾਰੀ 15 ਦਿਨਾਂ ਵਿੱਚ ਰਿਪੋਰਟ ਜਾਰੀ ਕਰ ਦੇਵੇਗਾ।

**ਉਦਯੋਗਿਕ ਪਲਾਟ ਸਬ-ਡਿਵੀਜ਼ਨ ਨੀਤੀ** ਤਹਿਤ, ਤੁਸੀਂ ਪਰਿਵਾਰ, ਸਾਂਝੇ ਉੱਦਮਾਂ, ਜਾਂ ਕੋ-ਡਿਵੈਲਪਰਾਂ ਵਿੱਚ ਪਲਾਟ ਜਲਦ ਹੀ ਆਸਾਨੀ ਨਾਲ ਵੰਡ ਸਕਦੇ ਹੋ।

ਜਲਦ ਹੀ ਆਪਣੀਆਂ **ਇਮਾਰਤੀ ਯੋਜਨਾਵਾਂ ਅਤੇ ਸਥਿਰਤਾ ਸਰਟੀਫਿਕੇਟ ਨੂੰ ਸਵੈ-ਪ੍ਰਮਾਣਿਤ ਕਰੋ** ਸੂਚੀਬੱਧ ਆਰਕੀਟੈਕਟਾਂ ਅਤੇ ਸਿਵਲ ਇੰਜੀਨੀਅਰਾਂ ਰਾਹੀਂ।

ਹੁਣ ਜਲਦ ਹੀ ਸੂਚੀਬੱਧ ਆਰਕੀਟੈਕਟਾਂ ਰਾਹੀਂ **ਆਪਣੀ ਫਾਇਰ ਐਨ.ਓ.ਸੀ. ਸਵੈ-ਪ੍ਰਮਾਣਿਤ ਕਰੋ।** ਖਤਰਨਾਕ ਉਦਯੋਗਾਂ ਨੂੰ ਛੱਡ ਕੇ, ਫਾਇਰ ਐਨ.ਓ.ਸੀ. ਦੀ ਮਿਆਦ 3 ਤੋਂ 5 ਸਾਲ ਤੱਕ ਹੋਵੇਗੀ।

**52 ਫੋਕਲ ਪੁਆਇੰਟਾਂ ਵਿੱਚ ਵਿਸ਼ਵ-ਪੱਧਰੀ ਬੁਨਿਆਦੀ ਢਾਂਚਾ** ਨਵੰਬਰ 2025 ਤੱਕ ₹300 ਕਰੋੜ ਦੇ ਅਪਗ੍ਰੇਡੇਸ਼ਨ ਦੇ ਨਾਲ।

**ਉਦਯੋਗਿਕ ਪਲਾਟਾਂ ਲਈ ਭੂਮੀ ਵਰਤੋਂ ਪਰਿਵਰਤਨ ਨੀਤੀ** ਨੂੰ ਵਧਾਇਆ, ਹੋਟਲਾਂ, ਹਸਪਤਾਲਾਂ, ਦਫ਼ਤਰਾਂ, ਵਪਾਰਕ, ਆਈ.ਟੀ. ਆਦਿ ਸਮੇਤ 10 ਭੂਮੀ ਵਰਤੋਂ ਸ਼੍ਰੇਣੀਆਂ ਨੂੰ ਜਲਦ ਕਵਰ ਕਰਨ ਲਈ।

**ਫੋਕਲ ਪੁਆਇੰਟਸ ਦੀ ਨਿਲਾਮੀ ਵਿੱਚ ਤੇਜ਼ੀ** ਮੌਜੂਦਾ ਸਮੇਂ 260 ਪਲਾਟ ਨਿਲਾਮੀ ਅਧੀਨ। ਨਵੇਂ ਨਿਵੇਸ਼ਾਂ ਲਈ ਹੁਣ ਜ਼ਮੀਨ ਦੀ ਕੋਈ ਦਿੱਕਤ ਨਹੀਂ।

**ਪ੍ਰੋਤਸਾਹਨ ਵਿੱਚ ਹੋਰ ਦੇਰੀ ਨਹੀਂ।** ਵਿੱਤੀ ਵਰ੍ਹੇ 2025-26 ਦੇ 3 ਮਹੀਨਿਆਂ ਵਿੱਚ ₹250 ਕਰੋੜ ਵੰਡੇ- ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਜ਼ਿਆਦਾ।

ਵਧੇਰੇ ਜਾਣਕਾਰੀ ਲਈ ਲਾਗ ਆਨ ਕਰੋ- **fasttrack.punjab.gov.in**

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਦੀਪਿਕਾ ਲੂਥਰਾ ਨੂੰ ਈਮੇਲ ਰਾਹੀਂ ਜਾਨੋਂ ਮਾਰਨ ਦੀ ਮਿਲੀ ਧਮਕੀ



ਅੰਮ੍ਰਿਤਸਰ, 15 ਜੂਨ, (ਬਬਲੂ ਮਹਾਜਨ) : ਸੋਸ਼ਲ ਮੀਡੀਆ ਇੰਫਲੂੈਂਸਰ ਕਮਲ ਕੌਰ ਭਾਬੀ ਦੇ ਕਤਲ ਤੋਂ ਬਾਅਦ ਮਾਮਲੇ 'ਚ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਵੱਲੋਂ ਦੀਪਿਕਾ ਲੂਥਰਾ ਨੂੰ ਧਮਕੀਆਂ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਸੋਸ਼ਲ ਮੀਡੀਆ ਇੰਫਲੂੈਂਸਰ ਦੇ ਬਿਆਨਾਂ 'ਤੇ ਮਹਿਰੋਂ ਖਿਲਾਫ਼ ਕੇਸ ਦਰਜ ਹੋਣ ਤੋਂ ਬਾਅਦ ਇੱਕ ਵਾਰ ਮੁੜ ਲੂਥਰਾ ਨੂੰ ਈਮੇਲ ਰਾਹੀਂ ਜਾਨੋਂ ਮਾਰਨ ਦੀ ਮਿਲੀ ਹੈ।ਉਸ ਨੇ ਦੀਪਿਕਾ ਲੂਥਰਾ ਨੂੰ ਧਮਕੀ ਦੌਰਾਨ ਕਿਹਾ ਸੀ ਕਿ ਇੱਥੇ ਵੀ ਬਹੁਤ ਸਾਰੀਆਂ ਪਾਰਕਿੰਗਾਂ ਹਨ ਅਤੇ ਇਹ ਜ਼ਰੂਰੀ ਨਹੀਂ ਕਿ ਲਾਸ਼ ਹਰ ਵਾਰ ਮਿਲ ਜਾਵੇ।ਕਿਹਾ ਜਾ ਰਿਹਾ ਕਿ ਇਹ ਧਮਕੀ ਭਰੀ ਈਮੇਲ ਕਥਿਤ ਤੌਰ 'ਤੇ ਕਮਲ ਕੌਰ ਭਾਬੀ ਦੇ ਕਤਲ ਮਾਮਲੇ 'ਚ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਵੱਲੋਂ ਭੇਜੀ ਗਈ ਹੈ। ਇਹ ਧਮਕੀ ਭਰੀ ਈਮੇਲ 14 ਤਰੀਕ ਦੀ ਦੱਸੀ ਜਾ ਰਹੀ ਹੈ, ਜਿਸ ਵਿੱਚ ਕਿਹਾ ਗਿਆ ਹੈ, ਵੀਡੀਓ ਤੇਰੀਆਂ ਅੱਜ ਫੇਰ ਪੈ ਰਹੀਆਂ ਪੇਜ 'ਤੇ ਤੇਰਾ ਐਡਰੈੱਸ ਮਿਲ ਗਿਆ, ਆਵਦੇ ਘਰ ਤੋਂ ਬਾਹਰ ਸੋਚ ਸਮਝ ਕੇ ਨਿੱਕਲੀਂ, 24 ਘੰਟੇ ਨਿਗ੍ਹਾ ਤੇਰੇ ਉੱਪਰ ਹੈ, ਜਦ ਵੀ ਸਮਾਂ ਮਿਲ ਗਿਆ, ਉਹ ਤੇਰਾ ਆਖਰੀ ਦਿਨ ਹੋਵੇਗਾ। ਜਿੱਥੇ ਭੱਜਣਾ ਭੱਜ ਲੈ ਜਿੱਥੇ ਲੁਕਣਾ ਲੁਕ ਲੈ, ਅਗਲਾ ਨੰਬਰ ਤੇਰਾ ਤੇ ਪ੍ਰੀਤ ਜੱਟੀ ਦਾ ਲੱਗਣਾ ਹੈ, ਤੁਹਾਨੂੰ ਬਹੁਤ ਪਿਆਰ ਨਾਲ ਸਮਝਾ ਲਿਆ ਤੇ ਤੁਸੀਂ ਨਹੀਂ ਸਮਝੀਆਂ..." ਇਸ ਵਿੱਚ ਅੱਗੇ ਕਿਹਾ ਗਿਆ, "ਜਿੰਨੀਆਂ ਮਰਜ਼ੀ ਸਿਕਿਓਰਿਟੀਆਂ ਲੈ ਲਾ ਤੇਰੀ ਜਾਨ ਨਹੀਂ ਛੁੱਟਣੀ, ਸਿਕਿਓਰਿਟੀਆਂ 24 ਘੰਟੇ ਤੇਰੇ ਨਹੀਂ ਨਹੀਂ ਰਹਿਣੀ, ਸੂਰੀ ਕੋਲ ਵੀ ਸਿਕਿਓਰਿਟੀ ਸੀ ਠੋਕ ਦਿੱਤਾ ਨਾ, ਐਂਵੇਂ ਹੀ ਤੇਰਾ ਸੋਧਾ ਲਾਉਣਾ ਤੇ ਪ੍ਰੀਤ ਜੱਟੀ ਦਾ, ਜਿਹੜਾ ਤੁਸੀ ਕਤੀੜਾਂ ਨੇ ਗੰਦ ਪਾਇਆ ਹੋਇਆ ਪੰਜਾਬ ਵਿੱਚ, ਬਹੁਤ ਜਲਦੀ ਸਾਡਾ ਗਰੁੱਪ ਕੈਨੇਡਾ ਵਿੱਚ ਵੀ ਸੋਧਾ ਲਾ ਰਿਹਾ, ਦੇਖੀ ਚੱਲ ਬਣਦਾ ਹੁਣ ਕੀ ਆ ਹੁਣ।

# ਯੂ.ਪੀ. ਦੇ ਜਿਹੜੇ ਇਲਾਕੇ 'ਚ ਸਿੱਖਾਂ ਦੇ ਧਰਮ ਪਰਿਵਰਤਨ ਦੀਆਂ ਖ਼ਬਰਾਂ ਆਈਆਂ, ਉੱਥੇ ਦਿੱਲੀ ਗੁਰਦੁਆਰਾ ਕਮੇਟੀ ਦੇ ਗੁਰਮਤਿ ਪ੍ਰਚਾਰ ਕੈਂਪਾਂ ਨੂੰ ਸਭ ਤੋਂ ਵੱਧ ਹੁੰਗਾਰਾ ਮਿਲਿਆ : ਕਾਲਕਾ, ਕਾਹਲੋਂ



ਨਵੀਂ ਦਿੱਲੀ, 15 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਦੇ ਜਿਸ ਇਲਾਕੇ ਵਿਚ ਸਿੱਖਾਂ ਦੇ ਈਸਾਈ ਧਰਮ ਵਿੱਚ ਪਰਿਵਰਤਨ ਦੀਆਂ ਖਬਰਾਂ ਆ ਰਹੀਆਂ ਸਨ, ਕਮੇਟੀ ਵੱਲੋਂ ਗਰਮੀ ਦੀਆਂ ਛੁੱਟੀਆਂ ਦੌਰਾਨ ਲਗਾਏ ਗਏ ਗੁਰਮਤਿ ਕੈਂਪਾਂ ਦੌਰਾਨ ਸਭ ਤੋਂ ਵੱਧ ਹੁੰਗਾਰਾ, ਇਹਨਾਂ ਕੈਂਪਾਂ ਨੂੰ ਮਿਲਿਆ ਹੈ।

ਅੱਜ ਇੱਥੇ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿੱਚ ਗੁਰਮਤਿ ਕੈਂਪਾਂ ਦੇ ਸਮਾਪਤੀ ਸਮਾਗਮ ਦੇ ਆਖਰੀ ਦਿਨ ਸਮਾਗਮ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ, ਸਰਦਾਰ ਕਾਹਲੋਂ ਤੇ ਸਰਦਾਰ ਕਰਮਸਰ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਇਸ ਵਾਰ ਗਰਮੀ ਦੀਆਂ ਛੁੱਟੀਆਂ ਦੌਰਾਨ ਲਗਾਏ ਗਏ ਗੁਰਮਤਿ ਕੈਂਪਾਂ ਨੂੰ ਸਿਰਫ ਦਿੱਲੀ ਹੀ ਨਹੀਂ ਬਲਕਿ ਦੇਸ਼ ਭਰ ਦੇ ਅਨੇਕਾਂ ਭਾਗਾਂ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ, ਤੇ ਖਾਸ ਤੌਰ 'ਤੇ ਯੂ ਪੀ ਵਿੱਚ ਉਸ ਇਲਾਕੇ ਵਿੱਚ ਹੁੰਗਾਰਾ ਮਿਲਿਆ ਹੈ ਜਿੱਥੇ ਇਹ ਦਾਅਵੇ ਕੀਤੇ ਜਾ ਰਹੇ ਸਨ ਕਿ ਸਿੱਖ ਉੱਥੇ ਈਸਾਈ ਧਰਮ ਵਿੱਚ ਤਬਦੀਲ ਹੋ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਇਲਾਕਿਆਂ ਵਿਚ ਗੁਰਮਤਿ ਕੈਂਪਾਂ ਨੂੰ ਹੁੰਗਾਰਾ ਦੱਸਦਾ ਹੈ ਕਿ ਸਿੱਖ ਕੌਮ ਆਪਣੇ ਧਰਮ ਪ੍ਰਤੀ ਵਚਨਬੱਧ ਹੈ ਤੇ ਕੌਮ ਦੇ ਬੱਚੇ ਗੁਰਮਤਿ ਜੀਵਨ ਜਾਚ ਨਾਲ ਜੁੜਨ ਲਈ ਤਤਪਰ ਹਨ।

ਉਹਨਾਂ ਕਿਹਾ ਕਿ ਇਹਨਾਂ ਕੈਂਪਾਂ ਦੌਰਾਨ ਜਿੱਥੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ, ਉੱਥੇ ਹੀ ਗੁਰਬਾਣੀ ਅਨੁਸਾਰ ਜੀਵਨ ਜਾਚ ਨਾਲ ਵੀ ਜੋੜਿਆ ਗਿਆ। ਉਹਨਾਂ ਕਿਹਾ ਕਿ ਉਹਨਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਬੱਚਿਆਂ ਨੇ ਆਪਣੇ ਮਾਪਿਆਂ ਨੂੰ ਖੁਦ ਆਖਿਆ ਹੈ ਕਿ ਉਹ ਗਰਮੀ ਦੀਆਂ ਛੁੱਟੀਆਂ ਪਹਾੜੀਆਂ ਵਿਚ ਬਿਤਾਉਣ ਦੀ ਥਾਂ ਗੁਰਮਤਿ ਕੈਂਪਾਂ ਵਿਚ ਗੁਰਬਾਣੀ ਨਾਲ ਜੁੜਨਾ ਚਾਹੁੰਦੇ ਹਨ ਤੇ ਇਸ ਕਾਰਣ ਐਤਕੀਂ ਕਮੇਟੀ ਦੇ 250 ਕੈਂਪਾਂ ਵਿਚ 20 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਹੈ।

ਉਹਨਾਂ ਕਿਹਾ ਕਿ ਜਦੋਂ ਇਹ ਵਿਦਿਆਰਥੀ ਆਪਣੇ ਜੀਵਨ ਦੇ ਮੁੱਢਲੇ ਪੜਾਅ ਵਿਚ ਹੀ ਗੁਰਸਿੱਖੀ ਜੀਵਨ ਜਾਚ ਨਾਲ ਜੁੜਦੇ ਹਨ ਤਾਂ ਉਹਨਾਂ ਪਰਿਵਾਰਾਂ 'ਤੇ ਗੁਰੂ ਸਾਹਿਬ ਆਪ ਬਖਸ਼ਿਸ਼ ਕਰਦੇ ਹਨ।

ਇਸ ਦੌਰਾਨ ਸਰਦਾਰ ਕਾਲਕਾ, ਸਰਦਾਰ ਕਾਹਲੋਂ ਤੇ ਸਰਦਾਰ ਕਰਮਸਰ ਨੇ ਇਹਨਾਂ ਕੈਂਪਾਂ ਦੀ ਸਫਲਤਾ ਵਾਸਤੇ ਇਹਨਾਂ ਕੈਂਪਾਂ ਵਿਚ ਭਾਗ ਲੈਣ ਵਾਲੇ ਬੱਚਿਆਂ ਦਾ, ਇਹਨਾਂ ਦੇ ਮਾਪਿਆਂ ਦਾ, ਸਿੰਘ ਸਭਾਵਾਂ ਦੇ ਪ੍ਰਬੰਧਕਾਂ, ਕਮੇਟੀ ਦੇ ਸਮੂਹ ਹੈੱਡ ਗ੍ਰੰਥੀ ਸਾਹਿਬ, ਗ੍ਰੰਥੀ ਸਾਹਿਬ, ਪ੍ਰਚਾਰਕ, ਰਾਗੀ, ਢਾਡੀ ਜਿਹਨਾਂ ਨੇ ਇਹਨਾਂ ਕੈਂਪਾਂ ਵਿਚ ਅਹਿਮ ਯੋਗਦਾਨ ਕੈਂਪਾਂ ਪਾਇਆ, ਉਹਨਾਂ ਸਭਨਾ ਦਾ ਧੰਨਵਾਦ ਅਤੇ ਨਾਲ ਹੀ ਦਿੱਲੀ ਗੁਰਦੁਆਰਾ ਕਮੇਟੀ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਜਿਹਨਾਂ ਦੀ ਬਦੌਲਤ ਇਹ ਕੈਂਪ ਸਫਲ ਹੋਏ ਹਨ।

ਇਸ ਦੌਰਾਨ ਸਰਦਾਰ ਹਰਮੀਤ ਸਿੰਘ ਕਾਲਕਾ, ਸਰਦਾਰ ਜਗਦੀਪ ਸਿੰਘ ਕਾਹਲੋਂ ਤੇ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਕੈਂਪ ਵਿਚ ਸ਼ਮੂਲੀਅਤ ਕਰਨ ਵਾਲੇ ਉਸ 5 ਸਾਲਾ ਬੱਚੇ ਵਾਸਤੇ 12ਵੀਂ ਤੱਕ ਮੁਫਤ ਸਿੱਖਿਆ ਪ੍ਰਦਾਨ ਕਰਨ ਦਾ ਐਲਾਨ ਕੀਤਾ, ਜਿਸ 5 ਸਾਲ ਦੇ ਬੱਚੇ ਨੂੰ ਜਪੁਜੀ ਸਾਹਿਬ ਸਮੇਤ ਅਨੇਕਾਂ ਬਾਣੀਆਂ ਕੰਠ ਸਨ ਜੋ ਉਸਨੇ ਸੁਣਾਈਆਂ।ਸਰਦਾਰ ਕਾਹਲੋਂ ਨੇ ਉਸਦਾ ਵਿਸ਼ੇਸ਼ ਸਨਮਾਨ ਕੀਤਾ ਤੇ 12ਵੀਂ ਤੱਕ ਪੜ੍ਹਾਈ ਦਾ ਖਰਚਾ ਦਿੱਲੀ ਕਮੇਟੀ ਕਰੇਗੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਚ, ਇਸ ਗੱਲ ਦਾ ਐਲਾਨ ਵੀ ਕੀਤਾ।

# 'ਆਪ' ਦੀ ਸਰਕਾਰ ਸੂਬੇ ਵਿੱਚ ਕਾਨੂੰਨ ਵਿਵਸਥਾ ਬਹਾਲ ਰੱਖਣ ਵਿੱਚ ਅਸਫ਼ਲ ਰਹੀ : ਪ੍ਰਤਾਪ ਬਾਜਵਾ



ਤਰਸਿੱਕਾ, 15 ਜੂਨ (ਦਵਿੰਦਰ ਸਿੰਘ ਤਰਸਿੱਕਾ): ਅੱਜ ਬਟਾਲਾ ਦੇ ਨਜ਼ਦੀਕੀ ਪਿੰਡ ਜੈਂਤੀਪੁਰ ਵਿੱਚ ਕਾਂਗਰਸ ਪਾਰਟੀ ਵੱਲੋਂ ਸੀਨੀਅਰ ਕਾਂਗਰਸੀ ਆਗੂ ਐਡਵੋਕੇਟ ਅਮਨਦੀਪ ਜੈਂਤੀਪੁਰ ਦੀ ਪ੍ਰਧਾਨਗੀ ਹੇਠ ਸੰਵਿਧਾਨ ਬਚਾਓ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਵਿਧਾਇਕ ਅਰੁਣਾ ਚੌਧਰੀ, ਅਸੋਕ ਚੌਧਰੀ, ਵਿਧਾਇਕ ਕੁਲਬੀਰ ਸਿੰਘ ਜੀਰਾ, ਪੰਜਾਬ ਜਨਰਲ ਸਕੱਤਰ ਸੰਦੀਪ ਸੰਧੂ, ਸੀਨੀਅਰ ਆਗੂ ਸੁਖਵਿੰਦਰ ਸਿੰਘ ਡੈਨੀ ਜੰਡਿਆਲਾ, ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਸਾਬਕਾ ਵਿਧਾਇਕ ਅਮਿਤ ਵਿਜ ਆਦਿ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪੂਰੀ ਤਰਾਂ ਅਸਫਲ ਰਹੀ ਹੈ। ਉਨਾਂ ਕਿਹਾ ਕਿ ਸੂਬੇ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਮੋਹ ਪੂਰੀ ਤਰਾਂ ਖਤਮ ਹੋ ਗਿਆ ਹੈ ਅਤੇ ਹੁਣ ਲੋਕ ਇਸ ਪਾਰਟੀ ਦੀਆਂ ਗੱਲਾਂ ਵਿੱਚ ਨਹੀਂ ਆਉਣਗੇ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਕਾਂਗਰਸੀ ਆਗੂ ਅਤੇ ਵਰਕਰ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ ਅਤੇ ਪਾਰਟੀ ਨੂੰ ਮਜਬੂਤ ਕਰਨ ਲਈ ਕੰਮ ਕਰਨ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਤਾਂ ਜੋ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਇਤਿਹਾਸਕ ਜਿੱਤ ਦਰਜ ਕਰ ਸਕੇ।

ਇਸ ਮੌਕੇ ਸੰਬੋਧਨ ਕਰਦਿਆਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ 'ਆਪ' ਸਰਕਾਰ ਆਪਣੇ ਹੱਕਾਂ ਲਈ ਆਵਾਜ ਬੁਲੰਦ ਕਰ ਰਹੇ ਕਿਸਾਨਾਂ, ਮੁਲਾਜਮਾਂ ਅਤੇ ਮਜਦੂਰਾਂ ਦੇ ਸੰਘਰਸ ਨੂੰ ਦਬਾਉਣ ਲਈ ਹੱਥਕੰਡੇ ਅਪਣਾ ਰਹੀ ਹੈ ਅਤੇ ਸਰੇਆਮ ਧੱਕੇਸ਼ਾਹੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਆਮ ਆਦਮੀ ਪਾਰਟੀ ਦੀ ਹਰ ਧੱਕੇਸ਼ਾਹੀ ਦਾ ਮੂੰਹ ਤੋੜ ਜਵਾਬ ਦੇਵੇਗੀ। ਇਸ ਮੌਕੇ ਸੰਬੋਧਨ ਕਰਦਿਆਂ ਐਡ. ਅਮਨਦੀਪ ਜੈਂਤੀਪੁਰ ਨੇ ਕਿਹਾ ਕਿ ਉਹ ਬਟਾਲਾ ਹਲਕੇ ਵਿੱਚ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਦਿਨ ਰਾਤ ਕੰਮ ਕਰਨਗੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਹੁਣ ਚੰਗੀ ਤਰਾਂ ਸਮਝ ਗਏ ਹਨ ਕਿ ਸੂਬੇ ਦਾ ਭਵਿੱਖ ਸਿਰਫ ਕਾਂਗਰਸ ਪਾਰਟੀ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹੈ ਅਤੇ ਉਹ ਹੁਣ ਵਿਰੋਧੀ ਪਾਰਟੀਆਂ ਦੀਆਂ ਗੱਲਾਂ 'ਚ ਨਹੀਂ ਆਉਣਗੇ। ਅੰਤ ਵਿੱਚ ਅਮਨਦੀਪ ਜੈਂਤੀਪੁਰ ਨੇ ਆਏ ਸਾਰੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਐਡ. ਅਮਨਦੀਪ ਜੈਂਤੀਪੁਰ ਨੇ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਮੇਅਰ ਚੰਦਰਕਾਂਤਾ, ਵਿਜੇ ਕੁਮਾਰ ਬਿੱਲੂ, ਸ੍ਰੀ ਹਰਿਗੋਬਿੰਦਪੁਰ ਸਾਹਿਬ ਹਲਕੇ ਦੇ ਇੰਚਾਰਜ ਮਨਦੀਪ ਸਿੰਘ ਰੰਗੜ ਨੰਗਲ, ਜਸਕਰਨ ਸਿੰਘ ਕਾਹਲੋਂ, ਕੌਂਸਲਰ ਹਰਿੰਦਰ ਸਿੰਘ, ਕੌਂਸਲਰ ਸੁੱਚਾ ਸਿੰਘ, ਕੌਂਸਲਰ ਬਾਵਾ ਸਿੰਘ, ਕੌਂਸਲਰ ਰਾਣੂ ਸੇਖੜੀ, ਕੌਂਸਲਰ ਅਨਿਲ ਕੁਮਾਰ ਸੇਖੜੀ, ਕੌਂਸਲਰ ਸੁਧੀਰ ਚੰਦਾ, ਕੌਂਸਲਰ ਸਰਦੂਲ ਸਿੰਘ, ਕੌਂਸਲਰ ਜਰਮਨਜੀਤ ਸਿੰਘ ਬਾਜਵਾ ਅਸੋਕ ਕੁਮਾਰ, ਅਜੈਪਾਲ ਸਿੰਘ, ਗੋਪਾਲ ਦਾਸ, ਬਲਵਿੰਦਰ ਸਿੰਘ, ਸਤਿੰਦਰ ਸਿੰਘ ਜਾਂਗਲਾ, ਓਮਕਾਰ ਸਿੰਘ, ਜਸਬੀਰ ਸਿੰਘ, ਸੁਰਿੰਦਰ ਸਿੰਘ, ਹਰਜੋਤ ਸਿੰਘ, ਸਰਬਜੀਤ ਸਿੰਘ, ਕਸਮੀਰ ਸਿੰਘ, ਹਰਜੀਤ ਸਿੰਘ, ਮਨਬੀਰ ਸਿੰਘ, ਸਿਕੰਦਰ ਸਿੰਘ, ਰਾਜੂ ਆੜ੍ਹਤੀ, ਨਿਸਾਨ ਸਿੰਘ, ਰਜਿੰਦਰ ਸਿੰਘ ਬੱਲਾ ਬਿਸਨੀਵਾਲ, ਕੁਲਦੀਪ ਸਿੰਘ ਕਾਹਲੋਂ ਰਣਬੀਰ ਸਿੰਘ, ਰਮੇਸ਼ ਚੋਪੜਾ, ਸਤਨਾਮ ਸਿੰਘ, ਸਵਾਮੀਪਾਲ ਖੋਸਲਾ ਸਾਬਕਾ ਚੇਅਰਮੈਨ, ਸੰਤੋਖ ਸਿੰਘ, ਸਰਦੂਲ ਸਿੰਘ, ਗੁਰਮੀਤ ਸਿੰਘ, ਸਤਨਾਮ ਸਿੰਘ, ਪ੍ਰਭਸ਼ਰਨ ਸਿੰਘ, ਗੁਰਨਾਮ ਸਿੰਘ, ਗੁਲਸ਼ਨ ਕੁਮਾਰ ਮਾਰਬਲ ਵਾਲੇ, ਸ਼ਿਵ ਸਾਨਨ, ਬੰਟੀ ਅਰੋੜਾ, ਅਮਨਪ੍ਰੀਤ ਸਿੰਘ, ਜਗਜੀਤ ਸਿੰਘ ਬੱਬਰ, ਸੰਨੀ ਬੱਬਰ, ਭੁਪਿੰਦਰ ਸਿੰਘ, ਕਾਂਗਰਸ ਸੇਵਾ ਦਲ ਦੇ ਜਿਲਾ ਪ੍ਰਧਾਨ ਰਮਨ ਨਈਅਰ, ਕਾਂਗਰਸ ਸੇਵਾ ਦਲ ਦੇ ਪੰਜਾਬ ਸਕੱਤਰ ਨਰੇਸ ਕਪੂਰ, ਸੰਜੀਵ ਖੋਸਲਾ, ਗੁਲਸਨ ਕੁਮਾਰ ਸਾਬਕਾ ਪ੍ਰਧਾਨ ਸਵਰਨ ਮੁੱਢ, ਰਮੇਸ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਅਤੇ ਲਾਲ ਭੱਲਾ, ਰਜਿੰਦਰ ਸਿੰਘ, ਸਤਨਾਮ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ : ਢੀਂਡਸਾ



ਚੰਡੀਗੜ੍ਹ, 15 ਜੂਨ, (ਹਰਦੀਪ ਕੌਰ): ਅੱਜ ਇੱਥੇ ਜਾਰੀ ਬਿਆਨ ਵਿੱਚ ਪਰਮਿੰਦਰ ਸਿੰਘ ਢੀਂਡਸਾ ਸਾਬਕਾ ਮੰਤਰੀ ਨੇ ਕਿਹਾ ਕਿ ਕਈ ਵੈਬ ਚੈਨਲ 'ਤੇ ਕਈ ਲੀਡਰਾਂ ਦੇ ਮੂੰਹੋਂ ਅਫਵਾਵਾਂ ਸੁਣੀਆਂ ਹਨ ਕਿ ਪਰਮਿੰਦਰ ਸਿੰਘ ਢੀਂਡਸਾ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਵਿੱਚ ਜਾ ਸਕਦੇ ਹਨ। ਮੈਂ ਸਪੱਸ਼ਟ ਕਰਦਾ ਹਾਂ ਕਿ ਇਹ ਖ਼ਬਰਾਂ ਬਿਲਕੁਲ ਨਿਰਾਧਾਰ ਤੇ ਨਿਰਮੂਲ ਤੇ ਝੂਠਾ ਬਦਨਾਮ ਕਰਨ ਵਾਲੀਆਂ ਹਨ। ਮੇਰੇ ਪਿਤਾ ਸਰਦਾਰ ਸੁਖਦੇਵ ਸਿੰਘ ਜੀ ਢੀਂਡਸਾ ਸਾਹਿਬ ਦਾ ਇੱਕੋ ਹੀ ਸੁਪਨਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਤਕੜਾ ਤੇ ਮਜ਼ਬੂਤ ਹੋਵੇ ਅਤੇ ਉਹਨਾਂ ਦਾ ਇਹ ਵੀ ਕਹਿਣਾ ਸੀ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਤਕੜਾ ਨਹੀਂ ਹੋ ਸਕਦਾ। ਸੋ ਮੈਂ ਆਪਣੇ ਪਿਤਾ ਦਾ ਸੁਪਨਾ ਪੂਰਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਕਰਨ ਲਈ ਜਿੰਦ ਜਾਨ ਲਾ ਦੇਵਾਂਗਾ, ਪਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਕਿਉਂਕਿ ਸੁਖਬੀਰ ਸਿੰਘ ਬਾਦਲ ਸ਼੍ਰੀ ਅਕਾਲ ਤਖਤ ਸਾਹਿਬ ਦੇ ਇੱਕ ਹੁਕਮਨਾਮੇ ਦੀ ਉਲੰਘਣਾ ਕਰਕੇ ਸ਼੍ਰੀ ਅਕਾਲ ਤਖਤ ਸਾਹਿਬ 'ਤੇ ਮੁਆਫ਼ੀ ਮੰਗਣ ਲਈ ਗਏ ਸਨ, ਪਰ ਆਪਣੇ ਉੱਪਰ ਹੀ ਹੋਏ ਹੁਕਮਨਾਮੇ ਦੀ ਉਲੰਘਣਾ ਕਰਕੇ ਜਿੱਥੇ ਗੁਰੂ ਸਾਹਿਬ ਤੋਂ ਬੇਮੁੱਖ ਹੋ ਗਏ। ਜਿਸ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੇ ਮਨਾਂ ਵਿੱਚ ਵੀ ਗਹਿਰਾ ਰੋਸ ਹੈ, ਕਿਉਂਕਿ ਕੋਈ ਸੱਚਾ ਸਿੱਖ ਹੁਕਮਨਾਮੇ ਦੀ ਉਲੰਘਣਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਹੈ।

ਸੋ ਪੰਜ ਮੈਂਬਰੀ ਭਰਤੀ ਕਮੇਟੀ ਵਾਹਿਗੁਰੂ ਦੀ ਮਿਹਰ ਸਦਕਾ ਬੜਾ ਜ਼ਬਰਦਸਤ ਤਰੀਕੇ ਨਾਲ ਕੰਮ ਕਰ ਰਹੀ ਹੈ ਅਤੇ ਇਸ ਨਵੀਂ ਭਰਤੀ ਰਾਹੀ ਸ਼੍ਰੋਮਣੀ ਅਕਾਲੀ ਦਲ ਬਹੁਤ ਤਕੜਾ ਹੋ ਕੇ ਨਿਕਲੇਗਾ। ਸੋ ਮੇਰਾ ਕਣ-ਕਣ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮੱਰਪਿੱਤ ਹੈ। ਸਾਡੇ ਪਰਿਵਾਰ ਤੇ ਔਖਾ ਸਮਾਂ ਆਉਣ ਦੇ ਬਾਵਜੂਦ ਮੈਂ ਤੇ ਢੀਡਸਾ ਸਾਹਿਬ ਦੇ ਸਾਰੇ ਸਾਥੀ ਪੰਜ ਮੈਂਬਰੀ ਭਰਤੀ ਕਮੇਟੀ ਦੀ ਭਰਤੀ ਦੇ ਸਹਿਯੋਗ ਲਈ ਦਿੱਨ ਰਾਤ ਲੱਗੇ ਹੋਏ ਹਾਂ ਅਤੇ ਭਰਤੀ ਕਮੇਟੀ ਦਾ ਸਾਥ ਦੇਣ ਦੇ ਵਿੱਚ ਕੋਈ ਕਸਰ ਨਹੀਂ ਛੱਡਾਂਗੇ। ਮੈ ਪੂਰੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਅਵੱਸ਼ ਸ਼੍ਰੋਮਣੀ ਅਕਾਲੀ ਦਲ ਤਕੜਾ ਹੋਵੇਗਾ।

# ਸੰਜੀਵ ਅਰੋੜਾ ਹਮੇਸ਼ਾ ਹੀ ਲੁਧਿਆਣਾ ਦੇ ਵਿਕਾਸ ਨੂੰ ਦਿੰਦੇ ਆਏ ਹਨ ਪਹਿਲ : ਹਰਚੰਦ ਸਿੰਘ ਬਰਸਟ



ਚੰਡੀਗੜ੍ਹ, 15 ਜੂਨ, (ਅੰਮ੍ਰਿਤਪਾਲ ਸਿੰਘ) : ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਲੋਕਾਂ ਦਾ ਭਰਪੂਰ ਪਿਆਰ ਅਤੇ ਸਾਥ ਮਿਲ ਰਿਹਾ ਹੈ ਅਤੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਸੰਜੀਵ ਅਰੋੜਾ ਵੱਡੇ ਅੰਤਰ ਨਾਲ ਜਿੱਤ ਪ੍ਰਾਪਤ ਕਰਨਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਤਹਿਤ ਪ੍ਰਚਾਰ ਦੌਰਾਨ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਸੰਜੀਵ ਅਰੋੜਾ ਬਤੌਰ ਰਾਜ ਸਭਾ ਮੈਂਬਰ ਰਹਿੰਦਿਆਂ ਹੋਇਆਂ ਲੁਧਿਆਣਾ ਵਾਸੀਆਂ ਦੇ ਹਿੱਤਾਂ ਨੂੰ ਤਵੱਜੋਂ ਦਿੰਦੇ ਆਏ ਹਨ ਅਤੇ ਲੁਧਿਆਣਾ ਦੇ ਵਿਕਾਸ ਨੂੰ ਹਮੇਸ਼ਾ ਪਹਿਲ ਦਿੰਦੇ ਆ ਰਹੇ ਹਨ। ਜੋ ਕੰਮ ਪਿਛਲੇ 35 ਸਾਲਾਂ ਵਿੱਚ ਨਹੀਂ ਹੋਏ, ਉਹ ਸੰਜੀਵ ਅਰੋੜਾ ਨੇ 3 ਸਾਲਾਂ ਵਿੱਚ ਕਰਕੇ ਦਿਖਾਏ ਹਨ। ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਉੱਨਤ ਤਕਨਾਲੋਜੀ ਅਤੇ ਬਿਹਤਰ ਉਪਕਰਣਾਂ ਨਾਲ ਸਿਵਲ ਹਸਪਤਾਲ ਦਾ ਨਵੀਨੀਕਰਨ ਕਰਵਾਇਆ ਗਿਆ। ਇਸਦੇ ਨਾਲ ਹੀ ਈਐਸਆਈ ਹਸਪਤਾਲ ਨੂੰ ਅਪਗ੍ਰੇਡ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ 30 ਸਾਲਾਂ ਤੋਂ ਲਟਕਦੀਆਂ ਹੋਈਆਂ ਲੁਧਿਆਣਾ ਦੀਆਂ 5 ਵੱਡੀਆਂ ਰਿਹਾਸ਼ੀ ਯੋਜਨਾਵਾਂ ਨੂੰ ਇੰਪਰੂਵਮੈਂਟ ਟਰੱਸਟ ਤੋਂ ਨਗਰ ਨਿਗਮ ਨੂੰ ਟਰਾਂਸਫਰ ਕਰਵਾਇਆ ਗਿਆ।

ਸ. ਬਰਸਟ ਨੇ ਦੱਸਿਆ ਕਿ ਬਿਜਲੀ ਦੀ ਸਮੱਸਿਆ ਦੂਰ ਕਰਨ ਦੇ ਉਦੇਸ਼ ਨਾਲ ਸ਼ਹਿਰ ਵਿੱਚ 237 ਨਵੇਂ ਬਿਜਲੀ ਟ੍ਰਾਂਸਫਾਰਮਰ ਲਗਵਾਏ ਗਏ ਹਨ। ਇਸਦੇ ਨਾਲ ਹੀ ਹਲਵਾਰਾ ਹਵਾਈ ਅੱਡੇ ਦੇ ਪ੍ਰੋਜੈਕਟ ਨੂੰ ਪੂਰਾ ਕਰਨ ਨੂੰ ਯਕੀਨੀ ਬਣਾਇਆ, ਫੋਕਲ ਪੁਆਇੰਟ ਦੀ ਸੜਕਾ ਦਾ ਪੁਨਰ ਨਿਰਮਾਣ ਕੀਤਾ, ਵਨ ਟਾਈਮ ਸੈਟਲਮੈਂਟ ਸਕੀਮ ਨੂੰ ਲਾਗੂ ਕੀਤਾ। ਇਸ ਤੋਂ ਇਲਾਵਾ ਲਾਡੋਵਾਲ ਬਾਈਪਾਸ ਤੇ 23 ਕਿਲੋਮੀਟਰ ਦਾ ਲੰਬਾ ਸਾਈਕਲ ਟ੍ਰੈਕ ਅਤੇ ਸਿਧਵਾਂ ਕਨਾਲ ਤੇ ਚਾਰ ਪੁਲ ਪਾਸ ਕਰਵਾਉਣ ਸਮੇਤ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ, ਜਿਸ ਤੋਂ ਲੋਕ ਬਹੁਤ ਖੁਸ਼ ਹਨ। ਉਨ੍ਹਾਂ ਕਿਹਾ ਕਿ ਸੰਜੀਵ ਅਰੋੜਾ ਸਮਾਜ ਦੇ ਹਰ ਵਰਗ ਨਾਲ ਜੁੜੇ ਹੋਏ ਹਨ ਅਤੇ ਲੋਕ ਭਲਾਈ ਤੇ ਸਮਾਜ ਸੇਵਾ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਸੰਜੀਵ ਅਰੋੜਾ ਪ੍ਰਤੀ ਲੋਕਾਂ ਦੇ ਪਿਆਰ ਅਤੇ ਵਿਸ਼ਵਾਸ ਨੂੰ ਦੇਖਦਿਆਂ ਇਹ ਯਕੀਨ ਹੋ ਗਿਆ ਹੈ ਕਿ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਵੱਡੇ ਅੰਤਰ ਨਾਲ ਜਿੱਤ ਹਾਸਲ ਕਰੇਗੀ।

ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਮਿਸਾਲੀ ਕਾਰਜ ਕੀਤੇ ਗਏ ਹਨ ਅਤੇ ਹਰ ਖੇਤਰ ਵਿੱਚ ਬਹੁਤ ਸੁਧਾਰ ਕੀਤੇ ਗਏ ਹਨ। ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਖੇਤਾਂ ਨੂੰ ਨਹਿਰਾਂ ਦਾ ਪਾਣੀ ਮਿਲ ਰਿਹਾ ਹੈ। ਸਰਕਾਰ ਵੱਲੋਂ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਸੜਕ ਸੁਰੱਖਿਆ ਫੋਰਸ, ਸਕੂਲ ਆਫ ਐਮੀਨੈਂਸ, ਸਿਹਤ, ਪ੍ਰਸ਼ਾਸਨਿਕ ਸੁਧਾਰ ਸਮੇਤ ਹਰ ਖੇਤਰ ਵਿੱਚ ਕਾਰਜ ਕੀਤੇ ਗਏ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿਸ਼ੇਸ਼ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਹੀ ਵਿਕਾਸ ਦੀ ਗੱਲ ਕਰਦੀ ਹੈ ਅਤੇ ਸੂਬੇ ਨੂੰ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਣਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਵੱਡੇ ਅੰਤਰ ਨਾਲ ਜਿਤਾਉਣ ਦੀ ਅਪੀਲ ਕੀਤੀ।

# ਜਤਿੰਦਰ ਪਾਲ ਮਲਹੋਤਰਾ ਨੇ ਮਲੋਇਆ ਕਲੋਨੀ ਦੀ ਮਾਰਕੀਟ ਦਾ ਦੌਰਾ ਕਰ ਲੋਕਾਂ ਅਤੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਸੁਣੀਆਂ



ਚੰਡੀਗੜ੍ਹ, 15 ਜੂਨ, (ਹਰਦੀਪ ਕੌਰ) : ਭਾਜਪਾ ਚੰਡੀਗੜ੍ਹ ਦੇ ਪ੍ਰਦੇਸ਼ ਅਧਿਆਕਸ਼ ਜਿਤਿੰਦਰ ਪਾਲ ਮਲਹੋਤਰਾ ਨੇ ਅੱਜ ਮਲੋਇਆ ਕਾਲੋਨੀ ਦੀ ਮਾਰਕੀਟ ਵਿਖੇ ਦੌਰਾ ਕਰਕੇ ਸਥਾਨਕ ਦੁਕਾਨਦਾਰਾਂ ਅਤੇ ਨਿਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਦੀਆਂ ਮੁੱਖ ਸਮੱਸਿਆਵਾਂ ਬਾਰੇ ਜਾਣਕਾਰੀ ਲਈ।

ਨਿਵਾਸੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਇਲਾਕੇ ਵਿੱਚ ਵਰਖਾ ਦੌਰਾਨ ਪਾਣੀ ਭਰਨ ਦੀ ਸਮੱਸਿਆ, ਨਿਕਾਸੀ ਪ੍ਰਣਾਲੀ ਦੀ ਘਾਟ, ਅਤੇ ਦੁਕਾਨਦਾਰਾਂ ਨੂੰ ਮਿਲ ਰਹੇ ਪ੍ਰਸ਼ਾਸਨਿਕ ਨੋਟਿਸਾਂ ਕਾਰਨ ਉਹ ਬਹੁਤ ਪਰੇਸ਼ਾਨ ਹਨ।

ਮਲਹੋਤਰਾ ਨੇ ਮੌਕੇ 'ਤੇ ਹੀ ਸੰਬੰਧਤ ਅਧਿਕਾਰੀਆਂ ਨਾਲ ਫੋਨ 'ਤੇ ਗੱਲ ਕਰਕੇ ਤੁਰੰਤ ਕਾਰਵਾਈ ਕਰਨ ਨੂੰ ਕਿਹਾ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਨਿਕਾਸੀ ਪ੍ਰਣਾਲੀ ਨੂੰ ਜਲਦ ਠੀਕ ਕੀਤਾ ਜਾਵੇਗਾ ਅਤੇ ਦੁਕਾਨਦਾਰਾਂ ਨੂੰ ਦਿੱਤੇ ਜਾ ਰਹੇ ਨੋਟਿਸਾਂ ਦੇ ਮਸਲੇ 'ਤੇ ਪ੍ਰਸ਼ਾਸਨ ਨਾਲ ਗੰਭੀਰ ਗੱਲਬਾਤ ਕੀਤੀ ਜਾਵੇਗੀ, ਤਾਂ ਜੋ ਛੋਟੇ ਵਪਾਰੀ ਪਰੇਸ਼ਾਨ ਨਾ ਹੋਣ।

ਭਾਜਪਾ ਹਮੇਸ਼ਾਂ ਜਨਤਾ ਦੇ ਨਾਲ ਖੜ੍ਹੀ ਰਹੀ ਹੈ। ਅਸੀਂ ਜ਼ਮੀਨੀ ਪੱਧਰ 'ਤੇ ਜਾ ਕੇ ਲੋਕਾਂ ਦੀਆਂ ਅਸਲ ਸਮੱਸਿਆਵਾਂ ਨੂੰ ਸੁਣ ਕੇ ਉਨ੍ਹਾਂ ਦਾ ਹੱਲ ਲੱਭਣ ਵਿੱਚ ਵਿਸ਼ਵਾਸ ਰੱਖਦੇ ਹਾਂ, ਮਲਹੋਤਰਾ ਨੇ ਕਿਹਾ।

ਇਸ ਮੌਕੇ ਉਨ੍ਹਾਂ ਦੇ ਨਾਲ ਭਾਜਪਾ ਦੇ ਨੇਤਾ ਸੰਜੀਵ ਰਾਣਾ, ਸੱਨੀ ਪੂਰੀ, ਜ਼ਿਲ੍ਹਾ ਉਪਅਧਿਕਸ਼ ਸੰਜੇ ਟਾਂਕ, ਜ਼ਿਲ੍ਹਾ ਮਹਾਮੰਤਰੀ ਰਾਜਕੁਮਾਰ ਰਾਣਾ, ਮੰਡਲ ਅਧਿਆਕਸ਼ ਅਮਿਤ ਮਿਸ਼ਰਾ, ਉਦਿਰਾਜ ਯਾਦਵ, ਭੋਲਾ ਸਿੰਘ, ਅਤੇ ਸਾਬਕਾ ਜ਼ਿਲ੍ਹਾ ਅਧਿਆਕਸ਼ ਰਵਿ ਰਾਵਤ ਸਮੇਤ ਕਈ ਹੋਰ ਵਰਕਰ ਵੀ ਮੌਜੂਦ ਸਨ।

ਸਥਾਨਕ ਲੋਕਾਂ ਅਤੇ ਦੁਕਾਨਦਾਰਾਂ ਨੇ ਭਾਜਪਾ ਟੀਮ ਦਾ ਧੰਨਵਾਦ ਕੀਤਾ ਅਤੇ ਉਮੀਦ ਜਤਾਈ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਜਲਦੀ ਹੱਲ ਕੱਢਿਆ ਜਾਵੇਗਾ।

# ਇੰਟਰਨੈਸ਼ਨਲ ਤੇ ਲਾਇਨ ਕਲੱਬ ਐਕਟਿਵ ਨੇ ਮੁਫ਼ਤ ਡਾਕਟਰੀ ਜਾਂਚ ਕੈਂਪ ਲਗਾਇਆ



ਨਵਾਂਸ਼ਹਿਰ, 15 ਜੂਨ, (ਸੁਖਦੇਵ ਸਿੰਘ ਉੜਾਪੜ) : ਇਲਾਕੇ ਦੇ ਪ੍ਰਸਿੱਧ ਗੁਰਦੁਆਰਾ ਟਾਹਲੀ ਸਾਹਿਬ ਰਿਧੀਆ ਸਿੱਧੀਆਂ ਦੇ ਮਾਲਕ ਬਾਬਾ ਸ਼੍ਰੀ ਚੰਦ ਜੀ ਦੇ ਤਪ ਅਸਥਾਨ ਗੁਰਦੁਆਰਾ ਨਵਾਂਸ਼ਹਿਰ ਵਿਖੇ ਹਰ ਸੰਗਰਾਂਦ ਦਿਹਾੜੇ 'ਤੇ ਲਾਇਨ ਕਲੱਬ ਐਕਟਿਵ 321-ਡੀ ਨਵਾਂਸ਼ਹਿਰ ਵੱਲੋਂ ਗੁਰਦੀਪ ਸਿੰਘ ਸੂਚ ਪ੍ਰਧਾਨ ਅਤੇ ਕੁਲਦੀਪ ਭੁਸਨ ਖੰਨਾ ਜ਼ੋਨ ਚੇਅਰਮੈਨ ਦੀ ਦੇਖ ਰੇਖਾ ਹੇਠ ਅਤੇ ਤਰਲੋਚਨ ਸਿੰਘ ਵਿਰਦੀ ਡਿਪਟੀ ਗਵਰਨਰ ਦੀ ਅਗਵਾਈ ਹੇਠ 77ਵਾਂ ਮੁਫ਼ਤ ਮੈਡੀਕਲ ਤੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਲਾਈਨ ਕਲੱਬ ਐਕਟਿਵ ਵੱਲੋਂ ਮਨੁੱਖਤਾ ਦੇ ਭਲੇ ਲਈ ਮੈਡੀਕਲ, ਅੱਖਾਂ, ਖ਼ੂਨਦਾਨ ਕੈਂਪ, ਵਾਤਾਵਰਨ ਸ਼ੁੱਧ ਰੱਖਣ ਬੂਟੇ ਲਾਉਣ ਅਤੇ ਵੰਡਣ, ਸਿਲਾਈ ਮਸ਼ੀਨ, ਟਰਾਈ ਸਾਈਕਲ ਵੰਡਣ, ਆਦਿ ਕੰਮਾ ਤੋਂ ਇਲਾਵਾ ਐਮਜੀਐਫ ਮੈਂਬਰਸ਼ਿਪ ਲੈਣ ਕਰਕੇ ਲਾਇਨ ਕਲੱਬ ਅਐਕਟਿਵ ਦਾ ਨਾਮ ਇੰਟਰਨੈਸ਼ਨਲ ਵਿੱਚ ਚਮਕਿਆ।

ਇਸ ਮੌਕੇ ਅੱਖਾਂ ਦੇ ਮਾਹਿਰ ਡਾ. ਦੀਪਕ ਪਾਂਡੇ ਨੇ ਕਿਹਾ ਕਿ ਲੋੜਵੰਦ ਗਰੀਬ ਲੋਕਾਂ ਦੇ ਚਿੱਟੇ ਮੋਤੀਆਂ ਦੇ ਅਪਰੇਸ਼ਨ ਨਵਦੀਪਕ ਆਈ ਕੇਅਰ ਹਸਪਤਾਲ ਗੜ੍ਹਸ਼ੰਕਰ ਵੱਲੋਂ ਮੁਫ਼ਤ ਅਤੇ ਸਸਤੀਆਂ ਅਨੇਕਾਂ ਦਿੱਤੀਆਂ ਜਾ ਰਹੀਆ ਹਨ। ਡਾ. ਨਮਨ ਵੱਲੋਂ 163 ਲੋਕਾਂ ਨੇ ਵੱਖ-ਵੱਖ ਬਿਮਾਰੀਆਂ ਅਤੇ ਅੱਖਾਂ ਦਾ ਚੈੱਕ ਅੱਪ ਕਰਕੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਸੰਜੀਵ ਕੁਮਾਰ ਕੈਂਥ ਵਾਈਸ ਪ੍ਰਧਾਨ, ਅਵਤਾਰ ਸਿੰਘ ਸੇਠੀ, ਸੰਜੀਵ ਕੁਮਾਰ ਸੈਕਟਰੀ, ਕੁਲਵੀਰ ਸਿੰਘ ਹੀਰ, ਚੇਤ ਰਾਮ ਰਤਨ ਸੀਨੀਅਰ ਕੌਂਸਲਰ, ਸਰਵਜੀਤ ਸਿੰਘ, ਬਿੱਕਰ ਸਿੰਘ ਸੈਣੀ, ਗੁਰ ਇਕਬਾਲ ਸਿੰਘ,ਪਰਮਿੰਦਰ ਲਾਲ, ਜੋਤੀ ਅਤੇ ਵਨੀਤਾ ਰਾਣੀ ਆਦਿ ਹਾਜ਼ਰ ਸਨ।

# ਵਿਰੋਧੀ ਧਿਰ ਦਾ ਕੰਮ ਸਿਰ.ਫ ਸਰਕਾਰ ਦੀ ਬੁਰਾਈ ਕਰਨਾ ਨਹੀਂ ਹੈ, ਚੰਗੇ ਕੰਮ ਦੀ ਪ੍ਰਸ਼ੰਸਾ ਵੀ ਕਰਨੀ ਚਾਹੀਦੀ ਹੈ : ਸੋਨੀਆ ਮਾਨ



ਚੰਡੀਗੜ੍ਹ, 15 ਜੂਨ, (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ ਦੀ ਨੇਤਾ ਸੋਨੀਆ ਮਾਨ ਨੇ ਕਾਂਗਰਸੀ ਨੇਤਾ ਅਲਕਾ ਲਾਂਬਾ ਦੇ ਨਸ਼ਿਆਂ ਨੂੰ ਲੈ ਕੇ ਦਿੱਤੇ ਬਿਆਨ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਵਿਰੋਧੀ ਧਿਰ ਦਾ ਕੰਮ ਸਿਰਫ਼ ਸਰਕਾਰ ਦੀ ਆਲੋਚਨਾ ਕਰਨਾ ਨਹੀਂ ਹੈ, ਸਗੋਂ ਉਨ੍ਹਾਂ ਨੂੰ ਉਸ ਦੇ ਚੰਗੇ ਕੰਮ ਦੀ ਪ੍ਰਸ਼ੰਸਾ ਵੀ ਕਰਨੀ ਚਾਹੀਦੀ ਹੈ।

ਸੋਨੀਆ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਕੋਈ ਸਰਕਾਰ ਨਸ਼ਾ ਤਸਕਰਾਂ ਵਿਰੁੱਧ ਇੰਨੀ ਵੱਡੀ ਕਾਰਵਾਈ ਕਰ ਰਹੀ ਹੈ। ਹਰ ਪਿੰਡ ਵਿੱਚ ਨਸ਼ਾ ਮੁਕਤੀ ਕਮੇਟੀ ਬਣਾਈ ਗਈ ਹੈ ਅਤੇ ਜਾਗਰੂਕਤਾ ਮੁਹਿੰਮਾਂ ਵੱਡੇ ਪੱਧਰ 'ਤੇ ਚਲਾਈਆਂ ਜਾ ਰਹੀਆਂ ਹਨ। ਇਸ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ ਪਰ ਇਹ ਮੰਦਭਾਗੀ ਗੱਲ ਹੈ ਕਿ ਵਿਰੋਧੀ ਆਗੂ ਨਸ਼ਿਆਂ ਦੇ ਮੁੱਦੇ 'ਤੇ ਵੀ ਘਟੀਆ ਰਾਜਨੀਤੀ ਖਰ ਰਹੇ ਹਨ। ਇਹ ਬਿਲਕੁਲ ਜ਼ਰੂਰ ਗ਼ਲਤ ਹੈ।

ਸੋਨੀਆ ਮਾਨ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਕਈ ਮੰਤਰੀਆਂ ਅਤੇ ਵਿਧਾਇਕਾਂ 'ਤੇ ਖ਼ੁਦ ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ। ਅਲਕਾ ਲਾਂਬਾ ਨੂੰ ਵੀ ਇਸ ਦਾ ਜਵਾਬ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਤੋਂ ਵੀ ਸਵਾਲ ਕਰਨਾ ਚਾਹੀਦਾ ਹੈ ਕਿ ਉਹ ਨਸ਼ੇ ਨੂੰ ਉਤਸ਼ਾਹਿਤ ਕਰਨ ਲਈ ਅਫ਼ੀਮ ਦੀਆਂ ਦੁਕਾਨਾਂ ਖੋਲ੍ਹਣ ਦੀ ਗੱਲ ਕਿਉਂ ਕਰ ਰਹੇ ਹਨ?

ਉਨ੍ਹਾਂ ਕਿਹਾ ਕਿ ਕਾਂਗਰਸ-ਅਕਾਲੀ ਸਰਕਾਰ ਨੇ ਪੰਜਾਬ ਵਿੱਚ ਨਸ਼ਿਆਂ ਨੂੰ ਉਤਸ਼ਾਹਿਤ ਕੀਤਾ ਅਤੇ ਤਸਕਰਾਂ ਨੂੰ ਰਾਜਨੀਤਿਕ ਸੁਰੱਖਿਆ ਦਿੱਤੀ। ਜਿਸ ਕਾਰਨ ਹਜ਼ਾਰਾਂ ਘਰ ਤਬਾਹ ਹੋ ਗਏ। ਹਜ਼ਾਰਾਂ ਮਾਪਿਆਂ ਨੇ ਆਪਣੇ ਬੱਚੇ ਗੁਆ ਦਿੱਤੇ ਅਤੇ ਹਜ਼ਾਰਾਂ ਬੱਚੇ ਅਨਾਥ ਹੋ ਗਏ। ਜਦੋਂ ਕਿ 'ਆਪ' ਸਰਕਾਰ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ ਹੈ। ਉਹ ਉਨ੍ਹਾਂ ਨੂੰ ਜੇਲ੍ਹ ਭੇਜ ਰਹੇ ਹਨ ਅਤੇ ਉਨ੍ਹਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਰਹੇ ਹਨ, ਜਿਸ ਕਾਰਨ ਨਸ਼ਾ ਤਸਕਰਾਂ ਦੇ ਮਨਾਂ ਵਿੱਚ ਡਰ ਪੈਦਾ ਹੋ ਗਿਆ ਹੈ। ਕਾਂਗਰਸੀ ਆਗੂਆਂ ਨੂੰ ਵੀ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ ਤਾਂ ਜੋ ਪੰਜਾਬ ਨੂੰ ਜਲਦੀ ਤੋਂ ਜਲਦੀ ਨਸ਼ੇ ਤੋਂ ਮੁਕਤੀ ਮਿਲ ਸਕੇ।



'ਫਦਰ ਡੇ' ਮੌਕੇ 'ਤੇ ਰਮਨਪ੍ਰੀਤ ਕੌਰ ਤੇ ਅੰਮ੍ਰਿਤਪਾਲ ਸਿੰਘ ਆਪਣੇ ਪਾਪਾ ਦਾ ਕੇਕ ਕੱਟ ਕੇ ਮੂੰਹ ਮਿੱਠਾ ਕਰਵਾਉਂਦੇ ਹੋਏ। (ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ. ਲੁਧਿਆਣਾ)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਤਾਬਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹ.ਫਤਾਵਾਰੀ ਕੀਰਤਨ ਸਮਾਗਮ ਕਰਵਾਏ



ਪਟਿਆਲਾ, 15 ਜੂਨ (ਚ.ਨ.ਸ.) : ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਤਾਬਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ 15 ਜੂਨ ਦਿਨ ਐਤਵਾਰ ਸ਼ਾਮ 7 ਤੋਂ 9 ਵਜੇ ਤੱਕ ਇੰਦਰਪਾਲ ਸਿੰਘ, ਸੋਨੀਆ ਦੇ ਗ੍ਰਹਿ ਵਿਖੇ ਗਲੀ ਨੰ. 5 ਨਿਊ ਫਰੈਂਡਜ਼ ਇਨਕਲੇਵ ਪਟਿਆਲਾ ਵਿਖੇ ਕਰਵਾਏ ਗਏ। ਜਿਸ ਵਿੱਚ ਸੰਗਤਾਂ ਨੇ ਹਾਜ਼ਰੀ ਲਗਵਾਈ। ਇਸ ਮੌਕੇ ਆਈਆਂ ਸੰਗਤਾਂ ਨੂੰ ਭਾਈ ਹਰਜਿੰਦਰ ਸਿੰਘ ਜੀ ਪਟਿਆਲਾ ਵਾਲਿਆਂ ਨੇ ਇਲਾਹੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਗਤਾਂ ਨੇ ਵੀ ਗੁਰਬਾਣੀ ਕੀਰਤਨ ਦਾ ਅਨੰਦ ਮਾਣਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ। ਇਹੋ ਜਿਹੇ ਸਮਾਗਮ ਹੀ ਸਾਡੇ ਬੱਚਿਆਂ ਨੂੰ ਸਿੱਖੀ ਨਾਲ ਜੋੜਦੇ ਹਨ। ਪਰਿਵਾਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਖੁਖਰੈਣ ਵੈਲ.ਫੇਅਰ ਸੁਸਾਇਟੀ ਰਜਿਸਟਰਡ ਦੀ ਮੀਟਿੰਗ ਪਟਿਆਲਾ ਵਿਖੇ ਹੋਈ

## ਸੁਸਾਇਟੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ : ਕੋਹਲੀ




ਪਟਿਆਲਾ, 15 ਜੂਨ, (ਮਨਪ੍ਰੀਤ ਸਿੰਘ ਬੋਹਰਾ) : ਅੱਜ ਖੁਖਰੈਣ ਵੈਲਫੇਅਰ ਸੁਸਾਇਟੀ ਰਜਿਸਟਰ ਦੀ ਐਨੂਅਲ ਜਰਨਲ ਮੀਟਿੰਗ ਪਟਿਆਲਾ ਦੇ 14 ਨਿਹਾਲ ਬਾਗ ਵਿਖੇ ਖੁਖਰੈਣ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਗੁਰਜੀਤ ਸਿੰਘ ਕੋਹਲੀ ਦੀ ਅਗਵਾਈ ਹੇਠ ਉਹਨਾਂ ਦੇ ਦਫਤਰ ਵਿਖੇ ਹੋਈ। ਜਿਸ ਵਿੱਚ ਖੁਖਰੈਣ ਵੈਲਫੇਅਰ ਸੋਸਾਇਟੀ ਦੇ ਸਾਰੇ ਮੈਂਬਰ ਹਾਜ਼ਰ ਹੋਏ, ਜਿਸ ਵਿੱਚ ਪਿਛਲੇ ਸਾਲ ਦੌਰਾਨ ਕੁਖਰੈਣ ਸਮਾਜ ਦੀਆਂ ਉਪਲੱਬਧੀਆਂ ਅਤੇ ਕੀਤੀਆਂ ਗਈਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਨਵੇਂ ਜੁੜੇ ਮੈਂਬਰਾਂ ਦਾ ਸਵਾਗਤ ਕੀਤਾ ਗਿਆ ਅਤੇ ਆਉਣ ਵਾਲੇ ਸਾਲ ਦੌਰਾਨ ਨਵੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਫਾਦਰਸ ਡੇਅ ਨੂੰ ਮੁੱਖ ਰੱਖਦੇ ਹੋਏ ਮਰਹੂਮ ਸਰਦਾਰ ਸੁਰਜੀਤ ਸਿੰਘ ਕੋਹਲੀ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸਦੇ ਨਾਲ ਹੀ ਸਾਬਕਾ ਐਮਸੀ ਸਰਦਾਰ ਨਰਿੰਦਰ ਸਿੰਘ ਝੰਡੋਕ ਅਤੇ ਇੰਦਰਜੀਤ ਸਿੰਘ ਕੋਹਲੀ ਜੋ ਕਿ ਕੁਝ ਮਹੀਨੇ ਪਹਿਲੇ ਅਕਾਲ ਚਲਾਣਾ ਕਰ ਗਏ ਸੀ, ਉਹਨਾਂ ਨੂੰ ਵੀ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

## ਸਿੱਖ ਵਿਅਕਤੀ 'ਤੇ 'ਚੱਪਲ ਸੁੱਟਣ' ਦੇ ਦੋਸ਼ 'ਚ ਕੇਂਦਰੀ ਮੰਤਰੀ ਵਿਰੁੱਧ ਕੇਸ ਦਰਜ

ਕੋਲਕਾਤਾ, 15 ਜੂਨ (ਚੜ੍ਹਦੀਕਲਾ ਬਿਊਰੋ): ਕੇਂਦਰੀ ਮੰਤਰੀ ਸੁਕਾਂਤਾ ਮਜੂਮਦਾਰ ਵਿਰੁਧ ਕੋਲਕਾਤਾ ਦੇ ਇਕ ਥਾਣੇ 'ਚ ਇਕ ਸਿੱਖ ਵਿਅਕਤੀ 'ਤੇ ਕਥਿਤ ਚੱਪਲ ਸੁੱਟਣ ਦੇ ਦੋਸ਼ 'ਚ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਕਿ ਇਹ ਚੱਲ ਸਿੱਖ ਦੀ ਪੱਗ 'ਚ ਜਾ ਕੇ ਵੱਜੀ ਸੀ। ਹਾਲਾਂਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੋਸ਼ਾਂ ਨੂੰ ਖਾਰਜ ਕਰ ਦਿਤਾ ਅਤੇ ਕਿਹਾ ਕਿ ਇਹ ਸਿਰਫ ਇਕ ਕਾਗਜ਼ ਸੀ ਜੋ ਵਿਰੋਧ ਪ੍ਰਦਰਸ਼ਨ 'ਚ ਵਰਤਿਆ ਗਿਆ ਸੀ। ਦਖਣੀ ਕੋਲਕਾਤਾ ਦੇ ਕਾਲੀਘਾਟ ਥਾਣੇ 'ਚ 13 ਜੂਨ ਨੂੰ ਦਰਜ ਐਫ.ਆਈ.ਆਰ. 'ਚ ਦਾਅਵਾ ਕੀਤਾ ਗਿਆ ਹੈ ਕਿ 12 ਜੂਨ ਨੂੰ ਮਜੂਮਦਾਰ, ਜੋ ਪ੍ਰਦੇਸ਼ ਭਾਜਪਾ ਪ੍ਰਧਾਨ ਵੀ ਹਨ, ਨੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਰਿਹਾਇਸ਼ ਦੇ ਨੇੜੇ ਹਾਜਰਾ ਰੋਡ ਅਤੇ ਹਰੀਸ਼ ਚੈਟਰਜੀ ਸਟ੍ਰੀਟ ਦੇ ਕਰਾਸਿੰਗ 'ਤੇ ਇਕ ਜਨਤਕ ਸਥਾਨ 'ਤੇ ਚੱਪਲ ਵਗਾਹ ਕੇ ਮਾਰੀ ਸੀ। ਐਫ.ਆਈ.ਆਰ., ਜਿਸ ਦੀ ਇਕ



(ਬਾਕੀ ਸਫ਼ਾ 11 'ਤੇ)

# ਪੰਜਾਬ ਭਿਆਨਕ ਗਰਮੀ ਦੀ ਲਪੇਟ 'ਚ!
## ਲੂ ਨਾਲ ਅੰਮ੍ਰਿਤਸਰ ਤੇ ਖਰੜ 'ਚ 2 ਦੀ ਮੌਤ

ਚੰਡੀਗੜ੍ਹ, 15 ਜੂਨ (ਚੜ੍ਹਦੀਕਲਾ ਬਿਊਰੋ): ਗੁਆਂਢੀ ਸੂਬਿਆਂ ਸਮੇਤ ਪੰਜਾਬ ਭਿਆਨਕ ਗਰਮੀ ਦੀ ਲਪੇਟ 'ਚ ਆ ਚੁੱਕਾ ਹੈ ਅਤੇ ਲੂ ਦੇ ਕਹਿਰ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਾ ਹੈ। ਇਸੇ ਕ੍ਰਮ ਵਿਚ ਬੀਤੇ ਦਿਨ 2 ਵੱਖ-ਵੱਖ ਸ਼ਹਿਰਾਂ 'ਚ ਗਰਮੀ ਨਾਲ 2 ਲੋਕਾਂ ਦੀ ਮੌਤ ਹੋ ਗਈ। ਮੌਸਮ ਵਿਭਾਗ ਦੀ ਜਾਣਕਾਰੀ ਮੁਤਾਬਕ ਪਿਛਲੇ 24 ਘੰਟਿਆਂ ਦੌਰਾਨ ਸਭ ਤੋਂ ਵੱਧ ਤਾਪਮਾਨ ਬਠਿੰਡਾ 'ਚ 43.8 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਲੂ ਦੀ ਸਥਿਤੀ ਦਰਮਿਆਨ ਲੁਧਿਆਣਾ 'ਚ 43 ਡਿਗਰੀ ਵੱਧ ਤੋਂ ਵੱਧ ਤਾਪਮਾਨ ਰਿਕਾਰਡ ਕੀਤਾ ਗਿਆ ਜਦਕਿ ਬਠਿੰਡਾ 'ਚ 41.4, ਫਰੀਦਕੋਟ 'ਚ 42, ਗੁਰਦਾਸਪੁਰ 'ਚ 40 ਜਦਕਿ ਬੁੱਲੋਵਾਲ 'ਚ 39.2 ਡਿਗਰੀ ਵੱਧ ਤੋਂ ਵੱਧ ਤਾਪਮਾਨ ਰਿਹਾ। ਇਸ ਦੇ ਨਾਲ ਹੀ ਖਰੜ ਦੇ ਬੱਸ ਸਟੈਂਡ ਨੇੜੇ ਇਕ ਵਿਅਕਤੀ ਬੇਹੋਸ਼ ਪਾਇਆ ਗਿਆ ਅਤੇ ਹਸਪਤਾਲ ਲਿਜਾਣ 'ਤੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਕੰਪਨੀ ਬਾਗ ਨੇੜੇ ਇਕ ਲਾਸ਼ ਮਿਲੀ। ਸ਼ੁਰੂਆਤੀ ਜਾਂਚ ਵਿਚ ਮੌਤਾਂ ਗਰਮੀ ਅਤੇ ਲੂ ਕਾਰਨ ਹੋਈਆਂ ਦੱਸੀਆਂ ਜਾ ਰਹੀਆਂ ਹਨ। ਦੂਜੇ ਪਾਸੇ

(ਬਾਕੀ ਸਫ਼ਾ 11 'ਤੇ)

## ਅਗਲੇ 5 ਦਿਨ ਪਵੇਗਾ ਭਾਰੀ ਮੀਂਹ! ਤੇਜ਼ ਹਨ੍ਹੇਰੀ ਨਾਲ ਬਿਜਲੀ ਡਿੱਗਣ ਦੀ ਚੇਤਾਵਨੀ ਜਾਰੀ

ਚੰਡੀਗੜ੍ਹ, 15 ਜੂਨ (ਚੜ੍ਹਦੀਕਲਾ ਬਿਊਰੋ): ਦੇਸ਼ ਭਰ ਵਿੱਚ ਪਿਛਲੇ ਕੁਝ ਹਫ਼ਤਿਆਂ ਤੋਂ ਭਿਆਨਕ ਗਰਮੀ ਨਾਲ ਜੂਝ ਰਹੇ ਲੋਕਾਂ ਨੂੰ ਹੁਣ ਰਾਹਤ ਮਿਲ ਸਕਦੀ ਹੈ। ਮੌਸਮ ਵਿਭਾਗ ਨੇ ਅਗਲੇ ਕੁਝ ਦਿਨਾਂ ਲਈ ਭਾਰੀ ਬਾਰਿਸ਼ ਦੀ ਚੇਤਾਵਨੀ ਵੀ ਜਾਰੀ ਕੀਤੀ ਹੈ। ਭਾਰਤੀ ਮੌਸਮ ਵਿਭਾਗ ਦੇ ਅਨੁਸਾਰ, ਦੱਖਣੀ, ਪੱਛਮੀ,ਮੱਧ ਅਤੇ ਪੂਰਬੀ ਭਾਰਤ ਦੇ ਕਈ ਹਿੱਸਿਆਂ ਵਿੱਚ 15 ਜੂਨ ਤੋਂ 20 ਜੂਨ, 2025 ਦੇ ਵਿਚਕਾਰ ਮੋਹਲੇਧਾਰ ਬਾਰਿਸ਼ ਹੋ ਸਕਦੀ ਹੈ। ਇਸ ਸਮੇਂ ਦੌਰਾਨ, ਕੁਝ ਖੇਤਰਾਂ ਵਿੱਚ ਬਿਜਲੀ ਡਿੱਗਣ, ਗਰਜ ਅਤੇ ਤੇਜ਼ ਹਵਾਵਾਂ ਦੇ ਨਾਲ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਵਿਭਾਗ ਨੇ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਬੇਲੋੜੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ। ਮੌਸਮ ਵਿਭਾਗ ਨੇ ਕਿਹਾ ਕਿ ਦੱਖਣੀ ਭਾਰਤ ਵਿੱਚ ਮਾਨਸੂਨ ਦੀ ਗਤੀਵਿਧੀ ਤੇਜ਼ੀ ਨਾਲ ਵੱਧ ਰਹੀ ਹੈ, ਜਿਸ ਕਾਰਨ ਕਈ ਰਾਜਾਂ ਵਿੱਚ ਮੀਂਹ ਦੀ ਤੀਬਰਤਾ ਵਧ ਸਕਦੀ ਹੈ। ਤਾਮਿਲਨਾਡੂ, ਪੁਡੂਚੇਰੀ ਅਤੇ ਕਰਾਈਕਲ ਇਲਾਕਿਆਂ ਵਿੱਚ 15 ਅਤੇ 16 ਜੂਨ ਨੂੰ ਗਰਜ-ਤੂਫ਼ਾਨ ਦੇ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਵੇਗੀ। 40-50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਅਤੇ ਬਿਜਲੀ ਡਿੱਗਣ ਦੀ ਸੰਭਾਵਨਾ ਹੈ।

15 ਤੋਂ 19 ਜੂਨ ਤੱਕ ਕਈ ਇਲਾਕਿਆਂ ਵਿੱਚ ਗਰਜ-ਤੂਫ਼ਾਨ ਅਤੇ ਹਨੇਰੀ-ਤੂਫ਼ਾਨ ਦੀ ਸੰਭਾਵਨਾ ਹੈ। ਕੇਰਲ ਅਤੇ ਮਾਹੇ: 18 ਅਤੇ 19 ਜੂਨ ਨੂੰ ਇਨ੍ਹਾਂ ਇਲਾਕਿਆਂ ਵਿੱਚ ਭਾਰੀ ਬਾਰਿਸ਼ ਹੋ ਸਕਦੀ ਹੈ। ਮੌਸਮ ਵਿਭਾਗ ਨੇ ਕੁਝ ਜ਼ਿਲ੍ਹਿਆਂ ਵਿੱਚ ਰੈੱਡ ਅਲਰਟ ਵੀ ਜਾਰੀ ਕੀਤਾ ਹੈ।

ਕਰਨਾਟਕ: ਤੱਟਵਰਤੀ ਅਤੇ ਅੰਦਰੂਨੀ ਖੇਤਰਾਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਜਾਰੀ ਰਹੇਗੀ। ਗੁਜਰਾਤ: 15 ਤੋਂ 17 ਜੂਨ ਦੇ ਵਿਚਕਾਰ ਜ਼ਿਆਦਾਤਰ ਹਿੱਸਿਆਂ ਵਿੱਚ ਗਰਜ-ਤੂਫ਼ਾਨ ਅਤੇ ਬਿਜਲੀ ਡਿੱਗਣ ਦੇ ਨਾਲ ਹਲਕੀ ਤੋਂ

(ਬਾਕੀ ਸਫ਼ਾ 11 'ਤੇ)

# ਮੋਦੀ ਦੋ ਰੋਜ਼ਾ ਦੌਰੇ 'ਤੇ ਸਾਈਪ੍ਰਸ ਪੁੱਜੇ
## ਲਾਰਨਾਕਾ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਰਾਸ਼ਟਰਪਤੀ ਨਿਕੋਸ ਵੱਲੋਂ ਸਵਾਗਤ




ਲਾਰਨਾਕਾ, 15 ਜੂਨ (ਚੜ੍ਹਦੀਕਲਾ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਈਪ੍ਰਸ ਦੇ ਲਾਰਨਾਕਾ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਪਹੁੰਚ ਗਏ ਹਨ। ਇੱਥੇ ਸਾਈਪ੍ਰਸ ਦੇ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੌਲੀਡਸ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਮੋਦੀ ਸਾਈਪ੍ਰਸ ਦੇ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੌਲਾਈਡਸ ਦੇ ਸੱਦੇ 'ਤੇ 15-16 ਜੂਨ ਨੂੰ ਸਾਈਪ੍ਰਸ ਦੇ ਅਧਿਕਾਰਤ ਦੌਰੇ 'ਤੇ ਹਨ। ਇਸ ਦੌਰੇ ਦੌਰਾਨ ਉਹ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੌਲਾਈਡਸ ਨਾਲ ਗੱਲਬਾਤ ਕਰਨਗੇ।

ਮੋਦੀ ਆਪਣੀ ਤਿੰਨ ਦੇਸ਼ਾਂ ਦੀ ਯਾਤਰਾ ਦੇ ਪਹਿਲੇ ਪੜਾਅ ਦੇ ਹਿੱਸੇ ਵਜੋਂ ਇੱਥੇ ਪਹੁੰਚੇ ਹਨ। ਉਹ ਕੈਨੇਡਾ ਅਤੇ ਕ੍ਰੋਏਸ਼ੀਆ ਵੀ ਜਾਣਗੇ। ਇਹ ਪਿਛਲੇ ਦੋ ਦਹਾਕਿਆਂ ਵਿੱਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਸਾਈਪ੍ਰਸ ਦੀ ਪਹਿਲੀ ਯਾਤਰਾ ਹੈ। ਮੋਦੀ ਨੇ ਨਵੀਂ ਦਿੱਲੀ ਤੋਂ ਰਵਾਨਾ ਹੋਣ ਤੋਂ ਪਹਿਲਾਂ ਇੱਕ ਬਿਆਨ ਵਿੱਚ ਕਿਹਾ,ਸਾਈਪ੍ਰਸ ਇੱਕ ਕਰੀਬੀ ਦੋਸਤ ਅਤੇ ਭੂਮੱਧ ਸਾਗਰ ਖੇਤਰ ਅਤੇ ਯੂਰਪੀਅਨ ਯੂਨੀਅਨ ਵਿੱਚ ਇੱਕ ਮਹੱਤਵਪੂਰਨ ਭਾਈਵਾਲ ਹੈ। ਇਹ ਯਾਤਰਾ ਇਤਿਹਾਸਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ, ਵਪਾਰ, ਨਿਵੇਸ਼, ਸੁਰੱਖਿਆ, ਤਕਨਾਲੋਜੀ ਦੇ ਖੇਤਰਾਂ ਵਿੱਚ ਸਾਡੇ ਸਬੰਧਾਂ ਨੂੰ ਡੂੰਘਾ ਕਰਨ ਅਤੇ ਲੋਕਾਂ ਤੋਂ ਲੋਕਾਂ ਦੇ ਸੰਪਰਕ ਨੂੰ ਉਤਸ਼ਾਹਿਤ ਕਰਨ ਦਾ ਇੱਕ ਮੌਕਾ ਹੈ। ਪ੍ਰਧਾਨ ਮੰਤਰੀ ਮੋਦੀ ਸਾਈਪ੍ਰਸ ਦੀ ਰਾਜਧਾਨੀ ਨਿਕੋਸ਼ੀਆ ਵਿੱਚ ਰਾਸ਼ਟਰਪਤੀ ਕ੍ਰਿਸਟੋਡੌਲਾਈਡਸ ਨਾਲ ਗੱਲਬਾਤ ਕਰਨਗੇ ਅਤੇ ਲਿਮਾਸੋਲ ਵਿੱਚ ਵਪਾਰਕ ਨੇਤਾਵਾਂ ਨੂੰ ਸੰਬੋਧਨ ਕਰਨਗੇ।

ਸਾਈਪ੍ਰਸ ਤੋਂ ਮੋਦੀ 16-17 ਜੂਨ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਸੱਦੇ ਤੇ ਜੀ-7 ਸੰਮੇਲਨ ਵਿੱਚ ਸ਼ਾਮਲ ਹੋਣ ਲਈ ਕੈਨੇਡਾ ਦੇ ਕਨਾਨਾਸਕਿਸ ਜਾਣਗੇ। ਜੀ-7 ਸੰਮੇਲਨ ਤੋਂ ਬਾਅਦ ਮੋਦੀ ਕ੍ਰੋਏਸ਼ੀਆ ਲਈ ਰਵਾਨਾ ਹੋਣਗੇ, ਜਿੱਥੇ ਉਹ ਰਾਸ਼ਟਰਪਤੀ ਜ਼ੋਰਾਨ ਮਿਲਾਨੋਵਿਚ ਅਤੇ ਪ੍ਰਧਾਨ ਮੰਤਰੀ ਆਂਦਰੇਜ ਪਲੇਨਕੋਵਿਚ ਨਾਲ ਮੁਲਾਕਾਤ ਕਰਨਗੇ। ਮੋਦੀ ਨੇ ਕਿਹਾ ਕਿ ਤਿੰਨ ਦੇਸ਼ਾਂ ਦੀ ਇਹ ਫੇਰੀ ਸਰਹੱਦ ਪਾਰ ਅੱਤਵਾਦ ਵਿਰੁੱਧ ਲੜਾਈ ਵਿੱਚ ਭਾਰਤ ਨੂੰ ਲਗਾਤਾਰ ਸਮਰਥਨ ਦੇਣ ਲਈ ਭਾਈਵਾਲ ਦੇਸ਼ਾਂ ਦਾ ਧੰਨਵਾਦ ਕਰਨ ਅਤੇ ਦੁਨੀਆਂ ਭਰ ਦੇ ਦੇਸ਼ਾਂ ਨੂੰ ਅੱਤਵਾਦ ਦਾ ਮੁਕਾਬਲਾ ਕਰਨ ਲਈ ਇੱਕਜੁੱਟ ਕਰਨ ਦਾ ਮੌਕਾ ਵੀ ਹੈ।

## ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਸੁਖਬੀਰ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਮਗਰੋਂ 20 ਦਿਨ ਦਾ ਦਿੱਤਾ ਹੋਰ ਸਮਾਂ

### ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ ਅੱਗੇ ਸਮਾਂ ਹੋਰ ਵਧਾਉਣ ਦੀ ਕੀਤੀ ਸੀ ਬੇਨਤੀ

ਅੰਮ੍ਰਿਤਸਰ, 15 ਜੂਨ (ਬਬਲੂ ਮਹਾਜਨ) ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੱਕ 'ਚ ਉਤਰਦਿਆਂ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨੂੰ ਫੋਨ ਲਗਾ ਕੇ ਸੁਖਬੀਰ ਸਿੰਘ ਬਾਦਲ ਦੇ ਪਟਨਾ ਸਾਹਿਬ ਵਿਖੇ ਪੇਸ਼ ਹੋਣ ਲਈ ਸਮੇਂ ਦੀ ਮੰਗ ਕੀਤੀ। ਜਿਸ ਨੂੰ ਪ੍ਰਵਾਨ ਕਰਦਿਆਂ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ 20 ਦਿਨ ਦਾ ਹੋਰ ਸਮਾਂ ਦਿੱਤਾ ਹੈ। ਜ਼ਿਕਰਯੋਗ ਹੈ ਕਿ ਜਿਸ ਦਿਨ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ,ਸ੍ਰੀ ਅਨੰਦਪੁਰ ਸਾਹਿਬ ਤੇ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਤਖਤ ਸਾਹਿਬਾਨ ਦੇ ਜਥੇਦਾਰ ਦੇ ਅਹੁਦੇ ਤੋਂ ਹਟਾ ਕੇ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਬਾਬਾ ਟੇਕ ਸਿੰਘ ਨੂੰ



ਜਥੇਦਾਰ ਦੇ ਅਹੁਦੇ ਤੇ ਨਿਯੁਕਤ ਕੀਤਾ ਹੈ ਉਦੋਂ ਤੋਂ ਹੀ ਸਿੱਖ ਪੰਥ ਵਿੱਚ ਬਹੁਤ ਦੁਵਿਧਾ ਚੱਲ ਰਹੀ ਹੈ।ਇਸ ਤਰ੍ਹਾਂ ਕਹਿ ਲਓ ਕਿ ਸ਼੍ਰੋਮਣੀ ਕਮੇਟੀ ਵੱਲੋਂ ਗਲਤ ਢੰਗ ਨਾਲ ਕੀਤੀ ਜਥੇਦਾਰ ਗੜਗੱਜ ਤੇ ਬਾਬਾ ਟੇਕ ਸਿੰਘ ਦੀ ਨਿਯੁਕਤੀ ਤੋਂ ਬਾਅਦ ਸਿੱਖ ਪੰਥ ਵੱਖ- ਵੱਖ ਧੜਿਆਂ ਚ ਵੰਡਿਆ ਗਿਆ ਹੈ। ਪਿਛਲੇ ਦਿਨੀਂ ਜਥੇਦਾਰ ਗੜਗੱਜ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਰੱਖੀ ਗਈ ਇਕੱਤਰਤਾ ਵਿੱਚ ਤਖਤ ਸ਼੍ਰੀ ਪਟਨਾ ਸਾਹਿਬ ਦੇ ਜਥੇਦਾਰ ਭਾਈ ਬਲਦੇਵ ਸਿੰਘ ਅਤੇ ਮੀਤ ਗ੍ਰੰਥੀ ਗੁਰਦਿਆਲ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ ਪ੍ਰੰਤੂ ਜਥੇਦਾਰ ਗੜਗੱਜ ਦੀ ਨਿਯੁਕਤੀ ਸਿੱਖ ਪੰਥ, ਟਕਸਾਲਾਂ, ਸੰਪਰਦਾਵਾਂ ਦੇ ਰਾਏ ਮਸ਼ਵਰੇ ਤੋਂ ਬਗੈਰ ਸ਼੍ਰੋਮਣੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸ਼ਹਿ 'ਤੇ ਕੀਤੀ ਹੋਣ ਦਾ ਹਵਾਲਾ ਦਿੰਦਿਆਂ ਕਿ ਸੰਗਤਾਂ ਇਹਨਾਂ ਨੂੰ ਜਥੇਦਾਰ ਮੰਨਣ ਤੋਂ ਇਨਕਾਰੀ ਹਨ। ਇਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਜਥੇਦਾਰ ਗੜਗੱਜ ਵੱਲੋਂ ਪਟਨਾ ਸਾਹਿਬ ਦੇ ਜਥੇਦਾਰ ਤੇ ਮੀਤ ਗ੍ਰੰਥੀ ਬਾਰੇ ਦਿੱਤੇ ਬਿਆਨ ਦੇ ਇਵਜ ਵਿੱਚ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਜਥੇਦਾਰ ਗੜਗੱਜ ਨੂੰ ਅਪ੍ਰਵਾਨ ਜਥੇਦਾਰ ਕਹਿੰਦੇ ਹੋਏ, ਸਿੱਖ ਕੌਮ ਦੇ ਫੈਸਲੇ ਨਾਂ ਲੈਣ ਦਾ ਕੋਈ ਅਧਿਕਾਰ ਨਾ ਹੁੰਦਿਆਂ ਹੋਇਆਂ ਜਥੇਦਾਰ ਗੜਗੱਜ ਨੂੰ (ਬਾਕੀ ਸਫ਼ਾ 11 'ਤੇ)

## ਕੇਦਾਰਨਾਥ ਹੈਲੀਕਾਪਟਰ ਹਾਦਸੇ 'ਚ ਪਾਇਲਟ ਪਾਇਲਟ ਸਮੇਤ 7 ਦੀ ਮੌਤ

ਰੁਦਰਪ੍ਰਯਾਗ (ਉਤਰਾਖੰਡ)/ ਮੁੰਬਈ, 15 ਜੂਨ (ਚੜ੍ਹਦੀਕਲਾ ਬਿਊਰੋ): ਉੱਤਰਾਖੰਡ ਵਿਚ ਐਤਵਾਰ ਤੜਕੇ ਕੇਦਾਰਨਾਥ ਮੰਦਰ ਨੇੜੇ ਹੈਲੀਕਾਪਟਰ (ਬੈਲ 407) ਹਾਦਸਾਗ੍ਰਸਤ ਹੋ ਗਿਆ। ਹਾਦਸੇ ਵਿਚ



ਪਾਇਲਟ ਅਤੇ ਦੋ ਸਾਲ ਦੀ ਬੱਚੀ ਸਣੇ ਹੈਲੀਕਾਪਟਰ 'ਚ ਸਵਾਰ 7 ਵਿਅਕਤੀਆਂ ਦੀ ਮੌਤ ਹੋ ਗਈ। ਰੁਦਰਪ੍ਰਯਾਗ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਧਿਕਾਰੀ ਨੰਦਨ ਸਿੰਘ ਰਾਜਵਰ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਹਾਦਸਾ ਗੌਰੀਕੁੰਡ ਦੇ ਜੰਗਲਾਂ ਉਪਰ ਹੋਇਆ। ਮ੍ਰਿਤਕਾਂ ਵਿਚ ਪੰਜ ਸ਼ਰਧਾਲੂ, ਪਾਇਲਟ ਤੇ ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਦਾ ਮੁਲਾਜ਼ਮ ਸ਼ਾਮਲ ਹਨ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਕਿ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਵੱਲੋਂ ਹਾਦਸੇ ਦੀ ਜਾਂਚ ਕੀਤੀ ਜਾਵੇਗੀ। ਉਧਰ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਅੱਜ ਦੇ ਹਾਦਸੇ ਮਗਰੋਂ ਸੂਬੇ ਵਿੱਚ ਹੈਲੀਕਾਪਟਰ ਸੰਚਾਲਨ ਲਈ ਸਖ਼ਤ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਹੈਲੀਕਾਪਟਰ ਨੇ ਕੇਦਾਰਨਾਥ ਤੋਂ ਗੁਪਤਕਾਸ਼ੀ ਲਈ ਸਵੇਰੇ ਸਾਢੇ ਪੰਜ ਵਜੇ ਦੇ ਕਰੀਬ ਉਡਾਣ ਭਰੀ ਸੀ ਤੇ ਕੁਝ ਮਿੰਟਾਂ ਬਾਅਦ ਕਰੈਸ਼ ਹੋ ਗਿਆ। ਹੈਲੀਕਾਪਟਰ ਜਿਸ ਥਾਂ 'ਤੇ ਹਾਦਸਾਗ੍ਰਸਤ ਹੋਇਆ, ਉਹ ਗੌਰੀਕੁੰਡ ਜੋ ਗੌਰੀ ਮਾਈ ਖੜਕ ਦੇ ਨਾਮ ਨਾਲ ਮਕਬੂਲ ਹੈ ਤੋਂ ਪੰਜ ਕਿਲੋਮੀਟਰ ਉੱਤੇ ਹੈ। ਸੂਤਰਾਂ ਨੇ ਕਿਹਾ ਕਿ ਚੌਪਰ ਆਰੀਅਨ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਦਾ ਸੀ ਤੇ ਕੇਦਾਰਘਾਟੀ ਵਿਚ ਗੌਰੀਕੁੰਡ ਤੇ ਤ੍ਰਿਜੁਗੀਨਰਾਇਣ ਦਰਮਿਆਨ ਕਰੈਸ਼ ਹੋ ਗਿਆ। ਡਿੱਗਣ ਸਾਰ ਹੈਲੀਕਾਪਟਰ ਨੂੰ ਅੱਗ ਲੱਗ ਗਈ। ਰਾਜਵਰ ਨੇ ਕਿਹਾ

(ਬਾਕੀ ਸਫ਼ਾ 11 'ਤੇ)

## ਕਮਲ ਕੌਰ ਭਾਬੀ ਕਤਲ ਕੇਸ
## ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਅੰਮ੍ਰਿਤਸਰ ਏਅਰਪੋਰਟ ਤੋਂ ਵਿਦੇਸ਼ ਫਰਾਰ, ਪੁਲਿਸ ਵੱਲੋਂ ਸਕਰੂਟਨੀ ਨੋਟਿਸ ਜਾਰੀ

ਬਠਿੰਡਾ 15 ਜੂਨ (ਦੀਪਕ ਸ਼ਰਮਾ): ਸੋਸ਼ਲ ਮੀਡੀਆ ਤੇ ਵਿਵਾਦਿਤ ਅਤੇ ਅਸ਼ਲੀਲ ਵੀਡੀਓ ਅਪਲੋਡ ਕਰਨ ਵਾਲੀ ਲੁਧਿਆਣਾ ਦੇ ਲਕਸ਼ਮਣ ਨਗਰ ਨਿਵਾਸੀ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੇ ਕਤਲ ਮਾਮਲੇ ਵਿੱਚ ਇੱਕ ਨਵਾਂ ਖੁਲਾਸਾ ਹੋਇਆ ਹੈ। ਇਸ ਮਾਮਲੇ ਵਿੱਚ ਹੁਣ ਤੱਕ ਫੜੇ ਗਏ ਦੋ ਮੁਲਜ਼ਮਾਂ ਜਸਪ੍ਰੀਤ ਸਿੰਘ ਅਤੇ ਨਿਮਰਜੀਤ ਸਿੰਘ ਨੇ ਪੁਲਿਸ ਪੁੱਛਗਿੱਛ ਵਿੱਚ ਕਬੂਲ ਕੀਤਾ ਹੈ ਕਿ ਕਤਲ ਵਾਲੇ ਦਿਨ ਉਨ੍ਹਾਂ ਨਾਲ ਇਸ ਕਤਲਕਾਂਡ ਦਾ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਵੀ ਉਨ੍ਹਾਂ ਨਾਲ ਮੌਜੂਦ ਸੀ ਅਤੇ ਉਸ ਦੇ ਕਹਿਣ ਤੇ ਹੀ ਉਨ੍ਹਾਂ ਨੇ ਕਮਲ ਕੌਰ ਦਾ ਗਲਾ ਘੁੱਟ ਕੇ ਉਸ ਦਾ ਕਤਲ ਕੀਤਾ। ਉਨ੍ਹਾਂ ਨੇ ਪੁਲਿਸ ਪੁੱਛਗਿੱਛ ਵਿੱਚ ਇਹ ਵੀ ਕਬੂਲ ਕੀਤਾ ਹੈ ਕਿ ਕਤਲ ਕਰਨ ਤੋਂ ਬਾਅਦ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਆਪਣੀ ਗੱਡੀ ਤੇ ਅੰਮ੍ਰਿਤਸਰ ਚਲਾ ਗਿਆ ਅਤੇ ਉੱਥੋਂ ਅੰਮ੍ਰਿਤਸਰ ਏਅਰਪੋਰਟ ਤੋਂ

(ਬਾਕੀ ਸਫ਼ਾ 11 'ਤੇ)

### ਅੰਮ੍ਰਿਤਸਰ 'ਚ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ 'ਤੇ ਕੇਸ ਦਰਜ

ਅੰਮ੍ਰਿਤਸਰ, 15 ਜੂਨ (ਬਬਲੂ ਮਹਾਜਨ): ਅੰਮ੍ਰਿਤਪਾਲ ਸਿੰਘ ਮਹਿਰੋਂ ਖ਼ਿਲਾਫ਼ ਅੰਮ੍ਰਿਤਸਰ ਦੇ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ।ਦੱਸ ਦੇਈਏ ਕਿ ਅੰਮ੍ਰਿਤਪਾਲ ਨੇ ਆਪਣੀ ਵੀਡੀਓ ਵਿੱਚ ਇੰਸਟਾਗ੍ਰਾਮ ਪ੍ਰਭਾਵਕ ਦੀਪਿਕਾ ਲੂਥਰਾ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਦੀਪਿਕਾ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਤੋਂ ਬਾਅਦ ਪੁਲਿਸ ਹੁਣ ਮਹਿਰੋਂ ਨੂੰ ਗ੍ਰਿਫ਼ਤਾਰ ਕਰਨ ਲਈ ਲਗਾਤਾਰ ਛਾਪੇਮਾਰੀ ਕਰ ਰਹੀ ਹੈ। ਮਹਿਰੋਂ ਖ਼ਿਲਾਫ਼ ਧਾਰਾਵਾਂ ਬੀਐਨਐਸ 308,79,351(3),324(4),67 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਮਹਿਰੋਂ ਅਤੇ ਉਸਦੇ ਦੋ ਸਾਥੀਆਂ 'ਤੇ ਪਹਿਲਾਂ ਲੁਧਿਆਣਾ ਸਥਿਤ ਪ੍ਰਭਾਵਕ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੀ ਹੱਤਿਆ ਦੇ ਦੋਸ਼ ਵਿੱਚ ਬਠਿੰਡਾ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਨੇ ਅੰਮ੍ਰਿਤਪਾਲ ਵਿਰੁੱਧ ਲੁੱਕਆਊਟ ਨੋਟਿਸ ਵੀ ਜਾਰੀ ਕੀਤਾ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਅੰਮ੍ਰਿਤਪਾਲ ਦੀ ਧਮਕੀ ਤੋਂ ਬਾਅਦ, ਪੁਲਿਸ ਨੇ ਦੀਪਿਕਾ ਲੂਥਰਾ ਦੇ ਪਰਿਵਾਰ ਨੂੰ ਸੁਰੱਖਿਆ ਵੀ ਪ੍ਰਦਾਨ ਕੀਤੀ ਹੈ, ਪਰ ਅਧਿਕਾਰੀ ਹੁਣੇ ਕੁਝ ਵੀ ਖੁੱਲ੍ਹ ਕੇ ਨਹੀਂ ਦੱਸ ਰਹੇ ਹਨ।ਦੀਪਿਕਾ ਲੂਥਰਾ ਨੇ ਕਿਹਾ ਸੀ - ਜੇਕਰ ਕੱਲ੍ਹ ਮੈਨੂੰ ਜਾਂ ਮੇਰੇ ਪਰਿਵਾਰ ਨੂੰ ਕੁਝ ਹੁੰਦਾ ਹੈ, ਤਾਂ ਸਰਕਾਰ ਅਤੇ ਪੁਲਿਸ ਇਸ ਲਈ ਜ਼ਿੰਮੇਵਾਰ ਹੋਵੇਗੀ। ਮੈਂ ਡਰਦੀ ਹਾਂ। ਸਾਨੂੰ ਦੱਸਿਆ ਗਿਆ ਸੀ ਕਿ ਇਸ ਵਾਰ ਲਾਸ਼ ਮਿਲ ਗਈ ਹੈ, ਅਗਲੀ ਵਾਰ ਲਾਸ਼ ਵੀ ਨਹੀਂ ਮਿਲੇਗੀ। ਲੂਥਰਾ ਨੇ ਕਿਹਾ ਸੀ ਕਿ ਮੈਂ ਦੋਹਰੇ ਅਰਥਾਂ ਦੀ ਵਰਤੋਂ ਕੀਤੀ ਹੈ।



## ਅੱਜ ਰਾਜਕੋਟ 'ਚ ਹੋਵੇਗਾ ਵਿਜੇ ਰੂਪਾਨੀ ਦਾ ਅੰਤਿਮ ਸੰਸਕਾਰ

ਰਾਜਕੋਟ, 15 ਜੂਨ (ਚੜ੍ਹਦੀਕਲਾ ਬਿਊਰੋ): ਗੁਜਰਾਤ ਦੇ ਅਹਿਮਦਾਬਾਦ 'ਚ 12 ਜੂਨ ਨੂੰ ਏਅਰ ਇੰਡੀਆ ਦਾ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਇਸ ਹਾਦਸੇ ਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਵੀ ਸਵਾਰ ਸਨ, ਜਿਨ੍ਹਾਂ ਦੀ ਮੌਤ ਹੋ ਗਈ। ਸੋਮਵਾਰ ਸਵੇਰੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਰਾਜਕੋਟ ਲਿਆਂਦਾ ਜਾਵੇਗਾ ਅਤੇ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ। ਦੱਸ ਦੇਈਏ ਕਿ ਅੱਜ ਯਾਨੀ ਕਿ ਐਤਵਾਰ ਨੂੰ ਰੂਪਾਨੀ ਦਾ ਡੀ.ਐਨ.ਏ. ਮੈਚ ਹੋ ਗਿਆ ਹੈ। ਅਹਿਮਦਾਬਾਦ ਚ ਹਸਪਤਾਲ ਚ ਸਥਿਤ ਪੋਸਟਮਾਰਟਮ ਰੂਮ ਵਿਚ ਪਹੁੰਚੇ ਗੁਜਰਾਤ ਦੇ ਸਿਹਤ ਮੰਤਰੀ ਰਿਸ਼ੀਕੇਸ਼ ਪਟੇਲ ਅਤੇ ਕੈਬਨਿਟ ਮੰਤਰੀ ਜਗਦੀਸ਼ ਵਿਸ਼ਵਕਰਮਾ ਨੇ



(ਬਾਕੀ ਸਫ਼ਾ 11 'ਤੇ)

## ਮਹਾਰਾਸ਼ਟਰ ਦੇ ਪੁਣੇ 'ਚ ਪੁਲ ਟੁੱਟਣ ਕਾਰਨ 6 ਦੀ ਮੌਤ, 15-20 ਲੋਕ ਤੇਜ਼ ਵਹਾਅ 'ਚ ਰੁੜ੍ਹੇ

ਪੁਣੇ, 15 ਜੂਨ (ਚੜ੍ਹਦੀਕਲਾ ਬਿਊਰੋ) :ਮਹਾਰਾਸ਼ਟਰ ਦੇ ਪੁਣੇ ਦੇ ਕੁੰਡਮਾਲਾ ਇਲਾਕੇ ਵਿੱਚ ਇੰਦਰਾਯਣੀ ਨਦੀ 'ਤੇ ਬਣਿਆ ਇੱਕ ਖਸਤਾ ਹਾਲਤ ਪੁਲ ਢਹਿ ਗਿਆ। ਉਸ ਵੇਲੇ ਇਹ ਢਹਿ ਗਿਆ ਤਾਂ ਪੁਲ 'ਤੇ ਬਹੁਤ ਸਾਰੇ ਸੈਲਾਨੀ ਮੌਜੂਦ ਸਨ। ਭਾਰੀ ਬਾਰਿਸ਼ ਤੋਂ ਬਾਅਦ



ਨਦੀ ਵਿੱਚ ਵਧੇ ਹੋਏ ਵਹਾਅ ਨੂੰ ਦੇਖਣ ਲਈ ਸੈਲਾਨੀ ਗਏ ਹੋਏ ਸਨ। ਪੁਲ ਢਹਿਣ ਨਾਲ ਲਗਭਗ 15 ਤੋਂ 20 ਸੈਲਾਨੀ ਨਦੀ ਵਿੱਚ ਰੁੜ੍ਹ ਗਏ। ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ 6 ਲੋਕਾਂ ਦੀ ਮੌਤ ਹੋ ਗਈ ਹੈ ਜਦੋਂਕਿ ਕੁਝ ਲੋਕਾਂ ਨੂੰ ਬਚਾਇਆ ਗਿਆ ਹੈ। ਇਹ ਘਟਨਾ ਮਾਵਲ ਦੇ ਤਾਲੇਗਾਂਵ ਦਭਾਦੇ ਕਸਬੇ ਦੀ ਹੈ। ਇਹ ਸਥਾਨਕ ਲੋਕਾਂ ਵਿੱਚ ਇੱਕ ਮਸ਼ਹੂਰ ਸੈਰ-ਸਪਾਟਾ ਸਥਾਨ ਹੈ। ਜਾਣਕਾਰੀ ਮੁਤਾਬਕ ਪੁਣੇ ਵਿੱਚ ਇੰਦਰਾਯਣੀ ਨਦੀ 'ਤੇ ਬਣੇ ਪੁਲ ਦੇ ਇੱਕ ਹਿੱਸੇ ਦੇ ਢਹਿ ਜਾਣ ਕਾਰਨ ਇੱਕ ਵੱਡਾ ਹਾਦਸਾ ਵਾਪਰਿਆ ਹੈ। ਇਸ ਹਾਦਸੇ ਵਿੱਚ 15 ਤੋਂ 20 ਸੈਲਾਨੀਆਂ ਦੇ ਰੁੜ੍ਹ ਜਾਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਮੁਤਾਬਕ ਪੁਲ ਨੂੰ ਦੋ-ਤਿੰਨ ਦਿਨ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ। ਹਾਲਾਂਕਿ, ਪੁਲ ਦੇ ਨੇੜੇ ਕੋਈ ਵੀ ਪੁਲਿਸ ਕਰਮਚਾਰੀ ਮੌਜੂਦ ਨਹੀਂ ਸੀ। ਪੁਲ ਦੀ ਹਾਲਤ ਖ਼ਸਤਾ ਹੋਣ ਕਾਰਨ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ ਪਰ ਜਦੋਂ ਪੁਲ ਢਹਿਣ ਦਾ ਹਾਦਸਾ ਵਾਪਰਿਆ, ਉਸ ਸਮੇਂ ਲੋਕ ਪੁਲ 'ਤੇ ਖੜ੍ਹੇ ਸਨ। ਮੀਂਹ ਤੋਂ ਬਾਅਦ ਨਦੀ ਵਿੱਚ ਪਾਣੀ ਦੇ ਤੇਜ਼ ਵਹਾਅ ਨੂੰ ਦੇਖਣ ਲਈ ਲੋਕ ਉੱਪਰ ਚੜ੍ਹ ਗਏ ਸਨ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਸਥਾਨਕ ਪੁਲਿਸ, ਪਿੰਡ ਵਾਸੀ ਅਤੇ ਆਫ਼ਤ ਰਾਹਤ ਕਰਮਚਾਰੀ ਮੌਕੇ 'ਤੇ ਪਹੁੰਚ ਗਏ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ। ਮਾਵਲ ਖੇਤਰ ਵਿੱਚ ਪਿਛਲੇ ਦੋ ਦਿਨਾਂ ਤੋਂ ਭਾਰੀ ਮੀਂਹ ਪੈ ਰਿਹਾ ਹੈ ਅਤੇ ਇੰਦਰਾਣੀ ਦੇ ਪਾਣੀ ਦਾ ਪੱਧਰ ਵਧ ਗਿਆ ਹੈ। ਇਸ ਕਾਰਨ ਏਜੰਸੀਆਂ ਨਦੀ ਵਿੱਚ ਡਿੱਗਣ ਵਾਲੇ ਸੈਲਾਨੀਆਂ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀਆਂ ਹਨ। ਹੁਣ ਤੱਕ 6 ਤੋਂ 7 ਲੋਕਾਂ ਨੂੰ ਬਚਾਇਆ ਗਿਆ ਹੈ। ਮੌਕੇ 'ਤੇ ਮੌਜੂਦ ਰਾਹਤ ਅਤੇ ਬਚਾਅ ਟੀਮ ਨੇ ਹੁਣ ਤੱਕ 6 ਤੋਂ 7 ਲੋਕਾਂ ਨੂੰ ਬਚਾਇਆ ਹੈ। ਇਸ ਦੇ ਨਾਲ ਹੀ ਬਾਕੀ ਲੋਕਾਂ ਨੂੰ ਬਚਾਉਣ ਲਈ ਬਚਾਅ ਕਾਰਜ ਜਾਰੀ ਹੈ। ਲੋਕਾਂ ਨੇ ਕਿਹਾ ਕਿ ਇਹ ਹਾਦਸਾ ਪ੍ਰਸ਼ਾਸਨ ਦੀ ਲਾਪਰਵਾਹੀ ਕਾਰਨ ਹੋਇਆ ਹੈ। ਇਸ ਦੇ ਨਾਲ ਹੀ ਲੋਕਾਂ ਨੇ ਕਿਹਾ ਕਿ ਹਾਦਸੇ ਦੌਰਾਨ ਮੌਕੇ 'ਤੇ ਬਚਾਅ ਬਹੁਤ ਦੇਰੀ ਨਾਲ ਸ਼ੁਰੂ ਹੋਇਆ। ਮੌਕੇ 'ਤੇ ਮੌਜੂਦ ਲੋਕਾਂ ਨੇ ਪ੍ਰਸ਼ਾਸਨ ਨੂੰ ਹਾਦਸੇ ਬਾਰੇ ਸੂਚਿਤ ਕੀਤਾ ਸੀ। (ਬਾਕੀ ਸਫ਼ਾ 11 'ਤੇ)

## ਪੁਲਿਸ ਚੌਕੀ 'ਤੇ ਗ੍ਰਨੇਡ ਹਮਲਾ: ਐਨ.ਆਈ.ਏ. ਵੱਲੋਂ ਤਿੰਨ ਖਿਲਾਫ਼ ਚਾਰਜਸ਼ੀਟ ਦਾਇਰ

ਨਵੀਂ ਦਿੱਲੀ, 15 ਜੂਨ (ਚੜ੍ਹਦੀਕਲਾ ਬਿਊਰੋ) : ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਪੰਜਾਬ ਦੇ ਐੱਸ.ਬੀ.ਐੱਸ. ਨਗਰ ਜ਼ਿਲ੍ਹੇ ਵਿੱਚ ਪੁਲੀਸ ਚੌਕੀ 'ਤੇ ਹੋਏ ਗ੍ਰਨੇਡ ਹਮਲੇ ਨਾਲ ਸਬੰਧਤ 2024 ਦੇ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਨੂੰ ਚਾਰਜਸ਼ੀਟ ਕੀਤਾ ਹੈ। ਇਨ੍ਹਾਂ ਦਾ ਸਬੰਧ ਪਾਬੰਦੀਸ਼ੁਦਾ ਜਥੇਬੰਦੀ ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ.ਜ਼ੈੱਡ.ਐੱਫ.) ਨਾਲ ਦੱਸਿਆ ਜਾਂਦਾ ਹੈ। ਯੁਗਪ੍ਰੀਤ ਸਿੰਘ ਉਰਫ ਯੁਵੀ ਨਿਹੰਗ, ਜਸਕਰਨ ਸਿੰਘ ਉਰਫ ਸ਼ਾਹ ਅਤੇ ਹਰਜੋਤ ਸਿੰਘ ਉਰਫ ਜੋਤ ਹੁੰਦਲ, ਸਾਰੇ ਐੱਸ.ਬੀ.ਐੱਸ. ਨਗਰ ਦੇ ਰਾਹੋਂ ਪਿੰਡ ਦੇ ਰਹਿਣ ਵਾਲੇ ਹਨ। ਇਨ੍ਹਾਂ ਖਿਲਾਫ਼ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ.ਏ.ਪੀ.ਏ.), ਵਿਸਫੋਟਕ ਪਦਾਰਥ ਐਕਟ ਅਤੇ ਹੋਰ ਸਬੰਧਤ ਧਾਰਾਵਾਂ ਤਹਿਤ ਦੋਸ਼ ਲਗਾਏ ਗਏ ਹਨ। ਐਨ.ਆਈ.ਏ. ਨੇ ਕੇ.ਜ਼ੈਡ.ਐੱਫ. ਮੁਖੀ ਅਤੇ ਦਹਿਸ਼ਤਗਰਦ ਮਨੋਨੀਤ (ਡੀ.ਆਈ.ਟੀ.) ਰਣਜੀਤ ਸਿੰਘ ਉਰਫ ਨੀਟਾ, ਸੰਗਠਨ ਦੇ ਮੈਂਬਰ ਆਪਰੇਟਿਵ

(ਬਾਕੀ ਸਫ਼ਾ 11 'ਤੇ)

## ਤਿੰਨ ਸਾਲਾਂ ਦੇ ਅੰਦਰ ਹਰੇਕ ਨਾਗਰਿਕ ਨੂੰ ਨਿਆਂ ਪ੍ਰਦਾਨ ਕਰਨ ਲਈ ਇੱਕ ਪ੍ਰਣਾਲੀ ਹੋਵੇਗੀ: ਸ਼ਾਹ

ਨਵੀਂ ਦਿੱਲੀ, 15 ਜੂਨ (ਚੜ੍ਹਦੀਕਲਾ ਬਿਊਰੋ) : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਕਿਹਾ ਕਿ ਸਰਕਾਰ ਅਗਲੇ ਪੰਜ ਸਾਲਾਂ ਵਿੱਚ ਅਜਿਹਾ ਸਿਸਟਮ ਬਣਾਉਣ ਜਾ ਰਹੀ ਹੈ ਤਾਂ ਜੋ ਹਰ ਨਾਗਰਿਕ ਨੂੰ ਐਫ.ਆਈ.ਆਰ. ਦਰਜ ਕਰਨ ਦੇ ਤਿੰਨ ਸਾਲਾਂ ਦੇ ਅੰਦਰ ਨਿਆਂ ਮਿਲ ਸਕੇ। ਸ਼ਾਹ ਨੇ ਇਹ ਵੀ ਦਾਅਵਾ ਕੀਤਾ ਕਿ ਦੇਸ਼ 31 ਮਾਰਚ, 2026 ਤੱਕ ਨਕਸਲਵਾਦ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਵੇਗਾ। ਗ੍ਰਹਿ ਮੰਤਰੀ ਨੇ ਉੱਤਰ ਪ੍ਰਦੇਸ਼ ਪੁਲਿਸ ਵਿੱਚ 60,244 ਨਵੇਂ ਨਿਯੁਕਤ ਕਾਂਸਟੇਬਲਾਂ ਨੂੰ ਨਿਯੁਕਤੀ ਪੱਤਰ ਵੰਡਣ ਦੇ ਮੌਕੇ ਤੇ ਆਪਣੇ ਸੰਬੋਧਨ ਵਿੱਚ ਕਿਹਾ, ਭਾਰਤੀ ਨਿਆਂਇਕ ਸੰਹਿਤਾ, ਭਾਰਤੀ ਸਿਵਲ ਰੱਖਿਆ ਸੰਹਿਤਾ ਅਤੇ ਭਾਰਤੀ ਸਬੂਤ ਐਕਟ, ਇਹ ਤਿੰਨ ਕਾਨੂੰਨ... ਮੈਂ ਅੱਜ ਤੁਹਾਡੇ ਸਾਰਿਆਂ ਦੇ ਸਾਹਮਣੇ ਕਹਿ ਰਿਹਾ ਹਾਂ ਕਿ ਪੰਜ ਸਾਲਾਂ ਦੇ ਅੰਦਰ ਦੇਸ਼ ਵਿੱਚ ਅਜਿਹੀ ਪ੍ਰਣਾਲੀ ਬਣਾਈ ਜਾਵੇਗੀ ਕਿ ਜੇਕਰ ਕੋਈ ਐਫਆਈਆਰ ਦਰਜ ਹੁੰਦੀ ਹੈ ਤਾਂ ਨਾਗਰਿਕ ਨੂੰ ਸੁਪਰੀਮ ਕੋਰਟ ਤੱਕ ਤਿੰਨ ਸਾਲਾਂ ਦੇ ਅੰਦਰ ਨਿਆਂ ਮਿਲੇਗਾ। ਉਨ੍ਹਾਂ ਕਿਹਾ, ਸੀ.ਸੀ.ਟੀ.ਐਨ.ਐਸ., ਆਈ.ਸੀ.ਜੇ.ਐਸ. ਅਤੇ ਫੋਰੈਂਸਿਕ ਸਾਇੰਸ ਦੀਆਂ ਸਾਰੀਆਂ ਸਹੂਲਤਾਂ ਅਤੇ ਤਕਨਾਲੋਜੀ ਦੇ ਆਧਾਰ ਤੇ ਨਿਆਂ ਨੂੰ ਅੱਗੇ ਵਧਾਉਣ ਲਈ ਪ੍ਰਬੰਧ ਕਰਨੇ ਪੈਣਗੇ। ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ 11 ਸਾਲਾਂ ਦੇ ਕਾਰਜਕਾਲ ਦੌਰਾਨ ਦੇਸ਼ ਸੁਰੱਖਿਅਤ ਹੋ ਗਿਆ ਹੈ। ਉਨ੍ਹਾਂ ਕਿਹਾ, ਸਭ ਤੋਂ ਵੱਡੀ ਗੱਲ ਇਹ ਹੈ ਕਿ ਮੋਦੀ ਜੀ ਦੇ 11 ਸਾਲਾਂ ਵਿੱਚ ਦੇਸ਼ ਸੁਰੱਖਿਅਤ ਹੋ ਗਿਆ ਹੈ। ਨਕਸਲਵਾਦ ਦੇਸ਼ ਦੇ 11 ਰਾਜਾਂ ਵਿੱਚ ਹੁੰਦਾ ਸੀ। ਹੁਣ 11 ਸਾਲਾਂ ਵਿੱਚ, 11 ਰਾਜਾਂ ਵਿੱਚੋਂ ਤਿੰਨ ਜ਼ਿਲ੍ਹਿਆਂ ਵਿੱਚ ਨਕਸਲਵਾਦ ਬਚਿਆ ਹੈ.... ਅਤੇ ਮੇਰੇ ਸ਼ਬਦ ਯਾਦ ਰੱਖੋ, 31 ਮਾਰਚ 2026 ਨੂੰ, ਇਹ ਦੇਸ਼ ਨਕਸਲਵਾਦ ਤੋਂ ਮੁਕਤ ਹੋ ਜਾਵੇਗਾ। ਕੇਂਦਰ ਸਰਕਾਰ ਦੁਆਰਾ ਪਾਕਿਸਤਾਨ



(ਬਾਕੀ ਸਫ਼ਾ 11 'ਤੇ)

## ਉਤਰ ਪ੍ਰਦੇਸ਼ ਵਿੱਚ ਬਿਜਲੀ ਡਿੱਗਣ ਕਾਰਨ ਪਰਿਵਾਰ ਦੇ ਚਾਰ ਜੀਆਂ ਸਣੇ ਸੱਤ ਮਰੇ

ਪ੍ਰਯਾਗਰਾਜ/ਸੰਭਲ/ ਬਿਜਨੌਰ (ਉੱਤਰ ਪ੍ਰਦੇਸ਼), 15 ਜੂਨ (ਚੜ੍ਹਦੀਕਲਾ ਬਿਊਰੋ): ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ, ਸੰਭਲ ਅਤੇ ਬਿਜਨੌਰ ਜ਼ਿਲ੍ਹਿਆਂ ਵਿੱਚ ਅੱਜ ਅਸਮਾਨੀ ਬਿਜਲੀ ਡਿੱਗਣ ਕਾਰਨ ਇੱਕੋ ਪਰਿਵਾਰ ਦੇ ਚਾਰ ਮੈਂਬਰਾਂ ਸਣੇ ਕੁੱਲ ਸੱਤ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਮਿਲੀ ਜਾਣਕਾਰੀ ਅਨੁਸਾਰ ਪ੍ਰਯਾਗਰਾਜ ਦੇ ਯਮੁਨਾ ਨਗਰ ਇਲਾਕੇ ਵਿੱਚ ਕਥਿਤ ਤੌਰ 'ਤੇ ਅਸਮਾਨੀ ਬਿਜਲੀ ਡਿੱਗਣ ਕਾਰਨ ਇਕ ਹੀ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਹੋ ਗਈ। ਇਕ ਅਧਿਕਾਰੀ ਨੇ ਦੱਸਿਆ ਕਿ ਘਟਨਾ ਸ਼ਨਿਚਰਵਾਰ ਦੇਰ ਰਾਤ ਬਾਰਾ ਤਹਿਸੀਲ ਦੇ ਸੋਨਵਰਸ਼ਾ ਹੱਲਾਬੋਰ ਪਿੰਡ ਵਿੱਚ ਉਸ ਸਮੇਂ ਦੀ ਹੈ ਜਦੋਂ ਵਿਰੇਂਦਰ ਬਨਵਾਸੀ ਆਪਣੇ ਪਰਿਵਾਰ ਨਾਲ ਇਕ ਛੱਪੜ ਹੇਠਾਂ ਸੌਂ ਰਿਹਾ ਸੀ। ਇਸ ਦੌਰਾਨ ਅਸਮਾਨੀ ਬਿਜਲੀ ਡਿੱਗ ਗਈ। ਵਧੀਕ ਜ਼ਿਲ੍ਹਾ ਅਧਿਕਾਰੀ (ਵਿੱਤ ਤੇ ਮਾਲ) ਵਿਨੀਤਾ ਸਿੰਘ ਨੇ ਦੱਸਿਆ ਕਿ ਝੁਲਸਣ ਕਾਰਨ ਵਿਰੇਂਦਰ, ਉਸ ਦੀ ਪਤਨੀ ਪਾਰਵਤੀ,

(ਬਾਕੀ ਸਫ਼ਾ 11 'ਤੇ)

## ਸਾਊਦੀ ਅਰਬ 'ਚ ਪੱਤਰਕਾਰ ਨੂੰ 7 ਸਾਲ ਜੇਲ੍ਹ 'ਚ ਰੱਖਣ ਤੋਂ ਬਾਅਦ ਦਿੱਤੀ ਫਾਂਸੀ



ਨਵੀਂ ਦਿੱਲੀ, 15 ਜੂਨ (ਚੜ੍ਹਦੀਕਲਾ ਬਿਊਰੋ): ਸਾਊਦੀ ਅਰਬ ਵਿੱਚ 2018 ਵਿੱਚ ਗ੍ਰਿਫ਼ਤਾਰ ਕੀਤੇ ਗਏ ਅੱਤਵਾਦ ਅਤੇ ਦੇਸ਼ਧ੍ਰੋਹ ਦੇ ਦੋਸ਼ੀ ਇੱਕ ਪ੍ਰਮੁੱਖ ਪੱਤਰਕਾਰ ਨੂੰ ਫਾਂਸੀ ਦੇ ਦਿੱਤੀ ਗਈ ਹੈ। ਸਰਕਾਰੀ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਸਰਕਾਰੀ ਸਾਊਦੀ ਪ੍ਰੈਸ ਏਜੰਸੀ ਦੇ ਅਨੁਸਾਰ, ਪੱਤਰਕਾਰ ਤੁਰਕੀ ਅਲ-ਜਾਸਰ ਨੂੰ ਸ਼ਨੀਵਾਰ ਨੂੰ ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਉਸ ਦੀ ਮੌਤ ਦੀ ਸਜ਼ਾ ਬਰਕਰਾਰ ਰੱਖਣ ਤੋਂ ਬਾਅਦ ਫਾਂਸੀ ਦੇ ਦਿੱਤੀ ਗਈ। ਅਧਿਕਾਰੀਆਂ ਨੇ 2018 ਵਿੱਚ ਅਲ-ਜਾਸਰ ਦੇ ਘਰ ਛਾਪਾ ਮਾਰਿਆ ਅਤੇ ਉਸਨੂੰ ਗ੍ਰਿਫਤਾਰ ਕਰ ਲਿਆ ਅਤੇ ਕੰਪਿਊਟਰ ਅਤੇ ਫੋਨ ਜ਼ਬਤ ਕਰ ਲਏ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਉਸਦੇ ਖਿਲਾਫ ਮੁਕੱਦਮਾ ਕਦੋਂ ਹੋਇਆ ਅਤੇ ਇਹ ਕਿੰਨਾ ਸਮਾਂ ਚੱਲਿਆ। ਨਿਊਯਾਰਕ ਸਥਿਤ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਦੇ ਅਨੁਸਾਰ, ਸਾਊਦੀ ਅਧਿਕਾਰੀਆਂ ਨੇ ਕਿਹਾ ਕਿ ਅਲ-ਜਾਸਰ ਐਕਸ (ਪਹਿਲਾਂ ਟਵਿੱਟਰ) ਤੇ ਇੱਕ ਸੋਸ਼ਲ ਮੀਡੀਆ ਅਕਾਊਂਟ ਲਈ ਜ਼ਿੰਮੇਵਾਰ ਸੀ ਜਿਸਨੇ ਸਾਊਦੀ ਸ਼ਾਹੀ ਪਰਿਵਾਰ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਸਨ। ਅਲ-ਜਾਸਰ ਤੇ ਅੱਤਵਾਦੀਆਂ ਅਤੇ ਅੱਤਵਾਦੀ ਸਮੂਹਾਂ ਬਾਰੇ ਕਈ ਵਿਵਾਦਪੂਰਨ ਟਵੀਟ ਪੋਸਟ ਕਰਨ ਦਾ ਵੀ ਦੋਸ਼ ਸੀ। ਅਲ-ਜਾਸਰ 2013 ਤੋਂ 2015 ਤੱਕ ਇੱਕ ਨਿੱਜੀ ਬਲੌਗ ਚਲਾਉਂਦਾ ਸੀ ਅਤੇ 2011 ਵਿੱਚ ਮੱਧ ਏਸ਼ੀਆ ਨੂੰ ਹਿਲਾ ਦੇਣ ਵਾਲੇ ਅਰਬ ਸਪਰਿੰਗ ਅੰਦੋਲਨਾਂ, ਔਰਤਾਂ ਦੇ ਅਧਿਕਾਰਾਂ

(ਬਾਕੀ ਸਫ਼ਾ 11 'ਤੇ)

# ਇਜ਼ਰਾਈਲ-ਈਰਾਨ ਵਿਚਾਲੇ ਹਮਲੇ ਜਾਰੀ, ਪ੍ਰਮਾਣੂ ਗੱਲਬਾਤ ਰੱਦ

ਦੁਬਈ, 15 ਜੂਨ (ਚੜ੍ਹਦੀਕਲਾ ਬਿਊਰੋ): ਇਜ਼ਰਾਈਲ ਨੇ ਐਤਵਾਰ ਨੂੰ ਤੀਜੇ ਦਿਨ ਈਰਾਨ ਵਿੱਚ ਹਵਾਈ ਹਮਲੇ ਕੀਤੇ ਅਤੇ ਹੋਰ ਵੀ ਸ਼ਕਤੀਸ਼ਾਲੀ ਹਮਲੇ ਦੀ ਧਮਕੀ ਦਿੱਤੀ। ਇਸ ਦੇ ਨਾਲ ਹੀ ਈਰਾਨ ਨੇ ਇਜ਼ਰਾਈਲ ਤੇ ਮਿਜ਼ਾਈਲਾਂ ਦਾਗਣਾ ਵੀ ਜਾਰੀ ਰੱਖਿਆ, ਜਿਨ੍ਹਾਂ ਵਿੱਚੋਂ ਕੁਝ (ਮਿਜ਼ਾਈਲਾਂ) ਇਜ਼ਰਾਈਲੀ ਹਵਾਈ ਰੱਖਿਆ ਪ੍ਰਣਾਲੀ ਨੂੰ ਚਕਮਾ ਦੇ ਕੇ ਦੇਸ਼ ਦੇ ਕੇਂਦਰੀ ਹਿੱਸੇ ਵਿੱਚ ਇਮਾਰਤਾਂ 'ਤੇ ਡਿੱਗੀਆਂ। ਇਸ ਦੌਰਾਨ ਓਮਾਨ ਵਿੱਚ ਈਰਾਨ ਅਤੇ ਅਮਰੀਕਾ ਵਿਚਕਾਰ ਪ੍ਰਮਾਣੂ ਗੱਲਬਾਤ ਰੱਦ ਕਰ ਦਿੱਤੀ ਗਈ। ਸ਼ੁੱਕਰਵਾਰ ਨੂੰ ਇਜ਼ਰਾਈਲ ਵੱਲੋਂ ਈਰਾਨ ਦੇ ਪ੍ਰਮਾਣੂ ਅਤੇ ਫੌਜੀ ਠਿਕਾਣਿਆਂ 'ਤੇ ਅਚਾਨਕ ਬੰਬਾਰੀ ਵਿੱਚ ਕਈ ਚੋਟੀ ਦੇ ਜਨਰਲਾਂ ਅਤੇ ਪ੍ਰਮਾਣੂ ਵਿਗਿਆਨੀਆਂ ਦੇ ਮਾਰੇ ਜਾਣ ਤੋਂ ਬਾਅਦ ਖੇਤਰ ਵਿੱਚ ਲੰਬੇ ਸੰਘਰਸ਼ ਦੀ ਸੰਭਾਵਨਾ ਪੈਦਾ ਹੋ ਗਈ ਹੈ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਐਤਵਾਰ ਨੂੰ ਕਿਹਾ ਕਿ ਜੇਕਰ ਇਜ਼ਰਾਈਲ ਦੇ ਉਨ੍ਹਾਂ ਦੇ ਦੇਸ਼ ਤੇ ਹਮਲੇ ਬੰਦ ਹੋ ਜਾਂਦੇ ਹਨ, ਤਾਂ ਉਨ੍ਹਾਂ ਦੇ ਦੇਸ਼ ਵੱਲੋਂ ਜਵਾਬੀ ਕਾਰਵਾਈ ਵੀ ਬੰਦ ਹੋ ਜਾਵੇਗੀ। ਅਰਾਘਚੀ ਨੇ ਇਹ ਟਿੱਪਣੀ ਤਹਿਰਾਨ ਵਿੱਚ ਡਿਪਲੋਮੈਟਾਂ ਸਾਹਮਣੇ ਕੀਤੀ। ਸ਼ੁੱਕਰਵਾਰ ਨੂੰ ਇਜ਼ਰਾਈਲੀ ਹਮਲੇ ਸ਼ੁਰੂ ਹੋਣ ਤੋਂ ਬਾਅਦ ਉਹ ਪਹਿਲੀ ਵਾਰ ਜਨਤਕ ਤੌਰ ਤੇ ਦਿਖਾਈ ਦਿੱਤੇ। ਉਨ੍ਹਾਂ ਕਿਹਾ,ਜੇ ਹਮਲੇ ਬੰਦ ਹੋ ਜਾਂਦੇ ਹਨ, ਤਾਂ ਸਾਡਾ ਜਵਾਬੀ ਹਮਲਾ ਵੀ ਬੰਦ ਹੋ ਜਾਵੇਗਾ। ਇਸ ਦੌਰਾਨ ਇਜ਼ਰਾਈਲੀ ਫੌਜ ਨੇ ਐਤਵਾਰ ਨੂੰ ਈਰਾਨੀਆਂ ਨੂੰ ਫੌਜੀ ਹਥਿਆਰ ਉਤਪਾਦਨ ਫੈਕਟਰੀਆਂ ਨੂੰ ਤੁਰੰਤ ਖਾਲੀ ਕਰਨ ਦੀ ਚੇਤਾਵਨੀ ਦਿੱਤੀ, ਜਿਸ ਤੋਂ ਬਾਅਦ ਨਵੇਂ ਹਮਲਿਆਂ ਦੀ ਸੰਭਾਵਨਾ ਵੱਧ ਗਈ ਹੈ। ਫੌਜੀ ਬੁਲਾਰੇ ਕਰਨਲ ਅਵੀਚੇ ਅਦਰੇਈ ਨੇ ਐਕਸ'ਤੇ ਈਰਾਨ ਨੂੰ ਫਾਰਸੀ ਭਾਸ਼ਾ ਵਿੱਚ ਚੇਤਾਵਨੀ ਜਾਰੀ ਕੀਤੀ। ਉਨ੍ਹਾਂ ਦੀ ਚੇਤਾਵਨੀ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਦੇ ਉਸ ਬਿਆਨ ਤੋਂ ਬਾਅਦ ਆਈ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਜੇਕਰ ਇਜ਼ਰਾਈਲ ਆਪਣੇ ਹਮਲੇ ਬੰਦ ਕਰ ਦਿੰਦਾ ਹੈ, ਤਾਂ ਤਹਿਰਾਨ ਵੀ ਇਜ਼ਰਾਈਲ ਤੇ ਆਪਣੇ ਹਮਲੇ ਬੰਦ ਕਰ ਦੇਵੇਗਾ।

## ਈਰਾਨ 'ਤੇ ਇਜ਼ਰਾਈਲੀ ਹਵਾਈ ਹਮਲੇ, 31 ਮੌਤਾਂ

ਤਹਿਰਾਨ, 15 ਜੂਨ (ਚੜ੍ਹਦੀਕਲਾ ਬਿਊਰੋ) : ਈਰਾਨ ਦੇ ਪੂਰਬੀ ਅਜ਼ਰਬਾਈਜਾਨ ਸੂਬੇ ਵਿੱਚ ਇਜ਼ਰਾਈਲੀ ਹਵਾਈ ਹਮਲਿਆਂ ਵਿੱਚ 30 ਫੌਜੀ ਕਰਮਚਾਰੀ ਅਤੇ ਇੱਕ ਬਚਾਅ ਕਰਮਚਾਰੀ ਮਾਰਿਆ



ਗਿਆ ਅਤੇ 55 ਲੋਕ ਜ਼ਖਮੀ ਹੋ ਗਏ। ਸੂਬੇ ਦੇ ਗਵਰਨਰ ਬਹਿਰਾਮ ਸਰਮਸਤ ਨੇ ਇਹ ਜਾਣਕਾਰੀ ਦਿੱਤੀ। ਅਰਧ-ਸਰਕਾਰੀ ਤਸਨੀਮ ਨਿਊਜ਼ ਏਜੰਸੀ ਵੱਲੋਂ ਦਿੱਤੇ ਗਏ ਇੱਕ ਬਿਆਨ ਅਨੁਸਾਰ ਸ਼ੁੱਕਰਵਾਰ ਸਵੇਰੇ ਸ਼ੁਰੂ ਹੋਏ ਹਮਲਿਆਂ ਵਿੱਚ 19 ਵੱਖ-ਵੱਖ ਥਾਵਾਂ 'ਤੇ 55 ਲੋਕ ਜ਼ਖਮੀ ਵੀ ਹੋਏ। ਜਿਨ੍ਹਾਂ ਥਾਵਾਂ ਤੇ ਹਮਲਾ ਕੀਤਾ ਗਿਆ ਹੈ ਉਨ੍ਹਾਂ ਵਿੱਚ ਸੂਬਾਈ ਰਾਜਧਾਨੀ ਵਿੱਚ ਇੱਕ ਪ੍ਰਮੁੱਖ ਲੌਜਿਸਟਿਕਸ ਅਤੇ ਆਵਾਜਾਈ ਕੇਂਦਰ, ਤਬਰੀਜ਼ ਹਵਾਈ ਅੱਡਾ ਵੀ ਸ਼ਾਮਲ ਹੈ। ਈਰਾਨੀ ਮੀਡੀਆ ਨੇ ਨੇੜਲੇ ਸ਼ਾਹਿਦ ਫਕੌਰੀ ਫੌਜੀ ਹਵਾਈ ਅੱਡੇ ਅਤੇ ਆਲੇ ਦੁਆਲੇ ਦੇ ਰੇਲਵੇ ਨੈੱਟਵਰਕ ਦੇ ਕੁਝ ਹਿੱਸਿਆਂ ਨੂੰ ਵਾਧੂ ਨੁਕਸਾਨ ਪਹੁੰਚਾਉਣ ਦੀ ਰਿਪੋਰਟ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਸਵੇਰ ਤੋਂ ਹੀ ਇਜ਼ਰਾਈਲ ਨੇ ਰਾਜਧਾਨੀ ਤਹਿਰਾਨ ਸਮੇਤ ਦੇਸ਼ ਭਰ ਵਿੱਚ ਰਣਨੀਤਕ ਸਥਾਨਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਤਾਲਮੇਲ ਵਾਲੇ ਹਵਾਈ ਹਮਲੇ ਸ਼ੁਰੂ ਕੀਤੇ। ਈਰਾਨੀ ਸਰਕਾਰੀ ਮੀਡੀਆ ਨੇ ਇਨ੍ਹਾਂ ਹਮਲਿਆਂ ਵਿੱਚ ਕਈ ਉੱਚ-ਦਰਜੇ ਦੇ ਫੌਜੀ ਕਮਾਂਡਰਾਂ ਅਤੇ ਪ੍ਰਮੁੱਖ ਪ੍ਰਮਾਣੂ ਵਿਗਿਆਨੀਆਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਇਜ਼ਰਾਈਲੀ ਹਮਲੇ ਦੇ ਜਵਾਬ ਵਿੱਚ ਈਰਾਨ ਨੇ ਸ਼ੁੱਕਰਵਾਰ ਰਾਤ ਤੋਂ ਇਜ਼ਰਾਈਲ ਦੇ ਅੰਦਰ ਫੌਜੀ ਠਿਕਾਣਿਆਂ ਤੇ ਵੱਡੀ ਗਿਣਤੀ ਵਿੱਚ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ।

## ਬਹੁ-ਮੰਜ਼ਿਲਾ ਇਮਾਰਤ ਢਹਿ-ਢੇਰੀ, ਕਈ ਲੋਕਾਂ ਦੇ ਦੱਬੇ ਹੋਣ ਦਾ ਖ਼ਦਸ਼ਾ

ਮਥੁਰਾ, 15 ਜੂਨ (ਚੜ੍ਹਦੀਕਲਾ ਬਿਊਰੋ) : ਜ਼ਿਲ੍ਹੇ ਦੇ ਗੋਵਿੰਦ ਨਗਰ ਥਾਣਾ ਖੇਤਰ ਦੇ ਕੱਚੀ ਸੜਕ ਇਲਾਕੇ ਵਿਚ ਐਤਵਾਰ ਨੂੰ ਇਕ ਬਹੁ-ਮੰਜ਼ਿਲਾ ਇਮਾਰਤ ਢਹਿ ਗਈ ਅਤੇ ਕੁਝ ਲੋਕਾਂ ਦੇ ਮਲਬੇ ਹੇਠ ਫਸੇ ਹੋਣ ਦਾ ਖਦਸ਼ਾ ਹੈ। ਅਧਿਕਾਰੀਆਂ ਨੇ ਹਾਦਸੇ ਦੀ ਪੁਸ਼ਟੀ ਕੀਤੀ। ਫ਼ਿਲਹਾਲ ਮੌਕੇ ਤੇ ਬਚਾਅ ਦਲ ਪਹੁੰਚ ਗਿਆ ਹੈ ਅਤੇ ਰਾਹਤ ਕਾਰਜ ਚ ਜੁੱਟ ਗਿਆ ਹੈ। ਮਥੁਰਾ ਦੇ ਜ਼ਿਲ੍ਹਾ ਮੈਜਿਸਟ੍ਰੇਟ (ਡੀ.ਐਮ.) ਚੰਦਰ ਪ੍ਰਕਾਸ਼ ਸਿੰਘ ਨੇ ਕਿਹਾ ਕਿ ਇਹ ਘਟਨਾ ਉਦੋਂ ਵਾਪਰੀ ਜਦੋਂ ਪੁਰਾਣੇ ਸ਼ਹਿਰ ਦੇ ਭੀੜ-ਭੜੱਕੇ ਵਾਲੇ ਇਲਾਕੇ ਚ ਇੱਕ ਟਿੱਲੇ ਤੇ ਬਣਿਆ ਘਰ ਅਚਾਨਕ ਢਹਿ ਗਿਆ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਮਾਰਤ ਡਿੱਗਣ ਕਾਰਨ ਨੇੜਲੇ 5 ਤੋਂ 6 ਘਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਸੀਨੀਅਰ ਪੁਲਸ ਸੁਪਰਡੈਂਟ ਸ਼ਲੋਕ ਕੁਮਾਰ ਨੇ

(ਬਾਕੀ ਸਫ਼ਾ 11 'ਤੇ)

## ਸੰਪਾਦਕੀ

# ਮਹਾਂ ਸ਼ਕਤੀਆਂ ਦੀ ਅਸਿੱਧੀ ਜੰਗ

ਜਿਸ ਤਰ੍ਹਾਂ ਇਜ਼ਰਾਈਲੀ ਫੌਜ ਨੇ ਸ਼ੁੱਕਰਵਾਰ ਸਵੇਰੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨਾਲ ਸਬੰਧਤ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਬੈਲਿਸਟਿਕ ਮਿਜ਼ਾਈਲਾਂ ਅਤੇ ਹਵਾਈ ਰੱਖਿਆ ਕੇਂਦਰਾਂ 'ਤੇ ਹਮਲਾ ਕੀਤਾ, ਉਸ ਤੋਂ ਬਾਅਦ ਇਹ ਯਕੀਨੀ ਸੀ ਕਿ ਈਰਾਨ ਵੀ ਜਵਾਬੀ ਹਮਲੇ ਹੋਣਗੇ ਅਤੇ ਰਾਤ ਹੋਣ ਤੱਕ ਈਰਾਨ ਨੇ ਤੇਲ ਅਵੀਵ ਤੇ ਬੈਲਿਸਟਿਕ ਮਿਜ਼ਾਈਲਾਂ ਦਾ ਹਮਲਾ ਕੀਤਾ। ਸਵਾਲ ਇਹ ਉੱਠਦਾ ਹੈ ਕਿ ਹਮਲੇ ਦੀ ਇਹ ਸਥਿਤੀ ਕਿਉਂ ਪੈਦਾ ਹੋਈ? ਦਰਅਸਲ, ਅਮਰੀਕਾ ਅਤੇ ਇਜ਼ਰਾਈਲ ਨੂੰ ਯਕੀਨ ਸੀ ਕਿ ਈਰਾਨ ਪ੍ਰਮਾਣੂ ਬੰਬ ਬਣਾਉਣ ਦੇ ਨੇੜੇ ਆ ਰਿਹਾ ਹੈ ਅਤੇ ਇਸ ਕੋਲ ਜਿੰਨੀ ਸਮੱਗਰੀ ਹੈ, ਉਹ ਕੁਝ ਦਿਨਾਂ ਵਿੱਚ ਘੱਟੋ-ਘੱਟ 15 ਬੰਬ ਬਣਾ ਸਕਦਾ ਹੈ। ਇਜ਼ਰਾਈਲ ਲੰਬੇ ਸਮੇਂ ਤੋਂ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਨਜ਼ਰ ਰੱਖ ਰਿਹਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਇੱਕ ਵਾਰ ਜਦੋਂ ਤਹਿਰਾਨ ਇਸ ਵਿਸ਼ਾਲ ਵਿਨਾਸ਼ ਦੇ ਹਥਿਆਰ ਨੂੰ ਫੜ ਲੈਂਦਾ ਹੈ, ਤਾਂ ਇਹ ਇਸਦੇ ਵਜੂਦ ਲਈ ਗੰਭੀਰ ਖ਼ਤਰਾ ਪੈਦਾ ਕਰ ਦੇਵੇਗਾ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਜਨਤਕ ਤੌਰ 'ਤੇ ਕਈ ਵਾਰ ਇਹ ਚੁਣੌਤੀ ਪ੍ਰਗਟ ਕੀਤੀ ਹੈ। ਇਹ ਇਜ਼ਰਾਈਲ ਦੀ ਪੁਰਾਣੀ ਰਣਨੀਤੀ ਹੈ ਕਿ ਜੇਕਰ ਉਸਨੂੰ ਖ਼ਤਰਾ ਮਹਿਸੂਸ ਹੁੰਦਾ ਹੈ, ਤਾਂ ਇਹ ਦੁਸ਼ਮਣ ਨੂੰ ਮਜ਼ਬੂਤ ਹੋਣ ਤੋਂ ਪਹਿਲਾਂ ਹੀ ਕਾਬੂ ਕਰ ਲੈਂਦਾ ਹੈ। ਵੈਸੇ ਵੀ, ਹਰ ਫੌਜੀ ਕਾਰਵਾਈ ਦੇ ਦੋ ਟੀਚੇ ਹੁੰਦੇ ਹਨ–ਫੌਜੀ ਅਤੇ ਰਾਜਨੀਤਿਕ। ਇਜ਼ਰਾਈਲ ਦੇ ਹਮਲੇ ਦਾ ਟੀਚਾ ਈਰਾਨ ਦੀ ਪ੍ਰਮਾਣੂ ਸਮਰੱਥਾ ਨੂੰ ਤਬਾਹ ਕਰਨਾ ਸੀ ਅਤੇ ਉਹ ਇਸ ਉਦੇਸ਼ ਵਿੱਚ ਬਹੁਤ ਹੱਦ ਤੱਕ ਸਫਲ ਰਿਹਾ ਹੈ। ਈਰਾਨ ਦੇ ਬੁਲਾਰੇ ਨੇ ਖੁਦ ਫੋਰਡੋ ਪ੍ਰਮਾਣੂ ਕੇਂਦਰ ਨੂੰ ਹੋਏ ਨੁਕਸਾਨ ਨੂੰ ਸਵੀਕਾਰ ਕੀਤਾ ਹੈ। ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (9151) ਦੇ ਡਾਇਰੈਕਟਰ ਰਾਫੇਲ ਗ੍ਰੋਸੀ ਨੇ ਵੀ ਪੁਸ਼ਟੀ ਕੀਤੀ ਹੈ ਕਿ ਤਹਿਰਾਨ ਨੇ ਉਨ੍ਹਾਂ ਨੂੰ ਫੋਰਡੋ ਦੇ ਨੇੜੇ ਹਮਲੇ ਦੇ ਨਾਲ-ਨਾਲ ਨਤਾਨਜ਼ ਅਤੇ ਇਸਫ਼ਹਾਨ ਪ੍ਰਮਾਣੂ ਕੇਂਦਰਾਂ ਬਾਰੇ ਸੂਚਿਤ ਕੀਤਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਗੰਭੀਰ ਨੁਕਸਾਨ ਹੋਇਆ ਹੈ। ਸ਼ਨੀਵਾਰ ਭਰ, ਈਰਾਨੀ ਠਿਕਾਣਿਆਂ 'ਤੇ ਇਜ਼ਰਾਈਲੀ ਹਮਲਿਆਂ ਦੀਆਂ ਰਿਪੋਰਟਾਂ ਆਉਂਦੀਆਂ ਰਹੀਆਂ। ਸ਼ਨੀਵਾਰ ਦੁਪਹਿਰ ਨੂੰ ਇਜ਼ਰਾਈਲ ਨੇ ਆਪਣੀ ਕਾਰਵਾਈ ਵਿੱਚ ਮਾਰੇ ਗਏ ਨੌਂ ਈਰਾਨੀ ਪ੍ਰਮਾਣੂ ਵਿਗਿਆਨੀਆਂ ਦੀ ਇੱਕ ਰਸਮੀ ਸੂਚੀ ਜਾਰੀ ਕੀਤੀ, ਜਦੋਂ ਕਿ ਤਹਿਰਾਨ ਨੇ ਆਪਣੇ ਦੋ ਉੱਚ ਫੌਜੀ ਅਧਿਕਾਰੀਆਂ ਦੀ ਹੱਤਿਆ ਨੂੰ ਸਵੀਕਾਰ ਕੀਤਾ। ਇਸਨੇ ਇਜ਼ਰਾਈਲ ਤੇ ਇਜ਼ਰਾਈਲੀ ਹਮਲਿਆਂ ਵਿੱਚ 100 ਤੋਂ ਵੱਧ ਈਰਾਨੀ ਨਾਗਰਿਕਾਂ ਨੂੰ ਮਾਰਨ ਦਾ ਵੀ ਦੋਸ਼ ਲਗਾਇਆ। ਸਪੱਸ਼ਟ ਤੌਰ 'ਤੇ ਅਜਿਹੀ ਜਾਣਕਾਰੀ ਦਾ ਅੰਤਰਰਾਸ਼ਟਰੀ ਪ੍ਰਭਾਵ ਹੈ। ਕਿਉਂਕਿ ਬਹੁਤ ਸਾਰੇ ਅਰਬ ਦੇਸ਼ ਖੇਤਰੀ ਅਤੇ ਧਾਰਮਿਕ ਰਾਜਨੀਤੀ ਵਿੱਚ ਈਰਾਨ ਦੇ ਵਿਰੁੱਧ ਰਹੇ ਹਨ, ਇਸ ਲਈ ਤਹਿਰਾਨ ਇਨ੍ਹਾਂ ਅੰਕੜਿਆਂ ਦੀ ਮਦਦ ਨਾਲ ਦੁਨੀਆ ਦੇ ਸਾਰੇ ਮੁਸਲਿਮ ਦੇਸ਼ਾਂ ਨੂੰ ਆਪਣੇ ਹੱਕ ਵਿੱਚ ਲਾਮਬੰਦ ਕਰਨਾ ਚਾਹੇਗਾ। ਹੁਣ ਇਸ ਕੋਸ਼ਿਸ਼ ਵਿੱਚ ਇਹ ਕਿੰਨਾ ਸਫਲ ਹੁੰਦਾ ਹੈ, ਇਹ ਆਉਣ ਵਾਲੇ ਦਿਨਾਂ ਵਿੱਚ ਪਤਾ ਲੱਗੇਗਾ, ਪਰ ਅਰਬ ਦੇਸ਼ ਇਸ ਸਮੇਂ ਨਿਰਪੱਖ ਰੁਖ ਅਪਣਾ ਰਹੇ ਹਨ। ਜੇਕਰ ਉਹ ਈਰਾਨ ਦਾ ਸਮਰਥਨ ਨਹੀਂ ਕਰ ਰਹੇ ਹਨ, ਤਾਂ ਉਹ ਇਸਦਾ ਵਿਰੋਧ ਵੀ ਨਹੀਂ ਕਰ ਰਹੇ ਹਨ। ਬਿਨਾਂ ਸ਼ੱਕ, ਨੇਤਨਯਾਹੂ ਚੰਗੀ ਤਰ੍ਹਾਂ ਜਾਣਦੇ ਹਨ ਕਿ ਈਰਾਨ ਗਾਜ਼ਾ ਨਹੀਂ ਹੈ ਅਤੇ ਇਸਨੂੰ ਢੱਕਣਾ ਆਸਾਨ ਨਹੀਂ ਹੋਵੇਗਾ। ਈਰਾਨ ਕੋਲ 10 ਲੱਖ ਦੀ ਵੱਡੀ ਫੌਜ ਹੈ, ਜਿਸਦੀ ਆਬਾਦੀ ਲਗਭਗ 9 ਕਰੋੜ ਹੈ। ਫਿਰ ਇਸਦੀ ਆਰਥਿਕਤਾ ਅਤੇ ਕੂਟਨੀਤੀ ਨੂੰ ਤੇਲ ਭੰਡਾਰਾਂ ਦਾ ਵੱਡਾ ਸਮਰਥਨ ਪ੍ਰਾਪਤ ਹੈ। ਇੰਨਾ ਹੀ ਨਹੀਂ, ਇਸ ਕੋਲ ਸੇਜਿਲ ਅਤੇ ਇਮਾਦ ਵਰਗੀਆਂ ਮਿਜ਼ਾਈਲਾਂ ਹਨ, ਜੋ 2,500 ਕਿਲੋਮੀਟਰ ਤੱਕ ਮਾਰ ਕਰ ਸਕਦੀਆਂ ਹਨ। ਪੂਰਾ ਇਜ਼ਰਾਈਲ ਇਸ ਸੀਮਾ ਦੇ ਅੰਦਰ ਆਉਂਦਾ ਹੈ। ਈਰਾਨ ਨੂੰ ਤਿੰਨ ਭਿਆਨਕ ਅੱਤਵਾਦੀ ਸੰਗਠਨਾਂ ਹਮਾਸ, ਹੂਤੀ ਅਤੇ ਹਿਜ਼ਬੁੱਲਾ ਦਾ ਵੀ ਪੂਰਾ ਸਮਰਥਨ ਪ੍ਰਾਪਤ ਹੈ। ਇਸੇ ਲਈ ਈਰਾਨ ਤੇ ਇਜ਼ਰਾਈਲੀ ਹਮਲੇ ਤੋਂ ਬਾਅਦ, ਨੇਤਨਯਾਹੂ ਨੇ ਨਾ ਸਿਰਫ਼ ਦੁਨੀਆ ਦੀਆਂ ਦੋਸਤਾਨਾ ਸਰਕਾਰਾਂ ਦੇ ਮੁਖੀਆਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਇਸ ਨਿਸ਼ਾਨਾਬੱਧ ਕਾਰਵਾਈ ਬਾਰੇ ਜਾਣਕਾਰੀ ਦਿੱਤੀ, ਸਗੋਂ ਉਨ੍ਹਾਂ ਨੇ ਈਰਾਨ ਦੇ ਲੋਕਾਂ ਨੂੰ ਉਨ੍ਹਾਂ ਦੇ ਤਾਨਾਸ਼ਾਹੀ ਸ਼ਾਸਨ ਨੂੰ ਉਖਾੜ ਸੁੱਟਣ ਦੀ ਅਪੀਲ ਵੀ ਕੀਤੀ, ਜੋ ਉਨ੍ਹਾਂ ਨੂੰ ਦਹਾਕਿਆਂ ਤੋਂ ਬੰਧਕ ਬਣਾ ਕੇ ਰੱਖ ਰਿਹਾ ਹੈ। ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਈਰਾਨ ਦੇ ਸੁਪਰੀਮ ਲੀਡਰ ਖਮੇਨੀ ਦਾ ਨਾਮ ਲੈਂਦੇ ਹੋਏ ਕਿਹਾ ਹੈ ਕਿ ਹੁਣ ਜੇਕਰ ਈਰਾਨ ਇਜ਼ਰਾਈਲੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਤਾਂ ਤਹਿਰਾਨ ਦੇ ਲੋਕਾਂ ਨੂੰ ਇਸਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਤਹਿਰਾਨ ਸੜ ਜਾਵੇਗਾ। ਤੇਲ ਅਵੀਵ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਟੀਚਾ ਪ੍ਰਾਪਤ ਹੋਣ ਤੱਕ ਆਰਾਮ ਨਾਲ ਨਹੀਂ ਬੈਠੇਗਾ। ਇਹ ਸਪੱਸ਼ਟ ਹੈ ਕਿ ਜੋ ਹਾਲਾਤ ਦਿਖਾਈ ਦੇ ਰਹੇ ਹਨ, ਉਨ੍ਹਾਂ ਵਿੱਚ ਇਸ ਟਕਰਾਅ ਦੇ ਜਲਦੀ ਖਤਮ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਈਰਾਨ ਨੇ ਪੱਛਮੀ ਗੱਠਜੋੜ ਦੇ ਦੇਸ਼ਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਦੇਸ਼ ਇਜ਼ਰਾਈਲ ਤੇ ਈਰਾਨੀ ਹਮਲਿਆਂ ਨੂੰ ਅਸਫਲ ਕਰਨ ਵਿੱਚ ਸ਼ਾਮਲ ਹੁੰਦਾ ਹੈ, ਤਾਂ ਫਾਰਸ ਦੀ ਖਾੜੀ ਅਤੇ ਲਾਲ ਸਾਗਰ ਵਿੱਚ ਤਾਇਨਾਤ ਉਸਦੇ ਜਲ ਸੈਨਾ ਜਹਾਜ਼ ਅਤੇ ਇਸ ਖੇਤਰ ਵਿੱਚ ਇਸਦੇ ਸਾਰੇ ਅੱਡੇ ਈਰਾਨੀ ਜਵਾਬ ਦੇ ਦਾਇਰੇ ਵਿੱਚ ਹੋਣਗੇ। ਈਰਾਨ-ਅਮਰੀਕਾ ਪ੍ਰਮਾਣੂ ਗੱਲਬਾਤ ਦਾ ਛੇਵਾਂ ਦੌਰ ਮਸਕਟ ਵਿੱਚ ਸ਼ੁਰੂ ਹੋਣਾ ਸੀ, ਪਰ ਤਹਿਰਾਨ ਨੇ ਸ਼ਨੀਵਾਰ ਨੂੰ ਇਨ੍ਹਾਂ ਗੱਲਬਾਤਾਂ ਨੂੰ ਬੇਲੋੜਾ ਐਲਾਨ ਦਿੱਤਾ। ਇਹ ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਇਸ ਟਕਰਾਅ ਵਿੱਚ, ਅਮਰੀਕਾ ਇਜ਼ਰਾਈਲ ਦੇ ਪਿੱਛੇ ਹੈ, ਜਦੋਂ ਕਿ ਰੂਸ ਅਤੇ ਚੀਨ ਈਰਾਨ ਦੇ ਪਿੱਛੇ ਹਨ, ਭਾਵ ਮਹਾਂਸ਼ਕਤੀਆਂ ਦੀ ਪ੍ਰੌਕਸੀ ਜੰਗ ਸ਼ੁਰੂ ਹੋ ਗਈ ਹੈ। ਵੈਸੇ ਵੀ, ਹੁਣ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਜਾਂ ਜੰਗਾਂ ਦੀ ਸਫਲਤਾ ਬਹੁਤ ਹੱਦ ਤੱਕ ਹਵਾਈ ਸੈਨਾ ਦੀ ਸਮਰੱਥਾ 'ਤੇ ਨਿਰਭਰ ਕਰਦੀ ਹੈ। ਇਸ ਮੋਰਚੇ 'ਤੇ ਇਜ਼ਰਾਈਲ ਈਰਾਨ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਸਥਿਤੀ ਵਿੱਚ ਹੈ ਅਤੇ ਇਸਨੂੰ ਅਮਰੀਕੀ ਸੁਰੱਖਿਆ ਪ੍ਰਣਾਲੀ ਦਾ ਪੂਰਾ ਸਮਰਥਨ ਵੀ ਪ੍ਰਾਪਤ ਹੈ। ਇਸ ਲਈ ਜੇਕਰ ਇੱਕ ਦੂਜੇ 'ਤੇ ਜਵਾਬੀ ਹਮਲਿਆਂ ਦਾ ਇਹ ਦੌਰ ਲੰਬੇ ਸਮੇਂ ਤੱਕ ਜਾਰੀ ਰਿਹਾ, ਤਾਂ ਈਰਾਨ ਨੂੰ ਹੋਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਸਾਡੇ ਲਈ ਚਿੰਤਾ ਦਾ ਵਿਸ਼ਾ ਇਹ ਹੈ ਕਿ ਸਾਡੇ ਈਰਾਨ ਨਾਲ ਸੱਭਿਆਚਾਰਕ ਅਤੇ ਊਰਜਾ ਸਬੰਧ ਹਨ, ਜਦੋਂ ਕਿ ਇਜ਼ਰਾਈਲ ਸਾਡਾ ਭਰੋਸੇਮੰਦ ਸਾਥੀ ਹੈ, ਜਿਸ ਨਾਲ ਸਾਡੇ ਕਈ ਰੱਖਿਆ ਸਮਝੌਤੇ ਹਨ ਅਤੇ ਦੋਵੇਂ ਦੇਸ਼ ਆਰਥਿਕ ਸਹਿਯੋਗ ਦੇ ਕਈ ਪ੍ਰੋਜੈਕਟਾਂ 'ਤੇ ਇਕੱਠੇ ਕੰਮ ਕਰ ਰਹੇ ਹਨ। ਸਿਰਫ਼ ਭਾਰਤ ਹੀ ਨਹੀਂ, ਸਗੋਂ ਦੁਨੀਆ ਦਾ ਕੋਈ ਵੀ ਸ਼ਾਂਤੀ ਪਸੰਦ ਦੇਸ਼ ਚਾਹੇਗਾ ਕਿ ਇਹ ਟਕਰਾਅ ਜਲਦੀ ਤੋਂ ਜਲਦੀ ਖਤਮ ਹੋ ਜਾਵੇ, ਖਾਸ ਕਰਕੇ ਇਹ ਏਸ਼ੀਆ ਦੀ ਤਰੱਕੀ ਲਈ ਬਹੁਤ ਮਹੱਤਵਪੂਰਨ ਹੈ। -ਜਗਜੀਤ ਸਿੰਘ ਦਰਦੀ

# ਅਕਾਲੀ, ਲਾਣਾ ਇਕੱਠਾ ਕਰਕੇ ਜਿੱਤ ਲੈਣਗੇ-2027 ਚੋਣਾਂ !

ਕਮਲਜੀਤ ਸਿੰਘ ਬਨਵੈਤ
98147 34035

- ਭਾਜਪਾ, ਅਕਾਲੀਆਂ ਨਾਲ ਚੋਣ ਸਮਝੌਤਾ ਕਰਨ ਦੇ ਰੌਂਅ ਵਿੱਚ, ਪਰ ਚੋਣਾਂ ਤੱਕ ਨਹੀਂ ਚੜ੍ਹੇਗਾ ਸਿਰੇ, ਸੁਧਾਰ ਲਹਿਰ ਵੀ ਬਣ ਸਕਦੀ ਹੈ ਭਾਜਪਾ ਦੀ ਪਹਿਲ
- ਅਗਲੇ ਦਿਨੀਂ ਕਾਂਗਰਸ ਦੇ ਕਈ ਲੀਡਰਾਂ ਦੇ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾ
- ਸੁਖਬੀਰ ਬਾਦਲ ਡਿਪਟੀ ਮੁੱਖ ਮੰਤਰੀ ਹੁੰਦਿਆਂ ਭਾਜਪਾਈਆਂ ਨੂੰ ਨਹੀਂ ਸੀ ਦਿੰਦੇ ਖ਼ਾਸ ਤਵੱਕੋ
- ਵਿਕਾਸ ਦੇ ਨਾਂ 'ਤੇ ਆਪਣਿਆਂ ਤੋਂ ਵੋਟਾਂ ਦੀ ਆਸ ਰੱਖਣੀ ਸਥਾਪਤ ਧਿਰ ਦਾ ਵਹਿਮ
- ਪੰਜ ਮੈਂਬਰੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦਾ ਢਾਂਚਾ ਖੜ੍ਹੇ ਕੀਤੇ ਜਾਣ ਪਿੱਛੋਂ ਸੁਧਾਰ ਲਹਿਰ ਆਵੇਗੀ ਅਸਲੀ ਰੰਗ ਵਿੱਚ

ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਖੁਸ਼ਬੂ ਵਿੱਚੋਂ ਨਿਕਲੀ ਪਾਰਟੀ ਹੈ। ਪੰਜਾਬੀਆਂ ਨੇ ਆਪਣਾ ਖ਼ੂਨ ਡੋਲ ਕੇ ਪਾਰਟੀ ਖੜ੍ਹੀ ਕੀਤੀ ਸੀ ਅਤੇ ਬਾਅਦ ਵਿੱਚ ਇਸ ਨੂੰ ਕੁਰਬਾਨੀਆਂ ਨਾਲ ਸਿੰਜਿਆ ਸੀ। ਅਕਾਲੀ ਪਾਰਟੀ ਵਿੱਚੋਂ ਪੰਥ ਝਲਕਦਾ ਸੀ। ਇਹ ਉਹ ਪੰਥਕ ਪਾਰਟੀ ਸੀ ਜਿਹੜੀ ਪੰਜਾਬ ਲਈ ਹੀ ਨਹੀਂ ਸਗੋਂ ਭਾਰਤ ਲਈ ਇੱਕ ਛਾਂ ਕੇ ਲੜੀ। ਅਕਾਲੀ ਦਲ ਦੀ ਫ਼ਤਹਿ ਸੰਘਰਸ਼ ਤੇ ਮੋਰਚਿਆਂ ਵਿੱਚੋਂ ਨਿਕਲਦੀ ਰਹੀ ਸੀ। ਇੱਕ ਸਮਾਂ ਉਹ ਵੀ ਆਇਆ ਜਦੋਂ ਦਿੱਲੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਹੁੰਗਾਰਾ ਦੇਖ ਕਦਮ ਅੱਗੇ ਧਰਦਾ ਸੀ। ਟਕਸਾਲੀ, ਪੰਥ ਦੇ ਨਾਂ 'ਤੇ ਅਕਾਲੀ ਦਲ ਲਈ ਜੂਝ ਮਰਦੇ ਸਨ। ਹੁਣ ਉਸ ਅਕਾਲੀ ਦਲ ਨੂੰ ਸਿੱਖਾਂ/ਪੰਜਾਬੀਆਂ ਨੇ ਮਨੋਂ ਵਿਸਾਰ ਦਿੱਤਾ ਹੈ। ਕਾਰਣ? ਪਤਾ ਹੁੰਦਿਆਂ ਵੀ ਲੀਡਰ ਅੰਦਰ ਆਪਣੇ ਗਲ ਵਿੱਚ ਮੁਆਫ਼ੀ ਦੀ ਫੱਟੀ ਪਾ ਕੇ ਲੋਕਾਂ ਦਾ ਸਾਹਮਣਾ ਕਰਨ ਦਾ ਹੀਆ ਨਹੀਂ ਰਿਹਾ ਹੈ। ਸ੍ਰੀ ਅਕਾਲ ਤਖ਼ਤ ਮੂਹਰੇ ਗੁਨਾਹ ਕਬੂਲ ਕਰਕੇ ਵੀ ਨਿਵ ਕੇ ਚੱਲਣ ਦਾ ਦਮ ਨਹੀਂ ਦਿਖਾਇਆ ਹੈ। ਸ਼ਾਇਦ ਹਾਲੇ ਵੀ ਇਹੋ ਲੱਗਦੇ ਕਿ ਖਿੰਡਰਿਆ ਲਾਣਾ ਇਕੱਠਾ ਕਰਕੇ 2027 ਜਿੱਤਿਆ ਜਾਣਾ ਹੈ।

ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਵਿੱਚ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਦੇ ਮੁੜ ਪਰਤਣ ਨਾਲ ਪਾਰਟੀ ਦੇ ਮੁੜ ਤੋਂ ਮਜ਼ਬੂਤ ਹੋਣ ਦੇ ਸੋਹਲੇ ਗਾਏ ਗਏ। ਉਸ ਤੋਂ ਬਾਅਦ ਸੋਹਣ ਸਿੰਘ ਠੰਡਲ ਦੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਦੁਬਾਰਾ ਤੋਂ ਆਰਟੀ ਵਿੱਚ ਸ਼ਾਮਿਲ ਹੋਣ ਨਾਲ ਪਾਰਟੀ ਨੂੰ ਲਗਾਤਾਰ ਮਜ਼ਬੂਤੀ ਮਿਲਣ ਦਾ ਗੁਣਗਾਣ ਕੀਤਾ ਗਿਆ। ਦੋ ਦਿਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਰਹੇ ਸਿਕੰਦਰ ਸਿੰਘ ਮਲੂਕਾ ਦੇ ਸੁਖਬੀਰ ਸਿੰਘ ਬਾਦਲ ਨਾਲ ਮੁੜ ਬਗਲਗੀਰ ਹੋਣ 'ਤੇ ਬਾਅਦ ਇੰਜ ਸਮਝਿਆ ਜਾਣ ਲੱਗਾ ਹੈ ਕਿ ਲਾਣੇ ਦੇ ਮੁੜ ਇਕੱਠੇ ਹੋਣ ਨਾਲ 2027 ਜਿੱਤਣ ਲਈ ਮੁੱਢ ਬੱਝ ਗਿਆ ਹੈ। ਉਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਪੰਜਾਬ ਦੀ ਇਸਤਰੀ ਵਿੰਗ ਦੀ ਪ੍ਰਧਾਨ ਪ੍ਰੀਤੀ ਮਲਹੋਤਰਾ ਨੇ ਜਦੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਤਾਂ ਇੱਕ ਤਰ੍ਹਾਂ ਨਾਲ ਲੋਕਾਂ ਦਾ ਸਰਕਾਰ ਤੋਂ ਮੋਹ ਭੰਗ ਹੋਣ ਦੇ ਕਸੀਦੇ ਪੜ੍ਹੇ ਗਏ। ਸ਼ਾਇਦ ਇਹ ਭੁੱਲ ਗਏ ਕਿ ਜਿਹੜੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਕੇ ਆਮ ਤੋਂ ਖ਼ਾਸ ਨਹੀਂ ਬਣ ਸਕੇ ਉਹ ਮੁੜ ਉਸੇ ਪਾਰਟੀ ਦੀ ਝੋਲੀ ਵਿੱਚ ਆ ਪਏ ਹਨ, ਜਿਨ੍ਹਾਂ ਨੂੰ 2022 ਵਿੱਚ ਬੁਰੀ ਤਰ੍ਹਾਂ ਨਕਾਰਿਆ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਤ ਧਿਰ ਨਾ ਜਾਣੇ ਸੱਚ ਸਮਝੀ ਹੋਵੇ ਕਿ ਖਿੰਡਰਿਆ ਕੁਨਬਾ ਇਕੱਠਾ ਕਰਨ ਨਾਲ 2027 ਜਿੱਤਿਆ ਜਾਣਾ ਹੈ। ਅਸਲ ਵਿੱਚ 2017 ਤੋਂ ਲੈ ਕੇ 2024 ਤੱਕ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਰੱਦ ਕੀਤਾ ਸੀ। ਜਦੋਂ ਤੱਕ ਲੋਕ ਸ਼੍ਰੋਮਣੀ ਅਕਾਲੀ ਦਲ ਨੂੰ ਗਲ ਨਾਲ ਨਹੀਂ ਲਾਉਂਦੇ ਉਦੋਂ ਤੱਕ ਸੌਦਾ ਹੱਥ ਨਹੀਂ ਪੈਣਾ ਹੈ।

ਸਥਾਪਿਤ ਧਿਰ ਚਿਰਾਂ ਤੋਂ ਭਾਰਤੀ ਜਨਤਾ ਪਾਰਟੀ ਅਤੇ ਸਰਕਾਰੀ ਏਜੰਸੀਆਂ ਉੱਤੇ ਸਾਜ਼ਿਸ਼ਾਂ ਰਚਣ ਦੇ ਦੋਸ਼ ਮੜ ਰਹੀ ਹੈ ਪਰ ਪਤਾ ਨਹੀਂ ਇਹ ਗੱਲ ਕਦੋਂ ਪੱਲੇ ਪਏਗੀ ਕਿ ਸਾਜਿਸ਼ ਤਾਂ ਲੋਕਾਂ ਨੇ ਰਚੀ ਹੈ।

ਦੂਜੇ ਬੰਨੇ ਸ਼੍ਰੋਮਣੀ ਅਕਾਲੀ ਦਲ ਦੇ ਭਾਰਤੀ ਜਨਤਾ ਪਾਰਟੀ ਨਾਲ ਮੁੜ ਤੋਂ ਸਿਆਸੀ ਗੱਠਜੋੜ ਦੀ ਚਰਚਾ ਸ਼ੁਰੂ ਹੋ ਗਈ ਹੈ। ਸਿਕੰਦਰ ਸਿੰਘ ਮਲੂਕਾ ਜਿਨ੍ਹਾਂ ਦੀ ਨੂੰਹ ਪਰਮਪਾਲ ਕੌਰ ਅਤੇ ਬੇਟਾ ਗੁਰਪ੍ਰੀਤ ਸਿੰਘ ਨੇ ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲਿਆ ਸੀ, ਦੇ ਮੁੜ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਨਾਲ ਇਸ ਪਾਸੇ ਨੂੰ ਗੱਲ ਵੱਧ ਰਹੀ ਦਿਸਣ ਲੱਗੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਅਤੇ ਕਾਰਜਕਾਰੀ ਪ੍ਰਧਾਨ ਰਹੇ ਬਲਵਿੰਦਰ ਸਿੰਘ ਭੂੰਦੜ ਨੇ ਗੱਲ ਉਦੋਂ ਸਿਰੇ ਲਾ ਦਿੱਤੀ ਜਦੋਂ ਉਹਨਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਹਿ ਦਿੱਤਾ ਕਿ ਜੇ ਭਾਰਤੀ ਜਨਤਾ ਪਾਰਟੀ ਸਾਰੀਆਂ ਨਹੀਂ ਥੋੜੀਆਂ ਗੱਲਾਂ ਵੀ ਮੰਨ ਲੈਂਦੀ ਹੈ ਤਾਂ 2027 ਦੀ ਚੋਣ ਰਲ ਕੇ ਲੜਨ ਵਿੱਚ ਭਲਾਂ ਹਰਜ਼ ਕੀ ਹੋਇਆ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਤਾਂ ਕਈ ਚਿਰਾਂ ਤੋਂ ਅਕਾਲੀਆਂ ਨਾਲ ਮੁੜ ਕੇ ਨਹੁੰ ਮਾਸ ਦਾ ਰਿਸ਼ਤਾ ਜੋੜਨ ਦੀ ਵਕਾਲਤ ਕਰਦੇ ਆ ਰਹੇ ਹਨ। ਉਨ੍ਹਾਂ ਨੇ ਤਾਂ ਮਰਹੂਮ ਸੁਖਦੇਵ ਸਿੰਘ ਢੀਂਡਸਾ ਦੇ ਭੋਗ ਮੌਕੇ ਵੀ ਅਕਾਲੀਆਂ ਨੂੰ ਵਿਰਾਸਤ ਦਾ ਇੰਤਕਾਲ ਕਿਸੇ ਹੋਰ ਦੇ ਨਾਂ ਕਰਵਾਏ ਜਾਣ ਦਾ ਹਲੂਣਾ ਦੇ ਦਿੱਤਾ ਸੀ। ਅਕਾਲੀ ਦਲ ਅਤੇ ਭਾਜਪਾ ਦੋਹਾਂ ਨੂੰ ਪਤਾ ਹੈ ਕਿ ਪਾਰ ਉਤਾਰਾ ਰਲ ਕੇ ਹੀ ਹੋਣਾ ਹੈ। ਭਾਜਪਾ ਕੋਲੇ ਆਪਸ਼ਨ ਖੁੱਲੀ ਹੈ ਉਹ ਸੁਧਾਰ ਲਹਿਰ ਦਾ ਪਲੜਾ ਭਾਰੀ ਦੇਖ ਕੇ ਉਧਰ ਨੂੰ ਵੀ ਕਦਮ ਚੁੱਕ ਸਕਦੇ ਹਨ।

ਸਿਆਸਤ ਦੀ ਸਮਝ ਰੱਖਣ ਵਾਲੇ ਇਹ ਜਾਣਦੇ ਹਨ ਕਿ ਸੁਧਾਰ ਲਹਿਰ ਦੇ ਸਿਆਸਤ ਵਿੱਚੋਂ ਹਾਲ ਦੀ ਘੜੀ ਮਨਫੀ ਰਹਿਣ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਲਾਣਾ ਸੁਖਬੀਰ ਸਿੰਘ ਬਾਦਲ ਦਾ ਪੱਲਾ ਫੜਨ ਲੱਗਾ ਹੈ। ਸਿਆਸਤ ਦੀ ਸਮਝ ਰੱਖਣ ਵਾਲੇ ਤਾਂ ਇਹ ਵੀ ਕਹਿੰਦੇ ਹਨ ਕਿ ਜੇ ਪੰਜ ਮੈਂਬਰੀ ਕਮੇਟੀ ਦੀ ਭਰਤੀ ਮੁਹਿੰਮ ਚੱਲਣ ਦੇ ਨਾਲ ਨਾਲ ਸੁਧਾਰ ਲਹਿਰ ਸਿਆਸੀ ਸਰਗਰਮੀਆਂ ਜਾਰੀ ਰੱਖਦੀ ਤਾਂ ਸੁਖਬੀਰ ਸਿੰਘ ਬਾਦਲ ਵੱਲ ਲਾਣਾ ਇੰਨੀ ਸਹਿਜੇ ਪਰਤਣਾ ਨਹੀਂ ਸੀ ਸ਼ੁਰੂ ਹੋਣਾ। ਦੋ ਦਸੰਬਰ ਦੇ ਹੁਕਮਨਾਮੇ ਨੂੰ ਸੁਧਾਰ ਲਹਿਰ ਅਤੇ ਪੰਜ ਮੈਂਬਰੀ ਕਮੇਟੀ ਸਮਰਪਿਤ ਲੱਗਦੀ ਹੈ। ਜਦੋਂ ਕਿ ਸੁਖਬੀਰ ਸਿੰਘ ਬਾਦਲ ਦੋ ਦਸੰਬਰ ਦੇ ਹੁਕਮਨਾਮੇ ਨੂੰ ਅੱਧ-ਪਚੱਧਾ ਮੰਨ ਕੇ ਮੁੱਖ ਮੋੜ ਗਏ ਸਨ। ਹੁਕਮਨਾਮੇ ਦਾ ਧਾਰਮਿਕ ਪੱਖ ਉਹਨਾਂ ਨੇ ਨਿਮਾਣੇ ਸਿੱਖ ਵਜੋਂ ਨਿਭਾ ਲਿਆ ਜਦ ਕਿ ਰਾਜਨੀਤਕ ਪੱਖ ਉਹਨਾਂ ਨੂੰ ਰਾਸ ਆਉਂਦਾ ਨਹੀਂ ਲੱਗਾ, ਉਹਨਾਂ ਨੇ ਕਾਨੂੰਨ ਦੀ ਆੜ ਹੇਠ ਟਾਲਾ ਵੱਟ ਲਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ 2 ਦਸੰਬਰ ਨੂੰ ਜਾਰੀ ਕੀਤੇ ਹੁਕਮਨਾਮੇ ਵਿੱਚ ਸੱਤ ਮੈਂਬਰੀ ਭਰਤੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਲਈ ਭਰਤੀ ਕਰਕੇ ਨਵਾਂ ਢਾਂਚਾ ਕਾਇਮ ਕਰਨ ਲਈ ਕਿਹਾ ਗਿਆ ਸੀ। ਪੰਜ ਸਿੰਘ ਸਾਹਿਬਾਨ ਨੇ ਤਾਂ ਇਹ ਵੀ ਕਹਿ ਦਿੱਤਾ ਸੀ ਕਿ ਪੁਰਾਣੀ ਲੀਡਰਸ਼ਿਪ ਪੰਥ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ ਅਤੇ ਇਹ ਯੋਗ ਨਹੀਂ ਰਹੀ ਹੈ। ਸੱਤ ਮੈਂਬਰੀ ਕਮੇਟੀ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਧਾਮੀ ਅਤੇ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਦੇ ਕਿਰ ਜਾਣ ਤੋਂ ਬਾਅਦ ਪੰਜ ਮੈਂਬਰ ਰਹਿ ਗਏ ਸਨ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਅਤੇ ਪੰਜ ਮੈਂਬਰੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਾਈ ਜ਼ਿੰਮੇਵਾਰੀ ਸ਼ਾਇਦ ਅੱਗੇ ਵਧਣਾ ਨਹੀਂ ਚਾਹੁੰਦੀ ਹੈ। ਇਸ ਦੇ ਚੱਲਦਿਆਂ ਸੱਤਾ 'ਤੇ ਕਾਬਜ਼ ਹੋਣ ਦੇ ਕਾਹਲੇ ਸੁਖਬੀਰ ਸਿੰਘ ਬਾਦਲ ਦੇ ਬੇੜੇ ਵਿੱਚ ਆ ਕੇ ਸਵਾਰ ਹੋਣ ਲੱਗੇ ਹਨ। ਉਹਨਾਂ ਦੇ ਮਨ ਵਿੱਚ ਇਹ ਸ਼ੰਕਾ ਵੀ ਹੋ ਸਕਦੀ ਹੈ ਕਿ ਨਾ ਜਾਣੇ ਸੁਧਾਰ ਲਹਿਰ ਸ਼੍ਰੋਮਣੀ ਅਕਾਲੀ ਦਲ ਖੜ੍ਹਾ ਵੀ ਕਰ ਸਕੇ। ਸੁਧਾਰ ਲਹਿਰ ਕੋਲੇ ਇਹ ਆਪਸ਼ਨ ਸੀ ਕਿ ਉਹ ਇੱਕ ਪੰਜ ਮੈਂਬਰੀ ਕਮੇਟੀ ਬਣਾ ਕੇ ਸਿਆਸੀ ਗਤੀਵਿਧੀਆਂ ਜਾਰੀ ਰੱਖਦੀ ਪਰ ਉਹ ਹੁਕਮਨਾਮੇ ਦੀ ਅਵਗਿਆ ਦੇ ਹੱਕ ਵਿੱਚ ਨਹੀਂ ਲੱਗਦੀ ਹੈ। ਸਿਆਸੀ ਸਮਝ ਰੱਖਣ ਵਾਲੇ ਇਹ ਮੰਨਦੇ ਹਨ ਕਿ ਸੁਧਾਰ ਲਹਿਰ ਦੇ ਸਰਗਰਮ ਰਾਜਨੀਤੀ ਵਿੱਚੋਂ ਮਨਫੀ ਹੋਣ ਨਾਲ ਸਿਆਸੀ ਤੌਰ 'ਤੇ ਲਗਾਤਾਰ ਘਾਟਾ ਖਾਧਾ ਜਾ ਰਿਹਾ ਹੈ। ਪੰਜ ਮੈਂਬਰੀ ਭਰਤੀ ਕਮੇਟੀ ਨੂੰ ਜਿਵੇਂ ਲੋਕਾਂ ਵੱਲੋਂ ਆਪ ਮੁਹਾਰੇ ਹੁੰਗਾਰਾ ਭਰਿਆ ਜਾ ਰਿਹਾ ਹੈ ਉਸ ਤੋਂ ਬਾਅਦ ਮਿਹਨਤ ਨੂੰ ਫ਼ਲ ਪੈਣ ਦੀ ਉਮੀਦ ਕੀਤੀ ਜਾਣੀ ਬਣਦੀ ਹੈ। ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੀ ਦਸੰਬਰ ਦੇ ਹੁਕਮਨਾਮੇ ਮੁਤਾਬਿਕ ਪੁਰਾਣੀ ਲੀਡਰਸ਼ਿਪ ਮੋਹ ਛੱਡਦੀ ਹੈ ਕਿ ਨਹੀਂ? ਜੇ ਨਹੀਂ ਤਾਂ ਦੋਨਾਂ ਧਿਰਾਂ ਵਿੱਚ ਕੋਈ ਫਰਕ ਨਹੀਂ ਰਹਿ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਜੋ ਸੰਭਾਵਿਤ ਗਠਜੋੜ ਦੀ ਗੱਲ ਕਰੀਏ ਤਾਂ ਸੁਖਬੀਰ ਸਿੰਘ ਬਾਦਲ ਨੇ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਭਾਰਤੀ ਜਨਤਾ ਪਾਰਟੀ ਦੀ ਕਦੇ ਖੁੱਲ ਕੇ ਆਲੋਚਨਾ ਨਹੀਂ ਕੀਤੀ ਹੈ। ਦੱਬਵੀਂ ਜੀਭ ਨਾਲ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਸੰਸਥਾਵਾਂ ਉੱਤੇ ਕਾਬਜ਼ ਹੋਣ ਦੇ ਦੋਸ਼ ਜ਼ਰੂਰ ਲਾਏ ਹਨ। ਭਾਰਤ ਅਤੇ ਪਾਕਿਸਤਾਨ ਦਰਮਿਆਨ ਛਿੜੀ ਅਣਐਲਾਨੀ ਜੰਗ ਮੌਕੇ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਜ਼ਰੂਰ ਗਾਏ ਹਨ। ਤਿੰਨ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਨੇ ਅਣ ਸਰਦੇ ਨੇ ਭਾਜਪਾ ਨਾਲੋਂ ਨਾਤਾ ਤੋੜਿਆ ਸੀ। ਸੋਚਣ ਵਾਲੀ ਗੱਲ ਇਹ ਹੈ ਕਿ ਕੀ ਕੀ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਭਾਜਪਾ ਤੇ ਅਕਾਲੀ ਦਲ ਵਿੱਚ ਤੋੜ ਵਿਛੋੜਾ ਹੋਇਆ ਸੀ ਕਿ ਉਹ ਮੁੱਦੇ ਹਨ, ਹੱਲ ਹੋ ਗਏ ਹਨ, ਜਿਨ੍ਹਾਂ ਕਰਕੇ ਮੁੜ ਤੋਂ ਰਿਸ਼ਤਾ ਜੋੜਨ ਦੀ ਕਾਹਲ ਪੈ ਗਈ ਹੈ।

ਸਾਡੀ ਸਮਝ ਤੋਂ ਇਹ ਵੀ ਬਾਹਰ ਦੀ ਗੱਲ ਹੈ ਕਿ ਪੰਜਾਬੀਆਂ ਨੇ ਅਕਾਲੀਆਂ ਵੱਲੋਂ ਕੀਤੇ ਗੁਨਾਹਾਂ ਕਰਕੇ ਉਹਨਾਂ ਨੂੰ ਸਜ਼ਾ ਦਿੱਤੀ ਸੀ। ਕੀ ਪੰਜਾਬੀਆਂ ਨੇ ਹੁਣ ਅਕਾਲੀਆਂ ਨੂੰ ਮੁਆਫ਼ ਕਰ ਦਿੱਤਾ ਹੈ ਕਿ ਉਹ ਹੁੰਗਾਰੇ ਦੀ ਉਮੀਦ ਰੱਖ ਕੇ ਮੁੜ ਸਤਾ ਉੱਤੇ ਕਾਬਜ਼ ਹੋਣ ਦੇ ਸੁਪਨੇ ਦੇਖਣ ਲੱਗੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਰੇਕ ਇਕੱਠ ਨੂੰ ਸੰਬੋਧਨ ਕਰਨ ਵੇਲੇ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੇ ਸੋਹਲੇ ਗਾਉਂਦੇ ਹਨ। ਸ਼ਾਇਦ ਉਹ ਭੁੱਲ ਜਾਂਦੇ ਹਨ ਕਿ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਮੁਆਫ਼ੀ ਦਿਵਾਉਣ ਵੇਲੇ ਮੁੱਖ ਭੂਮਿਕਾ ਉਹਨਾਂ ਨੇ ਨਿਭਾਈ ਸੀ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਸ਼ੁਰੂ ਹੋਈਆਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਾਪਰਿਆ, ਉਦੋਂ ਮੁੱਖ ਮੰਤਰੀ ਵੀ ਉਹ ਹੀ ਸਨ। ਸੁਖਬੀਰ ਸਿੰਘ ਬਾਦਲ ਉਸ ਵੇਲੇ ਗ੍ਰਹਿ ਮੰਤਰੀ ਸਨ। ਆਪਣੇ ਭਾਸ਼ਣ ਵਿੱਚ ਦੋ ਨੰਬਰ 'ਤੇ ਜ਼ੋਰ ਉਹ ਅਕਾਲੀ ਸਰਕਾਰ ਦੇ ਰਾਜ ਦੌਰਾਨ ਵਿਕਾਸ ਦੇ ਕੰਮਾਂ ਉੱਤੇ ਦਿੰਦੇ ਹਨ। ਜੇ ਪੰਜਾਬੀਆਂ ਨੇ ਅਕਾਲੀਆਂ ਵੱਲੋਂ ਕੀਤੇ ਗੁਨਾਹਾਂ ਨੂੰ ਭੁੱਲ ਕੇ ਵਿਕਾਸ ਦੇ ਕੰਮਾਂ ਨੂੰ ਚੇਤੇ ਰੱਖਿਆ ਹੁੰਦਾ ਤਾਂ ਆਹ ਦਿਨਾਂ ਦੀ ਨੌਬਤ ਨਹੀਂ ਸੀ ਆਉਣੀ। ਕੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪੁੱਲਾਂ ਅਤੇ ਸੜਕਾਂ ਦੀ ਉਸਾਰੀ ਨੂੰ ਹੀ ਵਿਕਾਸ ਮੰਨਦੇ ਹਨ। ਲੋਕਾਂ ਨਾਲ ਹੋਰ ਜੁੜੇ ਮੁੱਦਿਆਂ 'ਤੇ ਕੰਮ ਨਹੀਂ ਸੀ ਹੋਣਾ ਚਾਹੀਦਾ? ਉਹ ਸੱਚ ਮੁੱਚ ਦਿਲੋਂ ਇਹ ਮਹਿਸੂਸ ਕਰਦੇ ਹਨ ਕਿ ਲੋਕ ਵਿਕਾਸ ਦੇ ਨਾਂ 'ਤੇ ਪਰਚ ਜਾਣਗੇ।

ਜੇ ਅਕਾਲੀ ਦਲ ਦਾ ਖਿੰਡਰਿਆ ਲਾਣਾ ਇਕੱਠਿਆਂ ਕਰਨ ਨਾਲ 2027 ਦੀਆਂ ਚੋਣਾਂ ਜਿੱਤੀਆਂ ਜਾ ਸਕਣਗੀਆਂ ਤਾਂ 2017 ਤੋਂ 2024 ਤੱਕ ਅਕਾਲੀ ਇਕੱਠੇ ਸਨ ਤਾਂ ਇੱਕ ਤੋਂ ਬਾਅਦ ਦੂਜੀ ਹਾਰ ਦਾ ਮੂੰਹ ਕਿਉਂ ਦੇਖਣਾ ਪੈਂਦਾ ਰਿਹਾ ਹੈ।

ਬਿਨਾਂ ਸ਼ੱਕ ਪੰਜਾਬੀਆਂ ਨੂੰ ਬਦਲਾਅ ਪਸੰਦ ਨਹੀਂ ਆਇਆ। ਕਾਂਗਰਸ ਖੱਖੜੀਆਂ ਕਰੇਲੇ ਹੋਈ ਪਈ ਹੈ। ਕਈ ਅਕਾਲੀ ਇਹ ਵੀ ਦਾਅਵਾ ਕਰਦੇ ਕਿ ਜੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲੀ ਕਾਂਗਰਸ ਪਾਰਟੀ ਪੰਜਾਬ ਵਿੱਚ ਦੋ ਵਾਰ ਸੱਤਾ ਉੱਤੇ ਆ ਸਕਦੀ ਹੈ ਤਦ ਉਹਨਾਂ ਦੇ ਗੁਨਾਹ ਤਾਂ ਉਸ ਤੋਂ ਵੱਡੇ ਨਹੀਂ ਹਨ। ਪਰ ਉਹ ਭੁੱਲ ਰਹੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਂਦ ਵਿੱਚ ਆਇਆ ਸੀ। ਅਕਾਲੀ ਦਲ ਆਪਣੇ ਆਪ ਨੂੰ ਸਿੱਖਾਂ ਦੀ ਪ੍ਰਤੀਨਿੱਧ ਜਥੇਬੰਦੀ ਅਖਵਾਉਣ ਉਣ ਦਾ ਦਾਅਵਾ ਕਰ ਰਿਹਾ ਹੈ। ਅਕਾਲੀਆਂ ਨੇ ਪੰਥ ਦੇ ਨਾਂ 'ਤੇ ਕੁਰਬਾਨੀਆਂ ਦਾ ਇਤਿਹਾਸ ਸਿਰਜਿਆ ਹੈ। ਪੰਜਾਬੀ, ਸ਼੍ਰੋਮਣੀ ਅਕਾਲੀ ਦਲ ਨੂੰ ਕਾਂਗਰਸ ਨਾਲੋਂ ਨਿਖੇੜ ਕੇ ਅਤੇ ਪੰਥ ਦੀ ਪਾਰਟੀ ਵਜੋਂ ਦੇਖਦੇ ਆਏ ਹਨ। ਸ਼੍ਰੋਮਣੀ ਅਕਾਲੀ ਦਲ ਚਾਹੇ ਦਾਗੀਆਂ ਦਾ ਧੜਾ ਹੋਵੇ ਜਾਂ ਬਾਗੀਆਂ ਦਾ, ਜਦੋਂ ਤੱਕ ਆਪਣੀ ਛੱਡੀ ਵਿਰਾਸਤ ਨੂੰ ਨਾਲ ਲੈ ਕੇ ਨਹੀਂ ਤੁਰਦਾ, ਜਦੋਂ ਤੱਕ ਜੜ੍ਹਾਂ ਨਾਲ ਜੁੜਿਆ ਨਹੀਂ ਜਾਂਦਾ, ਉਦੋਂ ਤੱਕ ਪੰਜਾਬੀਆਂ ਤੋਂ ਗਲੇ ਲਾਉਣ ਦੀ ਉਮੀਦ ਰੱਖਣਾ ਅਹਿਮਕਾਨਾ ਸੋਚ ਹੋਵੇਗੀ।

# ਭਵਿੱਖ ਦੇ ਪੰਜਾਬ ਵਿੱਚ ਬਦਲ ਜਾਣਗੇ ਪੰਜਾਬ, ਪੰਜਾਬੀਅਤ ਦੇ ਅਰਥ !

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਇੱਕ ਵਿਸਥਾਰਤ ਵਿਸ਼ਲੇਸ਼ਣ ਇਹ ਦੱਸਦਾ ਹੈ ਕਿ ਆਉਣ ਵਾਲੇ ਦਹਾਕੇ ਵਿੱਚ ਪੰਜਾਬ ਦੀ ਸੱਭਿਆਚਾਰਕ ਤਸਵੀਰ ਅਰਥਾਤ ਪੰਜਾਬ ਵਿੱਚ ਪੰਜਾਬੀ, ਪੰਜਾਬ ਤੇ ਪੰਜਾਬੀਅਤ ਦੀ ਪੂਰੀ ਤਸਵੀਰ ਅਤੇ ਤਮੀਜ਼ ਤੇ ਵਿਵਹਾਰ ਸਭ ਕੁੱਝ ਬਦਲ ਜਾਵੇਗਾ ਤੇ ਇਸਦੇ ਨਤੀਜੇ ਕੀ ਹੋਣਗੇ ਅਤੇ ਫ਼ਿਰ ਭਵਿੱਖ ਵਿੱਚ ਕਿਹੋ ਜਿਹਾ ਪੰਜਾਬ ਦਾ ਸੱਭਿਆਚਾਰ ਬਣੇਗਾ। ਇਹ ਹੁਣ ਨਵੀਂ ਬਦਲਦੀ ਦੁਨੀਆ ਤੈਅ ਕਰੇਗੀ ਜਿੱਥੇ ਪੰਜਾਬ ਦੀ ਡੈਮੋਗਰਾਫੀ ਵੀ ਬਦਲ ਗਈ ਹੈ।ਪੰਜਾਬ, ਜਿਸ ਨੂੰ ਪੰਜ ਨਦੀਆਂ ਦੀ ਧਰਤੀ ਅਤੇ ਗੁਰੂਆਂ-ਪੀਰਾਂ ਦੀ ਪਵਿੱਤਰ ਭੂਮੀ ਵਜੋਂ ਜਾਣਿਆ ਜਾਂਦਾ ਹੈ, ਅੱਜ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਤਬਦੀਲੀਆਂ ਦੇ ਇੱਕ ਅਜਿਹੇ ਦੌਰ ਵਿੱਚੋਂ ਲੰਘ ਰਿਹਾ ਹੈ, ਜੋ ਇਸ ਦੀ ਪੁਰਾਤਨ ਵਿਰਾਸਤ ਨੂੰ ਨਵੀਆਂ ਚੁਣੌਤੀਆਂ ਦੇ ਸਾਹਮਣੇ ਲਿਆ ਖੜ੍ਹਾ ਕਰ ਰਿਹਾ ਹੈ। ਇੱਕ ਪਾਸੇ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਰੁਝਾਨ ਰੱਖਦੀ ਹੈ, ਦੂਜੇ ਪਾਸੇ ਨਸ਼ਿਆਂ, ਅਪਰਾਧ ਅਤੇ ਸਮਾਜਿਕ ਅਸਥਿਰਤਾ ਨੇ ਸਮਾਜ ਦੀਆਂ ਜੜ੍ਹਾਂ ਨੂੰ ਕਮਜ਼ੋਰ ਕੀਤਾ ਹੈ। ਇਹ ਸੱਚ ਹੈ ਕਿ ਪੰਜਾਬ ਅੱਜ ਇੱਕ ਅਜਿਹੇ ਦੌਰ 'ਚੋਂ ਗੁਜ਼ਰ ਰਿਹਾ ਹੈ, ਜਿੱਥੇ ਇਸ ਦੀ ਪੁਰਾਤਨ ਵਿਰਾਸਤ ਅਤੇ ਆਧੁਨਿਕਤਾ ਵਿਚਕਾਰ ਸੰਘਰਸ਼ ਜਾਰੀ ਹੈ। ਨਸ਼ਿਆਂ, ਅਪਰਾਧ ਅਤੇ ਵਿਦੇਸ਼ ਪ੍ਰਵਾਸ ਨੇ ਸਮਾਜ ਨੂੰ ਚੁਣੌਤੀਆਂ ਦਿੱਤੀਆਂ ਹਨ, ਪਰ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਪੰਜਾਬੀ ਸੱਭਿਆਚਾਰ ਦੀ ਮਜ਼ਬੂਤੀ ਨਾਲ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ।ਪੰਜਾਬ ਦਾ ਸੱਭਿਆਚਾਰ, ਜੋ ਕਦੇ ਸਾਂਝੀਵਾਲਤਾ, ਮਿਹਨਤ ਅਤੇ ਗੁਰਮਤਿ ਦੇ ਸਿਧਾਂਤਾਂ 'ਤੇ ਅਧਾਰਤ ਸੀ ਅੱਜ ਪੱਛਮੀ ਪ੍ਰਭਾਵ, ਵਿਸ਼ਵੀਕਰਨ ਅਤੇ ਆਧੁਨਿਕਤਾ ਦੇ ਦਬਾਅ ਹੇਠ ਬਦਲ ਰਿਹਾ ਹੈ। ਇਸ ਮੌਕੇ 'ਤੇ ਅਸੀਂ ਪੰਜਾਬ ਦੇ ਸਮਾਜ ਦੇ ਬਦਲਦੇ ਰੁਝਾਨਾਂ, ਕਤਲੋ-ਗਾਰਤ, ਨਸ਼ਿਆਂ ਅਤੇ ਅਪਰਾਧ ਦੀ ਸਮੱਸਿਆ, ਵਿਦੇਸ਼ ਪ੍ਰਵਾਸ, ਸੱਭਿਆਚਾਰਕ ਤਬਦੀਲੀਆਂ ਅਤੇ ਗੁਰੂਆਂ ਦੀ ਵਿਰਾਸਤ ਦੇ ਭਵਿੱਖ 'ਤੇ ਚਰਚਾ ਕਰਾਂਗੇ ਅਤੇ ਨਾਲ ਹੀ ਆਂਕੜਿਆਂ ਅਤੇ ਤੱਥਾਂ ਦੀ ਮਦਦ ਨਾਲ ਪੰਜਾਬ ਦੇ ਭਵਿੱਖ ਦੀ ਇੱਕ ਸੰਭਾਵਿਤ ਤਸਵੀਰ ਪੇਸ਼ ਕੀਤੀ ਜਾਵੇਗੀ। ਪੰਜਾਬ ਵਿੱਚ ਸਮਾਜ ਦੇ ਬਦਲਦੇ ਰੁਝਾਨ ਹੁਣ ਆਪਣੇ ਸੋਸ਼ਲ ਨੈੱਟਵਰਕਿੰਗ ਰਾਹੀਂ ਸਾਫ਼ ਵਿਖਾਈ ਦੇ ਰਹੇ ਹਨ ਅਤੇ ਪੰਜਾਬ ਦਾ ਸਮਾਜ ਜੋ ਕਦੇ ਖੇਤੀਬਾੜੀ, ਪਰਿਵਾਰਕ ਰਿਸ਼ਤਿਆਂ ਅਤੇ ਸਾਂਝੀਵਾਲਤਾ ਦੀ ਮਿਸਾਲ ਸੀ, ਹੁਣ ਤੇਜ਼ੀ ਨਾਲ ਬਦਲ ਰਿਹਾ ਹੈ। ਵਿਸ਼ਵੀਕਰਨ ਅਤੇ ਤਕਨੀਕੀ ਤਰੱਕੀ ਨੇ ਜਿੱਥੇ ਜੀਵਨ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਉੱਥੇ ਸਮਾਜਿਕ ਕਦਰਾਂ-ਕੀਮਤਾਂ 'ਤੇ ਵੀ ਅਸਰ ਪਾਇਆ ਹੈ।

ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਅੱਜ ਦੀ ਪੰਜਾਬੀ ਨੌਜਵਾਨ ਪੀੜ੍ਹੀ ਪੱਛਮੀ ਸੱਭਿਆਚਾਰ ਵੱਲ ਆਕਰਸ਼ਤ ਹੋ ਰਹੀ ਹੈ। ਫੈਸ਼ਨ, ਸੰਗੀਤ ਅਤੇ ਜੀਵਨ-ਸ਼ੈਲੀ ਵਿੱਚ ਪੱਛਮੀ ਪ੍ਰਭਾਵ ਸਾਫ ਦਿਖਾਈ ਦਿੰਦਾ ਹੈ। ਪੰਜਾਬੀ ਪਹਿਰਾਵੇ ਜਿਵੇਂ ਕੁੜਤੀ-ਸਲਵਾਰ ਅਤੇ ਪੱਗੜੀ ਦੀ ਥਾਂ ਜੀਨਜ਼, ਟੀ-ਸ਼ਰਟਸ ਅਤੇ ਕੈਜੁਅਲ ਪਹਿਰਾਵੇ ਨੇ ਲੈ ਲਈ ਹੈ। ਅੱਜਕੱਲ, ਲਿਬਾਸ ਤੇ ਪਹਿਰਾਵੇ ਦੇ ਵਿਸ਼ਵੀਕਰਨ ਨੇ ਸਾਨੂੰ ਸਰੀਰ ਨੂੰ ਢੱਕਣ ਦੀ ਬਜਾਏ ਨੁਮਾਇਸ਼ ਕਰਨ ਵੱਲ ਧੱਕਿਆ ਹੈ। ਰਿਸ਼ਤਿਆਂ ਦੀ ਗਿਰਾਵਟ ਆਈ ਹੈ। ਪੰਜਾਬੀ ਸਮਾਜ ਵਿੱਚ ਪਹਿਲਾਂ ਰਿਸ਼ਤਿਆਂ ਨੂੰ ਪਵਿੱਤਰ ਮੰਨਿਆ ਜਾਂਦਾ ਸੀ, ਪਰ ਅੱਜ ਰਿਸ਼ਤੇ ਗਰਜ਼ 'ਤੇ ਅਧਾਰਤ ਹੋ ਰਹੇ ਹਨ। ਪਰਿਵਾਰਕ ਬੰਧਨ ਕਮਜ਼ੋਰ ਹੋ ਰਹੇ ਹਨ ਅਤੇ ਸੰਯੁਕਤ ਪਰਿਵਾਰ ਦੀ ਥਾਂ ਇਕੱਲੇ ਪਰਿਵਾਰ (ਨਿਊਕਲੀਅਰ ਫੈਮਿਲੀ) ਨੇ ਲੈ ਲਈ ਹੈ।ਅੱਜ ਖ਼ੂਨ ਦੇ ਰਿਸ਼ਤੇ ਵੀ ਤਿੜਕਦੇ ਮਹਿਸੂਸ ਹੁੰਦੇ ਹਨ।

ਵਿਅਕਤੀਵਾਦ ਦਾ ਇਹ ਸਮਾਜ ਹੁਣ ਵਿੱਚ ਸਮੂਹਿਕਤਾ ਦੀ ਬਜਾਏ ਵਿਅਕਤੀਵਾਦ (ਇੰਡੀਵਿਜੁਅਲਿਜਮ) ਵੱਧ ਰਿਹਾ ਹੈ। ਨੌਜਵਾਨ ਆਪਣੀ ਨਿੱਜੀ ਸਫਲਤਾ ਅਤੇ ਆਰਥਿਕ ਖੁਸ਼ਹਾਲੀ ਨੂੰ ਪਹਿਲ ਦਿੰਦੇ ਹਨ, ਜਿਸ ਕਾਰਨ ਸਮਾਜਿਕ ਸੰਗਠਨ ਅਤੇ ਸਾਂਝੀਆਂ ਜ਼ਿੰਮੇਵਾਰੀਆਂ ਵੱਲ ਧਿਆਨ ਘੱਟ ਰਿਹਾ ਹੈ।

ਵੱਧਦੀ ਤਕਨੀਕੀ ਨੇ ਅਸਰ ਪਾਇਆ ਹੈ ਹੁਣ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਨੇ ਪੰਜਾਬੀ ਨੌਜਵਾਨਾਂ ਦੇ ਵਿਚਾਰਾਂ ਅਤੇ ਜੀਵਨ-ਸ਼ੈਲੀ 'ਤੇ ਡੂੰਘਾ ਅਸਰ ਪਾਇਆ ਹੈ। ਇੱਕ ਪਾਸੇ ਇਸ ਨੇ ਜਾਗਰੂਕਤਾ ਵਧਾਈ ਹੈ, ਪਰ ਦੂਜੇ ਪਾਸੇ ਅਸ਼ਲੀਲਤਾ, ਗਲਤ ਸੰਗਤ ਅਤੇ ਸਮਾਜਿਕ ਅਸਥਿਰਤਾ ਨੂੰ ਵੀ ਉਤਸ਼ਾਹਿਤ ਕੀਤਾ ਹੈ। ਹੁਣ ਕਤਲੋ-ਗਾਰਤ, ਨਸ਼ੇ ਅਤੇ ਅਪਰਾਧ ਦੀ ਸਮੱਸਿਆ ਪੰਜਾਬ ਵਿੱਚ ਵੱਧ ਰਹੀ ਅਪਰਾਧਿਕ ਗਤੀਵਿਧੀਆਂ ਅਤੇ ਨਸ਼ਿਆਂ ਦੀ ਸਮੱਸਿਆ ਨੇ ਸਮਾਜ ਨੂੰ ਡੂੰਘੀ ਚਿੰਤਾ ਵਿੱਚ ਪਾਇਆ ਹੈ।

ਪੰਜਾਬ ਵਿੱਚ ਇਸ ਵੇਲੇ ਨਸ਼ਿਆਂ ਦੀ ਮਹਾਂਮਾਰੀ ਹੈ, ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਇੱਕ ਵੱਡੀ ਸਮਾਜਿਕ ਬਿਮਾਰੀ ਬਣ ਚੁੱਕੀ ਹੈ। 2015 ਦੀ ਇੱਕ ਸਰਕਾਰੀ ਰਿਪੋਰਟ ਅਨੁਸਾਰ ਪੰਜਾਬ ਦੇ 70% ਨੌਜਵਾਨ ਕਿਸੇ ਨਾ ਕਿਸੇ ਤਰ੍ਹਾਂ ਦੇ ਨਸ਼ੇ ਦੀ ਲਤ ਦਾ ਸ਼ਿਕਾਰ ਸਨ। ਹਾਲਾਂਕਿ ਸਰਕਾਰ ਨੇ ਨਸ਼ਾ ਮੁਕਤੀ ਕੇਂਦਰ ਅਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਕੋਸ਼ਿਸ਼ਾਂ ਕੀਤੀਆਂ ਹਨ, ਪਰ ਸਮੱਸਿਆ ਅਜੇ ਵੀ ਗੰਭੀਰ ਹੈ। 2025 ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਸਰਕਾਰ ਨੇ ਨਸ਼ਾ ਤਸਕਰੀ ਵਿਰੁੱਧ ਸਖਤ ਕਾਰਵਾਈ ਕੀਤੀ ਹੈ, ਪਰ ਸਮੈਕ, ਹੈਰੋਇਨ ਅਤੇ ਸਿੰਥੈਟਿਕ ਡਰੱਗਜ਼ ਦੀ ਸਪਲਾਈ ਅਜੇ ਵੀ ਜਾਰੀ ਹੈ। ਇਸ ਦੇ ਨਾਲ ਹੀ ਕਤਲੋ-ਗਾਰਤ ਅਤੇ ਅਪਰਾਧਾਂ ਨਾਲ ਪੰਜਾਬ ਵਿੱਚ ਅਪਰਾਧ ਦਰ ਵਿੱਚ ਵਾਧਾ ਹੋਇਆ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ 2023 ਦੀ ਰਿਪੋਰਟ ਅਨੁਸਾਰ, ਪੰਜਾਬ ਵਿੱਚ ਹੱਤਿਆ, ਚੋਰੀ ਅਤੇ ਔਰਤਾਂ ਵਿਰੁੱਧ ਅਪਰਾਧ ਦੇ ਮਾਮਲਿਆਂ ਵਿੱਚ 12% ਵਾਧਾ ਦਰਜ ਕੀਤਾ ਗਿਆ। ਗੈਂਗਸਟਰਿਜ਼ਮ ਅਤੇ ਹਥਿਆਰਾਂ ਦੀ ਗੈਰ-ਕਾਨੂੰਨੀ ਤਸਕਰੀ ਨੇ ਸਮਾਜ ਵਿੱਚ ਅਸੁਰੱਖਿਆ ਦਾ ਮਾਹੌਲ ਪੈਦਾ ਕੀਤਾ ਹੈ।

ਸਮਾਜ ਵਿੱਚ ਬਦਤਮੀਜ਼ੀ ਅਤੇ ਸਮਾਜਿਕ ਅਸਥਿਰਤਾ ਪੈਦਾ ਕੀਤੀ ਹੈ ਅਤੇ ਨੌਜਵਾਨਾਂ ਵਿੱਚ ਵੱਧ ਰਹੀ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਲਤ ਨੇ ਬਦਮਾਸ਼ੀ ਅਤੇ ਹਿੰਸਕ ਵਿਵਹਾਰ ਨੂੰ ਵਧਾਇਆ ਹੈ। ਸੋਸ਼ਲ ਮੀਡੀਆ 'ਤੇ ਅਪਰਾਧੀਆਂ ਦੀ ਮਹਿਮਾਗਾਨ ਅਤੇ ਗੈਂਗਸਟਰ ਸੱਭਿਆਚਾਰ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਨੇ ਨੌਜਵਾਨਾਂ ਦੇ ਮਨਾਂ 'ਤੇ ਨਕਾਰਾਤਮਕ ਅਸਰ ਪਾਇਆ ਹੈ।

ਵਿਦੇਸ਼ ਪ੍ਰਵਾਸ ਦੇ ਰੁਝਾਨ ਨਾਲ ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਿਆ ਹੈ। ਇਸ ਦੇ ਪਿੱਛੇ ਕਈ ਕਾਰਨ ਹਨ: ਆਰਥਿਕ ਮੌਕੇ ਵੱਡੀ ਗੱਲ ਹੈ। ਆਂਕੜਿਆਂ ਮੁਤਾਬਕ ਪੰਜਾਬ ਵਿੱਚ ਬੇਰੁਜ਼ਗਾਰੀ ਦਰ 2024 ਵਿੱਚ 7.8% ਸੀ, ਜੋ ਰਾਸ਼ਟਰੀ ਔਸਤ (6.5%) ਤੋਂ ਵੱਧ ਹੈ। ਨੌਜਵਾਨ ਆਰਥਿਕ ਸਫਲਤਾ ਅਤੇ ਬਿਹਤਰ ਜੀਵਨ ਲਈ ਕੈਨੇਡਾ, ਆਸਟ੍ਰੇਲੀਆ, ਅਮਰੀਕਾ ਅਤੇ ਯੂਰਪ ਵੱਲ ਰੁਖ ਕਰ ਰਹੇ ਹਨ। 2023 ਦੇ ਅੰਕੜਿਆਂ ਅਨੁਸਾਰ, ਪੰਜਾਬ ਤੋਂ ਹਰ ਸਾਲ 1.5 ਲੱਖ ਤੋਂ ਵੱਧ ਵਿਦਿਆਰਥੀ ਵਿਦੇਸ਼ ਪੜ੍ਹਾਈ ਲਈ ਜਾਂਦੇ ਹਨ, ਜਿਨ੍ਹਾਂ ਵਿੱਚੋਂ 70% ਵਾਪਸ ਨਹੀਂ ਆਉਂਦੇ।

ਸਮਾਜਿਕ ਦਬਾਅ ਵੀ ਹੈ ਕਿ ਪੰਜਾਬੀ ਸਮਾਜ ਵਿੱਚ ਵਿਦੇਸ਼ ਵਿੱਚ ਸੈਟਲ ਹੋਣ ਨੂੰ ਸਮਾਜਿਕ ਸ਼ਾਨ ਨਾਲ ਜੋੜਿਆ ਜਾਂਦਾ ਹੈ। ਪਰਿਵਾਰ ਅਤੇ ਸਮਾਜ ਦਾ ਦਬਾਅ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਪ੍ਰੇਰਿਤ ਕਰਦਾ ਹੈ। ਇਸ ਅਸਥਿਰ ਮਾਹੌਲ ਨੇ ਪੰਜਾਬ ਦੀ ਸਰਹੱਦੀ ਸਥਿਤੀ ਅਤੇ ਅਪਰਾਧਿਕ ਗਤੀਵਿਧੀਆਂ ਨੇ ਨੌਜਵਾਨਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ।

223 ਦੀ ਇੱਕ ਰਿਪੋਰਟ ਅਨੁਸਾਰ, ਸਰਹੱਦੀ ਸੂਬਾ ਹੋਣ ਕਰਕੇ ਅਸ਼ਾਂਤੀ ਵਾਲੇ ਮਾਹੌਲ ਨੇ ਨੌਜਵਾਨਾਂ ਦੇ ਵਿਦੇਸ਼ ਵੱਲ ਰੁਝਾਨ ਨੂੰ ਵਧਾਇਆ ਹੈ। ਇਸ ਪ੍ਰਵਾਸ ਨੇ ਪੰਜਾਬ ਦੀ ਆਰਥਿਕਤਾ 'ਤੇ ਮਿਸ਼ਰਤ ਅਸਰ ਪਾਇਆ ਹੈ। ਇੱਕ ਪਾਸੇ ਪ੍ਰਵਾਸੀ ਪੰਜਾਬੀਆਂ ਦੀਆਂ ਵਿਦੇਸ਼ੀ ਕਮਾਈਆਂ (ਰੈਮਿਟੈਂਸ) ਨੇ ਪੰਜਾਬ ਦੀ ਆਰਥਿਕਤਾ ਨੂੰ ਸਹਾਰਾ ਦਿੱਤਾ ਹੈ, ਪਰ ਦੂਜੇ ਪਾਸੇ ਨੌਜਵਾਨਾਂ ਦੀ ਘਟਦੀ ਗਿਣਤੀ ਨੇ ਖੇਤੀਬਾੜੀ ਅਤੇ ਸਥਾਨਕ ਉਦਯੋਗਾਂ ਨੂੰ ਪ੍ਰਭਾਵਿਤ ਕੀਤਾ ਹੈ।

ਇਸ ਤਰ੍ਹਾਂ ਪੰਜਾਬ ਦਾ ਬਦਲਦਾ ਸੱਭਿਆਚਾਰ, ਪੰਜਾਬੀ ਸੱਭਿਆਚਾਰ, ਜੋ ਕਦੇ ਲੋਕ ਗੀਤਾਂ, ਮੇਲਿਆਂ, ਤਿਉਹਾਰਾਂ ਅਤੇ ਸਾਂਝੀਵਾਲਤਾ ਦੀ ਪਛਾਣ ਸੀ, ਅੱਜ ਤੇਜ਼ੀ ਨਾਲ ਬਦਲ ਰਿਹਾ ਹੈ।

ਲੋਕ ਕਲਾਵਾਂ ਦੀ ਗਿਰਾਵਟ ਆਈ ਹੈ ਅਤੇ ਪੰਜਾਬੀ ਲੋਕ ਗੀਤ, ਕਵੀਸ਼ਰੀ, ਢਾਡੀ ਗਾਇਕੀ ਅਤੇ ਬਾਜ਼ੀਗਰਾਂ ਦੀਆਂ ਕਲਾਵਾਂ ਅਲੋਪ ਹੋ ਰਹੀਆਂ ਹਨ। ਇੱਕ ਰਿਪੋਰਟ ਅਨੁਸਾਰ, ਸੰਚਾਰ ਸਾਧਨਾਂ ਦੀ ਬਹੁਤਾਤ ਕਾਰਨ ਪੁਰਾਣੇ ਸੰਗੀਤਕ ਸਾਜ਼ ਅਤੇ ਕਵੀਸ਼ਰੀ ਦਾ ਰੁਝਾਨ ਘਟਦਾ ਜਾ ਰਿਹਾ ਹੈ।

ਅਸ਼ਲੀਲਤਾ ਦਾ ਵਾਧਾ ਅੱਜ ਦੇ ਪੰਜਾਬੀ ਗੀਤਾਂ ਅਤੇ ਸੰਗੀਤ ਵਿੱਚ ਅਸ਼ਲੀਲਤਾ ਅਤੇ ਹਿੰਸਾ ਦਾ ਮਹਿਮਾਗਾਨ ਵੱਧ ਰਿਹਾ ਹੈ।ਸਰਵੇਖਣ ਦੱਸ ਰਹੇ ਹਨ ਕਿ ਕੁਝ ਪੰਜਾਬੀ ਗਾਇਕ ਅਤੇ ਗੀਤਕਾਰ ਪੈਸੇ ਕਮਾਉਣ ਖਾਤਰ ਸੱਭਿਆਚਾਰ ਨਾਲ ਖਿਲਵਾੜ ਕਰ ਰਹੇ ਹਨ।

ਇਧਰ ਮੇਲਿਆਂ ਅਤੇ ਤਿਉਹਾਰਾਂ ਦੀ ਰੌਣਕ ਘਟੀ ਹੈ। ਪੰਜਾਬ ਦੇ ਮੇਲੇ ਅਤੇ ਤਿਉਹਾਰ, ਜੋ ਸਮਾਜਿਕ ਏਕਤਾ ਦਾ ਪ੍ਰਤੀਕ ਸਨ, ਹੁਣ ਵਪਾਰਕੀਕਰਨ ਦਾ ਸ਼ਿਕਾਰ ਹੋ ਰਹੇ ਹਨ। ਸੁਖਦੇਵ ਮਾਦਪੁਰੀ ਦੇ ਅਨੁਸਾਰ, ਮੇਲਿਆਂ ਦੀਆਂ ਰੌਣਕਾਂ ਘਟਦੀਆਂ ਜਾ ਰਹੀਆਂ ਹਨ ਅਤੇ ਲੋਕ ਤਿਉਹਾਰਾਂ ਨੂੰ ਪਹਿਲੇ ਵਾਂਗ ਉਤਸ਼ਾਹ ਨਾਲ ਨਹੀਂ ਮਨਾਉਂਦੇ।

ਭਾਸ਼ਾ ਦੀ ਅਣਦੇਖੀ ਕਰਨਾ ਦੂਸਰਾ ਵੱਡਾ ਸਵਾਲ ਹੈ। ਅੱਜ ਪੰਜਾਬੀ ਭਾਸ਼ਾ, ਜੋ ਪੰਜਾਬੀ ਸੱਭਿਆਚਾਰ ਦੀ ਰੂਹ ਹੈ, ਘਰਾਂ ਦੀ ਰੋਜ਼ਮਰ੍ਹਾ ਦੀ ਬੋਲਚਾਲ ਵਿੱਚੋਂ ਘੱਟ ਰਹੀ ਹੈ। ਅੰਗਰੇਜ਼ੀ ਅਤੇ ਹਿੰਦੀ ਦੀ ਵਧਦੀ ਵਰਤੋਂ ਨੇ ਪੰਜਾਬੀ ਨੂੰ ਪਿੱਛੇ ਧੱਕਿਆ ਹੈ। ਇੱਕ ਰਿਪੋਰਟ ਵਿੱਚ ਕਿਹਾ ਗਿਆ, ਮਾਂ-ਬੋਲੀ ਪੰਜਾਬੀ ਨਾਲ ਮੁਖ ਮੋੜਨਾ ਸਭ ਤੋਂ ਵੱਡਾ ਪਾਪ ਹੈ।

ਗੁਰੂਆਂ ਦੀ ਵਿਰਾਸਤ ਅਤੇ ਭਵਿੱਖ ਵਿੱਚ ਪੰਜਾਬ ਦੀ ਵਿਰਾਸਤ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ 'ਤੇ ਅਧਾਰਤ ਹੈ, ਜਿਨ੍ਹਾਂ ਵਿੱਚ ਸਰਬੱਤ ਦਾ ਭਲਾ, ਮਿਹਨਤ, ਸੇਵਾ ਅਤੇ ਸਮਾਨਤਾ ਦੇ ਸਿਧਾਂਤ ਸ਼ਾਮਲ ਹਨ। ਪਰ ਅੱਜ ਦੇ ਸਮਾਜ ਵਿੱਚ ਇਹ ਸਿਧਾਂਤ ਪਿੱਛੇ ਰਹਿ ਗਏ ਹਨ। ਗੁਰਮਤਿ ਸਿਧਾਂਤਾਂ ਦੀ ਅਣਦੇਖੀ ਨਾਲ ਅੱਜ ਦੀ ਪੀੜ੍ਹੀ ਗੁਰਬਾਣੀ ਦੀਆਂ ਸਿੱਖਿਆਵਾਂ ਤੋਂ ਦੂਰ ਹੋ ਰਹੀ ਹੈ। ਧਾਰਮਿਕ ਰਸਮਾਂ-ਰਿਵਾਜ਼ਾਂ ਦੀ ਥਾਂ ਵਿਖਾਵਾ ਅਤੇ ਸਮਾਜਿਕ ਪ੍ਰਦਰਸ਼ਨ ਨੇ ਲੈ ਲਈ ਹੈ। ਅੱਜ ਨੌਜਵਾਨ ਪੀੜ੍ਹੀ ਨੂੰ ਆਪਣੇ ਧਾਰਮਿਕ ਅਤੇ ਸਾਹਿਤਕ ਵਿਰਸੇ ਦਾ ਗਿਆਨ ਹੀ ਨਹੀਂ ਹੈ।

ਹੁਣ ਤਾਂ ਗੁਰੂਆਂ ਦੀ ਵਿਰਾਸਤ ਦੀ ਸੰਭਾਲ ਸੱਭ ਤੋਂ ਵੱਡਾ ਸਵਾਲ ਹੈ ਗੁਰੂਆਂ ਦੀ ਵਿਰਾਸਤ ਨੂੰ ਸੰਭਾਲਣ ਲਈ ਸਿੱਖ ਸੰਸਥਾਵਾਂ ਅਤੇ ਸਰਕਾਰੀ ਅਦਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਸਕੂਲਾਂ ਵਿੱਚ ਗੁਰਮਤਿ ਸਿੱਖਿਆ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਮੋਟ ਕਰਨਾ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਜਿਵੇਂ ਕਿਰਤ ਕਰੋ, ਵੰਡ ਛਕੋ, ਨਾਮ ਜਪੋ ਨੂੰ ਅਪਣਾ ਕੇ ਸਮਾਜ ਵਿੱਚ ਨਸ਼ਿਆਂ, ਅਪਰਾਧ ਅਤੇ ਅਸਮਾਨਤਾ ਨੂੰ ਘਟਾਇਆ ਜਾ ਸਕਦਾ ਹੈ।

**ਪੰਜਾਬ ਦੇ ਭਵਿੱਖ ਦੀ ਸੰਭਾਵਿਤ ਤਸਵੀਰ: ਆਂਕੜੇ ਅਤੇ ਤੱਥ**

ਅੱਜ ਪੰਜਾਬ ਦਾ ਭਵਿੱਖ ਕਈ ਕਾਰਕਾਂ 'ਤੇ ਨਿਰਭਰ ਕਰਦਾ ਹੈ, ਜਿਵੇਂ ਸਿੱਖਿਆ, ਰੁਜ਼ਗਾਰ, ਸਮਾਜਿਕ ਸੁਧਾਰ ਅਤੇ ਸੱਭਿਆਚਾਰਕ ਸੰਭਾਲ। ਇੱਥੇ ਕੁਝ ਅੰਕੜੇ ਅਤੇ ਤੱਥ ਪੇਸ਼ ਹਨ, ਜੋ ਪੰਜਾਬ ਦੇ ਭਵਿੱਖ ਦੀ ਤਸਵੀਰ ਪੇਸ਼ ਕਰਦੇ ਹਨ: ਸਿੱਖਿਆ ਅਤੇ ਰੁਜ਼ਗਾਰ ਵਿੱਚ ਪੰਜਾਬ ਦੀ ਸਾਖਰਤਾ ਦਰ 2023 ਵਿੱਚ 76.7% ਸੀ, ਪਰ ਉੱਚ ਸਿੱਖਿਆ ਦੀ ਗੁਣਵੱਤਾ ਅਤੇ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਇੱਕ ਵੱਡੀ ਸਮੱਸਿਆ ਹੈ। ਸਰਕਾਰ ਨੂੰ ਤਕਨੀਕੀ ਸਿੱਖਿਆ ਅਤੇ ਸਟਾਰਟਅੱਪ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਦੇਣ ਦੀ ਲੋੜ ਹੈ। 2025 ਦੀ ਇੱਕ ਰਿਪੋਰਟ ਅਨੁਸਾਰ, ਪੰਜਾਬ ਸਰਕਾਰ ਨੇ 50,000 ਨੌਕਰੀਆਂ ਪ੍ਰਦਾਨ ਕਰਨ ਦਾ ਟੀਚਾ ਰੱਖਿਆ ਹੈ, ਪਰ ਇਸ ਦੇ ਨਤੀਜੇ ਅਜੇ ਸਪੱਸ਼ਟ ਨਹੀਂ ਹਨ। ਖੇਤੀਬਾੜੀ ਅਤੇ ਆਰਥਿਕਤਾ ਵਿੱਚ ਪੰਜਾਬ ਦੀ ਆਰਥਿਕਤਾ ਅਜੇ ਵੀ ਖੇਤੀਬਾੜੀ 'ਤੇ ਨਿਰਭਰ ਹੈ, ਪਰ ਘੱਟਦੀ ਜ਼ਮੀਨੀ ਹੋਲਡਿੰਗ ਅਤੇ ਜਲਵਾਯੂ ਤਬਦੀਲੀ ਨੇ ਇਸ ਨੂੰ ਚੁਣੌਤੀਆਂ ਦਿੱਤੀਆਂ ਹਨ। 2024 ਦੀ ਇੱਕ ਰਿਪੋਰਟ ਅਨੁਸਾਰ, ਪੰਜਾਬ ਦੀ 30% ਖੇਤੀਬਾੜੀ ਜ਼ਮੀਨ 'ਤੇ ਪਾਣੀ ਦੀ ਘਾਟ ਦਾ ਅਸਰ ਪਿਆ ਹੈ। ਆਰਗੈਨਿਕ ਖੇਤੀ ਅਤੇ ਖੇਤੀਬਾੜੀ-ਅਧਾਰਤ ਉਦਯੋਗਾਂ ਨੂੰ ਉਤਸ਼ਾਹਿਤ ਕਰਕੇ ਇਸ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ।

**ਸਮਾਜਿਕ ਸੁਧਾਰ**: ਨਸ਼ਿਆਂ ਅਤੇ ਅਪਰਾਧ ਨੂੰ ਘਟਾਉਣ ਲਈ ਸਮਾਜਿਕ ਜਾਗਰੂਕਤਾ ਅਤੇ ਸਰਕਾਰੀ ਨੀਤੀਆਂ ਜ਼ਰੂਰੀ ਹਨ। 2025 ਵਿੱਚ ਪੰਜਾਬ ਸਰਕਾਰ ਨੇ 100 ਨਵੇਂ ਨਸ਼ਾ ਮੁਕਤੀ ਕੇਂਦਰ ਖੋਲ੍ਹਣ ਦਾ ਐਲਾਨ ਕੀਤਾ ਹੈ, ਜੋ ਇੱਕ ਸਕਾਰਾਤਮਕ ਕਦਮ ਹੈ। ਸੱਭਿਆਚਾਰਕ ਸੰਭਾਲ ਹੁਣ ਬੇਹੱਦ ਜ਼ਰੂਰੀ ਹੈ। ਅੱਜ ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਨੂੰ ਸੰਭਾਲਣ ਲਈ ਸਰਕਾਰ ਅਤੇ ਸਮਾਜ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। 2023 ਦੇ ਇੱਕ ਸਰਵੇਖਣ ਅਨੁਸਾਰ, ਸਿਰਫ਼ 40% ਪੰਜਾਬੀ ਨੌਜਵਾਨ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ ਹਨ। ਸਕੂਲਾਂ ਵਿੱਚ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਲਾਜ਼ਮੀ ਕਰਨ ਨਾਲ ਇਸ ਨੂੰ ਬਚਾਇਆ ਜਾ ਸਕਦਾ ਹੈ।

ਅੱਜ ਪੰਜਾਬ ਅੱਜ ਇੱਕ ਅਜਿਹੇ ਦੌਰ 'ਚੋਂ ਗੁਜ਼ਰ ਰਿਹਾ ਹੈ, ਜਿੱਥੇ ਇਸ ਦੀ ਪੁਰਾਤਨ ਵਿਰਾਸਤ ਅਤੇ ਆਧੁਨਿਕਤਾ ਵਿਚਕਾਰ ਸੰਘਰਸ਼ ਜਾਰੀ ਹੈ। ਨਸ਼ਿਆਂ, ਅਪਰਾਧ ਅਤੇ ਵਿਦੇਸ਼ ਪ੍ਰਵਾਸ ਨੇ ਸਮਾਜ ਨੂੰ ਚੁਣੌਤੀਆਂ ਦਿੱਤੀਆਂ ਹਨ, ਪਰ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਪੰਜਾਬੀ ਸੱਭਿਆਚਾਰ ਦੀ ਮਜ਼ਬੂਤੀ ਨਾਲ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ।

ਹੁਣ ਜ਼ਰੂਰੀ ਹੈ ਕਿ ਸਿੱਖਿਆ ਅਤੇ ਜਾਗਰੂਕਤਾ ਨਾਲ ਸਕੂਲਾਂ ਅਤੇ ਕਾਲਜਾਂ ਵਿੱਚ ਪੰਜਾਬੀ ਸੱਭਿਆਚਾਰ, ਗੁਰਮਤਿ ਅਤੇ ਨੈਤਿਕ ਸਿੱਖਿਆ ਨੂੰ ਲਾਜ਼ਮੀ ਕੀਤਾ ਜਾਵੇ। ਰੁਜ਼ਗਾਰ ਦੇ ਮੌਕੇ ਸਰਕਾਰ ਨੂੰ ਸਥਾਨਕ ਉਦਯੋਗਾਂ ਅਤੇ ਸਟਾਰਟਅੱਪਸ ਨੂੰ ਉਤਸ਼ਾਹਿਤ ਕਰਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ। ਨਸ਼ਾ ਮੁਕਤੀ ਕੇਂਦਰਾਂ ਦੀ ਗਿਣਤੀ ਵਧਾਉਣ ਦੇ ਨਾਲ-ਨਾਲ ਸਮਾਜ ਜਾਗਰੂਕਤਾ ਦੀਆਂ ਮੁਹਿੰਮਾਂ ਨੂੰ ਤੇਜ਼ ਕੀਤਾ ਜਾਵੇ।ਹੁਣ ਸੱਭਿਆਚਾਰਕ ਸੰਭਾਲ ਲਈ ਪੰਜਾਬੀ ਲੋਕ ਕਲਾਵਾਂ, ਮੇਲਿਆਂ ਅਤੇ ਭਾਸ਼ਾ ਨੂੰ ਪ੍ਰਮੋਟ ਕਰਨ ਲਈ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਸਮਾਜਿਕ ਏਕਤਾ ਅਤੇ ਗੁਰੂਆਂ ਦੀ ਸਾਂਝੀਵਾਲਤਾ ਦੀ ਸਿੱਖਿਆ ਨੂੰ ਅਪਣਾ ਕੇ ਸਮਾਜ ਵਿੱਚ ਏਕਤਾ ਅਤੇ ਸਦਭਾਵਨਾ ਵਧਾਈ ਜਾਵੇ।ਜੇਕਰ ਪੰਜਾਬੀ ਸਮਾਜ ਆਪਣੀ ਵਿਰਾਸਤ ਨੂੰ ਸੰਭਾਲਦੇ ਹੋਏ ਆਧੁਨਿਕਤਾ ਨੂੰ ਅਪਣਾਵੇਗਾ, ਤਾਂ ਪੰਜਾਬ ਨਾ ਸਿਰਫ ਆਰਥਿਕ ਅਤੇ ਸਮਾਜਿਕ ਤੌਰ 'ਤੇ ਮਜ਼ਬੂਤ ਹੋਵੇਗਾ, ਸਗੋਂ ਗੁਰੂਆਂ ਦੀ ਵਿਰਾਸਤ ਨੂੰ ਵੀ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਏਗਾ।




# ਸ਼੍ਰੋਮਣੀ ਕਮੇਟੀ ਆਪਣੇ ਹੀ ਮੁੱਖ ਸਕੱਤਰ ਡਾਕਟਰ ਰੂਪ ਸਿੰਘ ਦੀ 13 ਜੂਨ, 2019 ਦੀ ਮੀਟਿੰਗ ਤੋਂ ਬਾਅਦ ਕੀਤੇ ਖੁਲਾਸਿਆਂ ਤੋਂ ਹੋਈ ਮੁਨਕਰ













ਅੰਮ੍ਰਿਤਸਰ, 15 ਜੂਨ, (ਅਨੁਰਾਗ ਸਿੰਘ) : ਬਾਰ-ਬਾਰ ਨਵੇਂ ਬਿਆਨ ਦੇਣੇ, ਬਿਆਨ ਬੱਦਲਨੇ,ਤੱਥ ਛੁਪਾਉਣੇ ਸ਼ਰੋਮਣੀ ਕਮੇਟੀ ਦੇ ਟਾਲ਼-ਮਟੋਲ਼ ਰੱਵਈਏ ਨਾਲ 41 ਸਾਲ ਬੀਤ ਗਏ।ਇਹ ਖਬਰ 4 ਸਾਲ ਪਹਿਲਾਂ (2021)ਦੀ ਹੈ, ਜਿਸ ਵਿੱਚ ਮੁੱਖ ਸਕੱਤਰ ਸਾਹਿਬ ਦੱਸਦੇ ਹਨ ਕਿ ਉਨ੍ਹਾਂ ਨੇ ਸਿੱਖ ਰੈਫਰੈਂਸ ਲਾਇਬਰੇਰੀ ਦੇ ਲਾਇਬਰੇਰੀਅਨ ਨੂੰ ਹੇਠ ਲਿਖੀਆਂ ਲਿਸਟਾਂ ਤਿਆਰ ਕਰਨ ਲਈ ਕਿਹਾ ਸੀ : (1) ਜੂਨ 1984 ਵੇਲੇ ਸਿੱਖ ਰੈਫਰੈਂਸ ਲਾਇਬਰੇਰੀ ਦੇ ਰਿਕਾਰਡ ਵਿੱਚ ਕਿਤਨੀਆਂ ਪੁਸਤਕਾਂ, ਇਤਿਹਾਸਕ ਖਰੜੇ, ਗੁਰੂ ਗਰੰਥ ਸਾਹਿਬ ਦੇ ਸਰੂਪ, ਹੁਕਮਨਾਮੇ, ਆਦਿ ਦਰਜ ਸਨ; (2)ਕਿਹੜੀ ਵਿਰਾਸਤ ਵਾਪਸ ਆਈ (3) ਕਿਹੜੀ ਵਿਰਾਸਤ ਵਾਪਸ ਨਹੀਂ ਆਈ, (4) ਕਿਹੜੀ ਵਿਰਾਸਤ ਵਾਪਸ ਪ੍ਰਾਪਤ ਕਰਕੇ ਗਾਇਬ ਹੋਈ? 4 ਸਾਲ ਹੋ ਗਏ ਇਹ ਸੂਚੀ ਨਾ ਬਣਾਈ ਗਈ, ਨਾ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਕੇਸ ਨੰਬਰ 182/2019 ਵਿੱਚ ਪੇਸ਼ ਕੀਤੀ ਗਈ।ਪੁਰਾਤਨ ਹੱਥ ਲਿੱਖਤ ਇਤਿਹਾਸਕ (66) ਅਤੇ ਅਣਇਤਿਹਾਸਕ (446) ਬੀੜਾਂ ਬਾਰੇ ਡਾਕਟਰ ਰੂਪ ਸਿੰਘ ਦੇ 13.6.2019 ਵਾਲੀ ਪ੍ਰੈਸ ਕਾਨਫਰੈਂਸ ਤੋ ਸ਼ਰੋਮਣੀ ਕਮੇਟੀ ਪੱਲਾ ਝਾੜ ਚੁੱਕੀ ਹੈ।ਨਵੇਂ ਬਿਆਨ ਮੁਤਾਬਕ ਫ਼ੌਜ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲੈ ਕੇ ਹੀ ਨਹੀਂ ਗਈ ਸੀ ਕਿਓਕਿ ਇਹ ਬੀੜਾਂ (512) ਦੀ ਬਜਾਏ ਨੀਚੇ ਗੋਡਾਓਨ ਵਿੱਚ ਭਾਈ ਜੋਗਿੰਦਰ ਸਿੰਘ ਤੱਲਵਾੜਾ ਅਤੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਦੀ ਖੋਂਜ ਲਈ ਨੀਚੇ ਰੱਖੀਆਂ ਗਈਆਂ ਸਨ।ਪਰ ਭਾਈ ਜੋਗਿੰਦਰ ਸਿੰਘ ਤਲਵਾੜਾ ਦੀ ਖੋਜ ਦੇ 76 ਰਜਿਸਟਰ ਜੋ ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਮੌਜੂਦ ਹਨ ਵਿੱਚ 512 ਬੀੜਾਂਦੀ ਖੋਜ ਹੈ ਨਾ ਕਿ 205 ਬੀੜਾਂ ਦੀ, ਜਿਹਾ ਕਿ ਸ਼ਰੋਮਣੀ ਕਮੇਟੀ ਲੋਕਾਂ ਨੂੰ ਅਤੇ ਅਦਾਲਤ ਨੂੰ ਗੁੰਮਰਾਹ ਕਰ ਰਹੀ ਹੈ। ਲਾਇਬਰੇਰੀਅਨ ਨੂੰ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਮੁੱਖ ਸਕੱਤਰ ਲਗਾ ਕੇ ਸ਼ਰੋਮਣੀ ਕਮੇਟੀ ਨੇ ਫੇਰ ਅੰਦਰੂਨੀ ਦੋਸ਼ੀਆਂ ਨੂੰ ਬਚਾਉਣ ਦੀ ਕੁਚੇਸ਼ਟਾ ਕੀਤੀ।

ਡਾਕਟਰ ਰੂਪ ਸਿੰਘ ਦੱਸਦੇ ਹਨ ਕਿ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਇਕ ਬੀੜ ਕੈਨੇਡਾ ਲੈ ਕੇ ਗਏ ਪਰ ਵਾਪਸ ਨਹੀਂ ਆਈ।ਕੈਨੇਡਾ ਵਿੱਚ ਸ਼ਰੋਮਣੀ ਅਕਾਲੀ ਦੱਲ ਦੇ ਪ੍ਰਚਾਰਕ ਬਲਬੀਰ ਸਿੰਘ ਚੰਗਿਆੜਾ ਲਈ ਇਹ ਬੀੜ ਕੈਨੇਡਾ ਸ਼ਰੋਮਣੀ ਅਕਾਲੀ ਦੱਲ ਵੱਲੋਂ ਨੱਗਰ ਕੀਰਤਨ ਵਿੱਚ ਲਿਜਾਈ ਗਿਆ ਪਰ ਵਾਪਸ ਨਹੀਂ ਆਈ।ਹੁਣ ਸ਼ਰੋਮਣੀ ਅਕਾਲੀ ਦੱਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੀ ਦੱਸਣਗੇ ਕਿ ਗੁਰੂ ਗਰੰਥ ਸਾਹਿਬ ਦਾ ਸਰੂਪ ਪਾਰਟੀ ਦੇ ਨਿਜੀ ਕਾਰਜ ਵਿੱਚ ਵਿਦੇਸ਼ ਕਿਸ ਦੇ ਆਦੇਸ਼ ਨਾਲ ਗਿਆ ਅਤੇ ਕਿੱਥੇ ਗਿਆ ?

## ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ 'ਚ 6ਵੀਂ ਜਮਾਤ ਦੇ ਦਾਖ਼ਲੇ ਲਈ ਆਨਲਾਈਨ ਫਾਰਮ ਭਰਨ ਦੀ ਪ੍ਰਕਿਰਿਆ ਸ਼ੁਰੂ

ਜਲੰਧਰ, 15 ਜੂਨ, (ਸੰਦੀਪ ਕੌਲ) : ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ 6ਵੀਂ ਜਮਾਤ ਲਈ ਸਾਲ 2026-27 ਦੀ ਚੋਣ ਪ੍ਰੀਖਿਆ 13 ਦਸੰਬਰ 2025 ਨੂੰ ਜ਼ਿਲ੍ਹੇ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਹੋਣੀ ਹੈ, ਜਿਸ ਦੇ ਲਈ ਚਾਹਵਾਨ ਅਤੇ ਯੋਗ ਉਮੀਦਵਾਰਾਂ ਤੋਂ ਬਿਨੈ-ਪੱਤਰ ਆਨਲਾਈਨ ਮੰਗੇ ਗਏ ਹਨ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਿਨੈ ਕਰਨ ਦੀ ਆਖ਼ਰੀ ਮਿਤੀ 29 ਜੁਲਾਈ 2025 ਹੈ ਅਤੇ ਪ੍ਰਾਸਪੈਕਟ ਵਿਦਿਆਲਿਆ ਦੀ ਵੈੱਬਸਾਈਟ https://navodaya.gov.in/nvs/nvsschool/JALANDHAR/en/home 'ਤੇ ਉਪਲੱਬਧ ਹੈ। ਉਨ੍ਹਾਂ ਦੱਸਿਆ ਕਿ ਚਾਹਵਾਨ ਵਿਦਿਆਰਥੀ ਆਪਣੀ ਮੁਫ਼ਤ ਰਜਿਸਟ੍ਰੇਸ਼ਨ ਪੋਰਟਲ https://navodaya.gov.in ਅਤੇ https://cbseitms.rcil.gov.in/nvs 'ਤੇ ਕਰ ਸਕਦੇ ਹਨ।

ਡਾ. ਅਗਰਵਾਲ ਨੇ ਦੱਸਿਆ ਕਿ ਪ੍ਰੀਖਿਆ ਲਈ ਕੇਵਲ ਓਹੀ ਵਿਦਿਆਰਥੀ ਯੋਗ ਹੋਣਗੇ, ਜੋ ਜ਼ਿਲ੍ਹਾ ਜਲੰਧਰ ਦੇ ਸਥਾਈ ਨਿਵਾਸੀ ਹਨ। ਵਿਦਿਆਰਥੀ ਨੂੰ ਆਪਣੇ ਨਵੇਂ ਫੋਟੋ, ਹਸਤਾਖ਼ਰ, ਮਾਤਾ/ਪਿਤਾ ਦੇ ਹਸਤਾਖ਼ਰ ਅਤੇ ਆਧਾਰ ਕਾਰਡ ਦਾ ਵੇਰਵਾ/ਰਿਹਾਇਸ਼ੀ ਪ੍ਰਮਾਣ ਪੱਤਰ ਜੇ.ਪੀ.ਜੀ. ਫਾਰਮੈਟ, ਜਿਸ ਦਾ ਆਕਾਰ 10 ਤੋਂ 100 ਕੇਬੀ ਤੋਂ ਵੱਧ ਨਾ ਹੋਵੇ, ਤਿਆਰ ਕਰਕੇ ਪੋਰਟਲ 'ਤੇ ਅਪਲੋਡ ਕਰਨਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਵਿਦਿਆਰਥੀ ਮੌਜੂਦਾ ਸਮੇਂ (2025-26) ਵਿੱਚ 5ਵੀਂ ਕਲਾਸ ਵਿੱਚ ਜ਼ਿਲ੍ਹਾ ਜਲੰਧਰ ਵਿੱਚ ਪੜ੍ਹ ਰਿਹਾ ਹੋਵੇ ਅਤੇ ਜ਼ਿਲ੍ਹੇ ਦਾ ਸਥਾਈ ਨਿਵਾਸੀ ਹੋਵੇ। ਉਸਨੇ ਪਿਛਲੇ ਸਾਲਾਂ ਵਿੱਚ ਤੀਜੀ ਕਲਾਸ (2023-24) ਅਤੇ ਚੌਥੀ (2024-25) ਲਗਾਤਾਰ ਪੂਰੀ ਤਰ੍ਹਾਂ ਵਿੱਦਿਅਕ ਪੱਧਰ ਵਿੱਚ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲ/ਨੈਸ਼ਨਲ ਓਪਨ ਸਕੂਲਿੰਗ ਜਾਂ ਸਰਵ ਸਿੱਖਿਆ ਅਭਿਆਨ ਤਹਿਤ ਪਾਸ ਕੀਤੀ ਹੋਵੇ। ਉਨ੍ਹਾਂ ਦੱਸਿਆ ਕਿ ਜਿਸ ਵਿਦਿਆਰਥੀ ਨੇ ਪਹਿਲਾਂ ਇਹ ਪ੍ਰੀਖਿਆ ਦਿੱਤੀ ਹੈ, ਉਹ ਪ੍ਰੀਖਿਆ ਵਿੱਚ ਦੂਜੀ ਵਾਰੀ ਬੈਠਣਯੋਗ ਨਹੀਂ ਹੋਵੇਗਾ। ਵਿਦਿਆਰਥੀ ਦਾ ਜਨਮ 01.05.2014 ਤੋਂ 31.07.2016 (ਦੋਵੇਂ ਮਿਤੀਆਂ ਸ਼ਾਮਲ) ਦਰਮਿਆਨ ਹੋਇਆ ਹੋਵੇ। ਜੇਕਰ ਕਿਸੇ ਬਿਨੇਕਾਰ ਨੂੰ ਦਾਖ਼ਲਾ ਫਾਰਮ ਭਰਨ 'ਚ ਮੁਸ਼ਕਲ ਆਉਂਦੀ ਹੈ ਤਾਂ ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ (ਜਲੰਧਰ) ਨਾਲ ਟੈਲੀਫੋਨ ਨੰਬਰ 79739-04878, 74048-16420, 88472-61859 'ਤੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਕਿਸੇ ਵੀ ਕੰਮ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।

## ਹੁਣ ਆਮ ਆਦਮੀ ਕਲੀਨਿਕਾਂ 'ਚ ਵੀ ਹੋਵੇਗਾ ਗਰਭਵਤੀ ਮਾਵਾਂ ਦਾ ਮੁਫ਼ਤ ਇਲਾਜ : ਡੀ.ਸੀ.




ਅੰਮ੍ਰਿਤਸਰ, 15 ਜੂਨ, (ਗੁਰਦਿਆਲ ਸਿੰਘ) : ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਪ੍ਰਧਾਨਗੀ ਹੇਠ, ਸਿਵਲ ਸਰਜਨ ਡਾ ਕਿਰਨਦੀਪ ਕੌਰ ਵੱਲੋਂ ਆਮ ਆਦਮੀ ਕਲੀਨਿਕਾਂ ਦੇ ਸਮੂਹ ਮੈਡੀਕਲ ਅਫਸਰਾਂ ਦੀ ਟ੍ਰੇਨਿੰਗ ਕਰਵਾਈ ਗਈ। ਇਸ ਮੌਕੇ 'ਤੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਗਰਭਵਤੀ ਮਾਵਾਂ ਦਾ ਮੁਫਤ ਚੈੱਕਅਪ, ਟੈਸਟ ਅਤੇ ਇਲਾਜ ਕੀਤਾ ਜਾਣਾ ਸੰਭਵ ਹੋ ਸਕੇਗਾ।

ਇਸ ਮੌਕੇ 'ਤੇ ਵਧੇਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਦੇ ਸਾਰੇ ਡਾਕਟਰਾਂ ਨੂੰ ਮਟਰਨਲ ਹੈਲਥ ਕੇਅਰ ਬਾਰੇ ਇੱਕ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾ ਰਹੀ ਹੈ, ਜਿਸ ਵਿੱਚ ਉਹਨਾਂ ਨੂੰ ਹਾਈ ਰਿਸਕ ਪ੍ਰੈਗਨੈਂਸੀ, ਅਨੀਮੀਆ, ਹਾਈਪਰਟੈਂਸ਼ਨ, ਡਾਇਬਟਿਕ, ਪ੍ਰੀਵੀਅਸ ਸਜੇਰੀਅਨ, ਟਵਿਨ ਪ੍ਰੈਗਨੈਂਸੀ ਅਤੇ ਹੋਰ ਗੰਭੀਰ ਬਿਮਾਰੀਆਂ ਵਾਲੇ ਮਟਰਨਲ ਕੇਸਾਂ ਦੇ ਇਲਾਜ ਸਬੰਧੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਜਿਸ ਦਾ ਮੁੱਖ ਮਕਸਦ ਮਟਰਨਲ ਡੈੱਥ ਕੇਸਾਂ ਨੂੰ ਘੱਟ ਕਰਨਾ ਹੈ। ਆਮ ਆਦਮੀ ਕਲੀਨਿਕ ਵਿੱਚ ਇਹ ਸੁਵਿਧਾ ਮਿਲਣ ਕਰਕੇ ਗਰਭਵਤੀ ਮਹਿਲਾ ਮਹਿਲਾਵਾਂ ਨੂੰ ਉਹਨਾਂ ਦੇ ਘਰ ਦੇ ਨਜ਼ਦੀਕ ਹੀ ਐਂਟੀਨੇਟਲ ਕੇਅਰ ਮਿਲਣੀ ਸ਼ੁਰੂ ਹੋ ਜਾਵੇਗੀ, ਜਿਸ ਨਾਲ ਮਰੀਜ਼ਾਂ ਨੂੰ ਆਪਣੇ ਇਲਾਜ ਲਈ ਦੂਰ ਨਹੀਂ ਜਾਣਾ ਪਵੇਗਾ। ਉਹਨਾਂ ਆਖਿਆ ਆਮ ਆਦਮੀ ਕਲੀਨਿਕਾਂ ਵਿੱਚ ਗਰਭਵਤੀ ਮਹਿਲਾਵਾਂ ਦੇ ਸਾਰੇ ਟੈਸਟ ਦਵਾਈਆਂ ਇੱਥੋਂ ਤੱਕ ਕਿ ਅਲਟਰਾਸਾਊਂਡ ਵੀ ਮੁਫਤ ਕਰਵਾਏ ਜਾ ਸਕਣਗੇ।

ਇਸ ਟ੍ਰੇਨਿੰਗ ਦੌਰਾਨ ਜਿਲਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜ਼ਿਲ੍ਹਾ ਟੀਕਾਕਰਨ ਅਫਸਰ ਡਾ ਭਾਰਤੀ ਧਵਨ ਅਤੇ ਜਨਾਨਾ ਰੋਗਾਂ ਦੇ ਮਾਹਰ ਡਾ ਚਿੰਕੀ ਠਕੁਰਾਲ ਵੱਲੋਂ ਇਹ ਵਿਸ਼ੇਸ਼ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ 'ਤੇ ਜ਼ਿਲ੍ਹਾ ਐਮਆਈਓ ਅਮਰਦੀਪ ਸਿੰਘ, ਨਵਦੀਪ ਸਿੰਘ, ਪੁਸ਼ਪਿੰਦਰ ਸਿੰਘ ਸਮੇਤ ਸਮੂਹ ਸਟਾਫ ਹਾਜ਼ਰ ਸਨ।

## ਸੰਗਰਾਂਦ ਦਿਹਾੜੇ ਨੂੰ ਸਮਰਪਿਤ ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਠੰਢੇ-ਮਿੱਠੇ ਅਤੇ ਜਲਜ਼ੀਰਾ ਜਲ ਦੀ ਛਬੀਲ




ਅੰਮ੍ਰਿਤਸਰ, 15 ਜੂਨ, (ਗੁਰਦਿਆਲ ਸਿੰਘ) : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪਰਬ ਅਤੇ ਹਾੜ ਮਹੀਨੇ ਦੀ ਸੰਗਰਾਂਦ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ ਅਤੇ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਗੇਟ 'ਤੇ ਬੁੱਢਾ ਦਲ ਵੱਲੋਂ ਠੰਢੇ ਮਿੱਠੇ ਅਤੇ ਨਿੰਬੂ ਸ਼ਕੰਜਵੀਂ, ਜਲਜ਼ੀਰਾ ਜਲ ਦੀ ਛਬੀਲ ਲਾਈ ਗਈ। ਛਬੀਲ ਲਗਾਉਣ ਸਮੇਂ ਅਰੰਭਤਾ ਦੀ ਅਰਦਾਸ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਗ੍ਰੰਥੀ ਬਾਬਾ ਅਮਰੀਕ ਸਿੰਘ ਨੇ ਕੀਤੀ। ਅਤਿ ਦੀ ਗਰਮੀ ਵਿੱਚ ਛਬੀਲ ਯਾਤਰੂਆਂ ਲਈ ਤਸਕੀਨ ਦਾ ਕੰਮ ਕਰਦੀ ਹੈ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਆਦੇਸ਼ ਅਨੁਸਾਰ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸ਼ਰਧਾਲੂਆਂ ਅਤੇ ਦੂਰ ਦੁਰਾਡੇ ਤੋਂ ਆਉਣ ਵਾਲੇ ਯਾਤਰੂਆਂ ਲਈ ਦੋਹਾਂ ਮੁੱਖ ਗੇਟਾਂ 'ਤੇ ਹਰ ਰੋਜ ਠੰਢੇ ਜਲ ਦੀ ਛਬੀਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਉਨ੍ਹਾਂ ਕਿਹਾ ਗੁਰੂਘਰ ਵਿੱਚ ਜਪਤਪ ਤੇ ਸੁਖਮਨੀ ਸਾਹਿਬ ਦੇ ਪਾਠਾਂ ਦਾ ਪ੍ਰਵਾਹ ਨਿਰੰਤਰ ਚੱਲ ਰਿਹਾ ਹੈ। ਉਨ੍ਹਾਂ ਦਸਿਆ ਕਿ ਬੁੱਢਾ ਦਲ ਵੱਲੋਂ ਆਪਣੀਆਂ ਸਮੂਹ ਛਾਉਣੀਆਂ ਵਿੱਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਂਦਿਆਂ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ ਹਨ। ਅੱਜ ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਅਕਾਲੀ ਬਾਬਾ ਫੂਲਾ ਸਿੰਘ, ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜਥੇ ਨੇ ਸੰਗਰਾਂਦ ਦਿਹਾੜਾ ਪੂਰੀ ਸਰਧਾ ਭਾਵਨਾ ਨਾਲ ਮਨਾਇਆ। ਠੰਢੇ ਮਿੱਠੇ ਜਲ ਦੀ ਛਬੀਲ ਤੇ ਬਾਬਾ ਭਗਤ ਸਿੰਘ, ਪਰਮਜੀਤ ਸਿੰਘ ਬਾਜਵਾ, ਬਾਬਾ ਅਮਰੀਕ ਸਿੰਘ, ਬਾਬਾ ਗਗਨਦੀਪ ਸਿੰਘ, ਸੁਖਦੇਵ ਸਿੰਘ ਬਟਾਲਾ, ਬਾਬਾ ਪਿਆਰਾ ਸਿੰਘ, ਮਨੋਜ ਕੁਮਾਰ ਮਿੰਟੂ, ਬਾਬਾ ਗੁਰਸ਼ਰਨ ਸਿੰਘ ਸੋਨੂੰ, ਬਾਬਾ ਪਰਮਜੀਤ ਸਿੰਘ ਪੰਮਾ ਆਦਿ ਨੇ ਸੰਗਤਾਂ ਨੂੰ ਜਲ ਛਕਾਉਣ ਦੀ ਸੇਵਾ ਕੀਤੀ।

## ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਛਬੀਲ ਲਗਾਈ



ਚੋਗਾਵਾਂ, 15 ਜੂਨ, (ਸੁਬੇਗ ਸਿੰਘ ਸੋਨਾ) : ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਕੋਹਾਲਾ ਵਿਖੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੰਗਰਾਦ ਦੇ ਦਿਹਾੜੇ'ਤੇ ਏ ਐਸ ਆਈ ਕੰਵਲਜੀਤ ਸਿੰਘ ਅਤੇ ਹਰਜਿੰਦਰ ਸਿੰਘ ਆਸਟ੍ਰੇਲੀਆ ਦੇ ਸਹਿਯੋਗ ਨਾਲ ਪਿੰਡ ਕੋਹਾਲਾ ਵਿੱਖੇ ਸਮੂਹ ਪਿੰਡ ਦੀ ਸਾਧ ਸੰਗਤ ਦੇ ਵੱਲੋਂ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਦੇ ਲੰਗਰ ਲਗਾਏ ਗਏ। ਇਸ ਮੌਕੇ 'ਤੇ ਸੇਵਾਦਾਰਾਂ ਵੱਲੋਂ ਠੰਢੇ ਮਿੱਠੇ ਜਲ ਛਕਾਉਣ ਦੀ ਵੱਧ ਚੜ੍ਹ ਕੇ ਸੇਵਾ ਕੀਤੀ ਗਈ, ਅਤੇ ਇਸ ਮੌਕੇ 'ਤੇ ਵਾਤਾਵਰਨ ਨੂੰ ਹਰਿਆ ਭਰਿਆ ਅਤੇ ਸਾਫ ਸੁਥਰਾ ਰੱਖਣ ਦੇ ਲਈ ਫਲਦਾਰ ਬੂਟੇ ਵੀ ਵੰਡੇ ਗਏ। ਇਸ ਮੌਕੇ 'ਤੇ ਏ ਐਸ ਆਈ ਕੰਵਲਜੀਤ ਸਿੰਘ ਅਤੇ ਹਰਜਿੰਦਰ ਸਿੰਘ ਆਸਟ੍ਰੇਲੀਆ ਨੇ ਕਿਹਾ ਕਿ ਹਰ ਇਕ ਵਿਅਕਤੀ ਨੂੰ ਆਪਣੇ ਘਰ ਇਕ ਇਕ ਰੁੱਖ ਜਰੂਰ ਲਾਉਣਾ ਚਾਹੀਦਾ ਹੈ, ਤਾਂ ਜੋ ਵਾਤਾਵਰਨ ਨੂੰ ਹਰਿਆ ਭਰਿਆ ਰੱਖ ਸਕੀਏ।

## ਕਾਂਗਰਸ ਦੀ ਸੰਵਿਧਾਨ ਬਚਾਓ ਰੈਲੀ ਨਹੀਂ, ਕਾਂਗਰਸ ਬਚਾਓ ਰੈਲੀ ਹੈ : ਜੱਗਾ ਮਜੀਠੀਆ



ਤਰਸਿੱਕਾ, 15 ਜੂਨ, (ਦਵਿੰਦਰ ਸਿੰਘ ਤਰਸਿੱਕਾ): ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠੀਆ ਨੇ ਗੱਲਬਾਤ ਕਰਦਿਆਂ ਕਿਹਾ ਕਿ ਹਲਕਾ ਮਜੀਠਾ 'ਚ ਕਾਂਗਰਸ ਪਾਰਟੀ ਵੱਲੋਂ ਰੱਖੀ ਗਈ ਰੈਲੀ ਜਿਸਦਾ ਨਾਮ ਸੰਵਿਧਾਨ ਬਚਾਓ ਰੈਲੀ ਰੱਖਿਆ ਗਿਆ। ਜਦਕਿ ਕਾਂਗਰਸ ਵਿੱਚ ਮੁੱਖ ਮੰਤਰੀ ਦੀ ਦੌੜ ਨੂੰ ਲੈ ਕੇ ਆਪਸ 'ਚ ਪਾਟੋਧਾੜ ਹੈ ਅਤੇ ਵੱਖ-ਵੱਖ ਆਗੂ ਆਪਣੇ ਆਪ ਨੂੰ ਮੁੱਖ ਮੰਤਰੀ ਦਾ ਦਾਅਵੇਦਾਰ ਦੱਸ ਰਹੇ ਹਨ। ਵੱਧ ਰਹੀ ਪਾਟੋਧਾੜ ਕਾਰਨ ਕਾਂਗਰਸ ਨੂੰ ਰੈਲੀ ਦਾ ਨਾਮ ਕਾਂਗਰਸ ਬਚਾਓ ਰੈਲੀ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋ ਯੋਗ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਦੇ ਕੇ ਕਿਸਾਨਾਂ ਦੇ ਦਿਲ ਜਿੱਤ ਲਏ ਹਨ ਅਤੇ ਬਿਜਲੀ ਬਿਲ ਦੀ ਮਾਫੀ ਦੇ ਕੇ ਸਰਕਾਰ ਨੇ ਹਰ ਵਰਗ ਨੂੰ ਸਹੂਲਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ 'ਚ ਹੋ ਰਹੀ ਜ਼ਿਮਨੀ ਚੋਣ ਨੂੰ ਛੱਡ ਕੇ ਕਾਂਗਰਸੀ ਆਗੂ ਆਪਣਾ ਆਪ ਬਚਾਓ ਰੈਲੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਦੂਸਰੀਆਂ ਪਾਰਟੀਆਂ ਨੇ ਲੁਧਿਆਣਾ ਦੀ ਹਾਰ ਹੁਣ ਤੋਂ ਹੀ ਮੰਨ ਲਈ ਹੈ। ਉਨ੍ਹਾਂ ਕਿਹਾ ਕਿ ਅੱਜ ਰੈਲੀ ਦੌਰਾਨ ਕਾਂਗਰਸ ਦੀ ਪਾਟੋਧਾੜ ਸਾਹਮਣੇ ਆਈ ਹੈ ਜੋ ਅੱਜ ਰੈਲੀ ਦੇ ਵਿਚ ਮੁੱਖ ਚਰਚਾ ਦਾ ਵਿਸ਼ਾ ਰਹੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਕਾਂਗਰਸ ਆਪਣਾ ਆਪ ਹੀ ਬਚਾ ਲਏ, ਇਨ੍ਹਾਂ ਹੀ ਬਹੁਤ ਹੈ।

## ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੀ ਦੂਜੀ ਬਰਸੀ ਸੰਤੋਖਸਰ ਸਾਹਿਬ ਵਿਖੇ ਮਨਾਈ

### ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਤੇ ਦਮਦਮੀ ਟਕਸਾਲ ਮੁਖੀ 'ਤੇ ਚੁੱਕੇ ਸਵਾਲ



ਅੰਮ੍ਰਿਤਸਰ, 15 ਜੂਨ, (ਬਬਲੂ ਮਹਾਜਨ) : ਅੱਜ ਗੁਰਦੁਆਰਾ ਸੰਤੋਖਸਰ ਸਾਹਿਬ ਅੰਮ੍ਰਿਤਸਰ ਵਿਖੇ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਆਜ਼ਾਦ ਦੀ ਦੂਸਰੀ ਸ਼ਹੀਦੀ ਬਰਸੀ ਖਾਲਸਾਈ ਜਾਹੋ ਜਹਾਲ ਤੇ ਸ਼ਰਧਾ ਭਾਵਨਾ ਨਾਲ ਮਨਾਈ ਗਈ। ਸਮਾਗਮ ਦੌਰਾਨ ਢਾਡੀ ਜਥੇ ਭਾਈ ਤਰਸੇਮ ਸਿੰਘ ਮੋਰਾਂਵਾਲੀ ਵੱਲੋਂ ਵਾਰਾਂ ਰਾਹੀਂ ਸਿੱਖ ਇਤਿਹਾਸ ਨੂੰ ਉਜਾਗਰ ਕੀਤਾ ਗਿਆ ਤੇ ਭਾਈ ਗੁਰਦੇਵ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਹਰਨਾਮ ਸਿੰਘ ਧੁੰਮਾ ਉੱਤੇ ਸਿੱਧਾ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ 1984 ਵਿੱਚ ਸਿੱਖ ਹੋਮਲੈਂਡ ਦੀ ਨੀਂਹ ਰੱਖਣ ਦੇ ਬਚਨ ਦਿੱਤੇ ਸਨ, ਅੱਜ ਉਹਨਾਂ ਦੇ ਹੀ ਉੱਤਰਾਅਧਿਕਾਰੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਿੱਖ ਹੋਮਲੈਂਡ ਦੀ ਗੱਲ ਕਰਨ ਤੋਂ ਰੋਕ ਰਹੇ ਹਨ। ਮਾਨ ਨੇ ਦਾਅਵਾ ਕੀਤਾ ਕਿ ਭਾਈ ਅਵਤਾਰ ਸਿੰਘ ਖੰਡਾ ਨੂੰ ਭਾਰਤੀ ਏਜੰਸੀਆਂ ਵੱਲੋਂ ਵਿਦੇਸ਼ ਵਿੱਚ ਟੇਢੇ ਢੰਗ ਨਾਲ ਜ਼ਹਿਰ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਪੰਜਾਬ ਨਹੀਂ ਆਉਣ ਦਿੱਤਾ ਗਿਆ, ਜੋ ਕਿ ਸਾਫ਼ ਤੌਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।ਸਮਾਗਮ ਦੌਰਾਨ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਤੋਂ ਮੰਗ ਕੀਤੀ ਕਿ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਅਤੇ ਭਾਈ ਹਰਦੀਪ ਸਿੰਘ ਨਿੱਝਰ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿੱਚ ਲਗਾਈਆਂ ਜਾਣ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਇਹ ਤਸਵੀਰਾਂ ਨਹੀਂ ਲਗਾਈਆਂ ਤਾਂ ਸਿੱਖ ਕੌਮ ਆਪਣੇ ਆਪ ਇਹ ਕੰਮ ਕਰੇਗੀ।

ਸ. ਮਾਨ ਨੇ ਭਾਜਪਾ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਰਾਜਨਾਥ ਸਿੰਘ, ਅਜੀਤ ਡੋਵਾਲ ਅਤੇ ਸਮਿਤ ਕੁਮਾਰ ਗੋਇਲ ਉੱਤੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਇਹ ਲੋਕ ਭਾਈ ਅਵਤਾਰ ਸਿੰਘ ਖੰਡਾ, ਹਰਦੀਪ ਸਿੰਘ ਨਿੱਝਰ, ਪਰਮਜੀਤ ਸਿੰਘ ਪੰਜਵਾੜ, ਰਿਪੁਦਮਨ ਸਿੰਘ, ਸਿੱਧੂ ਮੂਸੇ ਵਾਲਾ, ਦੀਪ ਸਿੱਧੂ ਅਤੇ ਗੁਰਪ੍ਰੀਤ ਸਿੰਘ ਹਰੀਨੌ ਦੇ ਕਤਲਾਂ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਇਹਨਾਂ 'ਕਾਤਲ ਜਮਾਤ' ਨੂੰ ਵੋਟ ਨਹੀਂ ਪਾਉਣੀਆਂ ਚਾਹੀਦੀਆਂ। ਸਮਾਗਮ ਦੌਰਾਨ ਕਈ ਹੋਰ ਜਥੇਬੰਦੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ, ਜਿਨ੍ਹਾਂ ਨੇ ਸ਼ਹੀਦਾਂ ਦੀ ਯਾਦ ਵਿੱਚ ਆਪਣੀ ਸ਼ਰਧਾਂਜਲੀ ਭੇਟ ਕੀਤੀ ਤੇ ਏਕਤਾ ਲਈ ਅਪੀਲ ਕੀਤੀ। ਇਸ ਮੌਕੇ ਸਮੂਹ ਸਿੱਖ ਜਥੇਬੰਦੀਆਂ ਵੱਲੋਂ ਭਾਈ ਅਵਤਾਰ ਸਿੰਘ ਖੰਡਾ ਜੀ ਦੇ ਮਾਤਾ ਚਰਨਜੀਤ ਕੌਰ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ਗਿਆ ।

ਇਸ ਮੌਕੇ ਐਡਵੋਕੇਟ ਸਿਮਰਨਜੀਤ ਸਿੰਘ, ਨਰਾਇਣ ਸਿੰਘ ਚੌੜਾ ,ਪਰਮਜੀਤ ਸਿੰਘ ਮੰਡ ਦਲ ਖਾਲਸਾ, ਭਾਈ ਸੁਖਜੀਤ ਸਿੰਘ ਖੋਸਾ, ਉਪਕਾਰ ਸਿੰਘ ਸੰਧੂ, ਸਰਬਜੀਤ ਸਿੰਘ ਘੁਮਾਣ ,ਭਾਈ ਮਨਜੀਤ ਸਿੰਘ ਕਰਤਾਰਪੁਰ, ਸੁਖਰਾਜ ਸਿੰਘ, ਹਰਪਾਲ ਸਿੰਘ ਬਲੇਰ, ਕਵਰਪਾਲ ਸਿੰਘ ਦਲ ਖਾਲਸਾ, ਐਡਵੋਕੇਟ ਪਰਮਿੰਦਰ ਸਿੰਘ, ਅਮਰੀਕ ਸਿੰਘ ਨੰਗਲ ,ਕੁਲਵੰਤ ਸਿੰਘ ਕੋਟਲਾ, ਤਜਿੰਦਰ ਸਿੰਘ ਦਿਓਲ, ਲਵਪ੍ਰੀਤ ਸਿੰਘ ਤੂਫਾਨ, ਗੁਰਜੰਟ ਸਿੰਘ ਕੱਟੂ, ਭੁਪਿੰਦਰ ਸਿੰਘ ਸੱਜਣ, ਹਰਮਨਦੀਪ ਸਿੰਘ ਸੁਲਤਾਨਵਿੰਡ, ਰਵੀ ਸ਼ੇਰ ਸਿੰਘ, ਪਰਮਜੀਤ ਸਿੰਘ ਸੁੱਖ, ਤਰਲੋਕ ਸਿੰਘ ਬਿੱਟਾ, ਬੀਬੀ ਕੁਲਵਿੰਦਰ ਕੌਰ, ਪਰਮਜੀਤ ਸਿੰਘ ਚੱਕ ਮੁਕੰਦ, ਨਿਸ਼ਾਨ ਸਿੰਘ, ਅੰਮ੍ਰਿਤਪਾਲ ਸਿੰਘ ਛੰਦੜਾ ਦਲਬੀਰ ਸਿੰਘ ਬੰਡਾਲਾ ਤੇ ਹੋਰ ਹਾਜ਼ਰ ਸਨ।

## ਕਬੂਤਰਾਂ ਨੂੰ ਲੈ ਕੇ ਦੋ ਧਿਰਾਂ 'ਚ ਹੋਇਆ ਝਗੜਾ



ਅੰਮ੍ਰਿਤਸਰ, 15 ਜੂਨ, (ਬਬਲੂ ਮਹਾਜਨ) : ਅੰਮ੍ਰਿਤਸਰ ਵਿਖੇ ਕਬੂਤਰਬਾਜ਼ੀ 'ਚ ਇੱਕ-ਦੂਜੇ ਦੇ ਕਬੂਤਰਾਂ ਨੂੰ ਆਪਣੇ ਕੋਲ ਬੁਲਾ ਕੇ ਰੱਖਣ ਦੇ ਮਾਮਲੇ 'ਚ ਮਾਰਚ 2025 'ਚ ਦੋ ਧਿਰਾਂ ਵਿਚਾਲੇ ਝਗੜਾ ਹੋਇਆ ਸੀ। ਇਸ ਝਗੜੇ ਦੌਰਾਨ ਗੋਲੀ ਵੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਸੀ। ਹੁਣ ਪੁਲਿਸ ਨੇ ਗੋਲੀ ਚਲਾਉਣ ਵਾਲੇ 4 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਸਾਹਿਲ ਉਰਫ ਸ਼ਾਲੂ ਅਤੇ ਅਨਮੋਲ ਨਾਂ ਦੇ ਨੌਜਵਾਨਾਂ ਨੇ ਕਬੂਤਰ ਰੱਖੇ ਹੋਏ ਸਨ। ਦੋਵੇਂ ਹੀ ਇੱਕ-ਦੂਜੇ ਦੇ ਕਬੂਤਰ ਫੜ੍ਹਨ 'ਚ ਲੱਗੇ ਰਹਿੰਦੇ ਸਨ।

ਇਸ ਸਬੰਧੀ ਏ. ਸੀ. ਪੀ. ਸ਼ਿਵਦਰਸ਼ਨ ਸਿੰਘ ਨੇ ਦੱਸਿਆ ਕਿ ਹਰਪਾਲ ਸਿੰਘ ਨਾਂ ਦੇ ਨੌਜਵਾਨ ਨੇ ਪੁਲਿਸ ਨੂੰ ਬਿਆਨ ਦਿੱਤਾ ਸੀ ਕਿ ਅਨਮੋਲ ਦੀਪ ਸਿੰਘ ਅਤੇ ਸਾਹਿਲ ਉਰਫ਼ ਸਾਲੂ ਕਬੂਤਰਬਾਜ਼ੀ ਕਰਦੇ ਹੋਏ ਰੰਜਿਸ਼ ਰੱਖਦੇ ਸੀ ਅਤੇ ਅਨਮੋਲਦੀਪ ਸਿੰਘ ਦੇ ਸਾਥੀਆਂ ਵੱਲੋਂ ਸਾਹਿਲ ਉਰਫ਼ ਸ਼ਾਲੂ ਅਤੇ ਉਸਨੂੰ ਗੁਮਾਲੇ ਨਜ਼ਦੀਕ ਰੋਕ ਕੇ ਝਗੜਾ ਕਰਨ ਲੱਗੇ ਅਤੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ। ਗੋਲੀ ਹਰਪਾਲ ਸਿੰਘ ਦੇ ਲੱਗੀ ਅਤੇ ਉਸ ਮਾਮਲੇ 'ਚ ਪੁਲਸ ਨੇ ਹਰਪਾਲ ਸਿੰਘ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਕਰਨਜੀਤ ਸਿੰਘ ਉਰਫ਼ ਕਰਨ, ਰਣਜੀਤ ਸਿੰਘ ਉਰਫ਼ ਲਵ, ਬਲਵੰਤ ਸਿੰਘ ਉਰਫ਼ ਸੋਢੀ ਅਤੇ ਅਨਮੋਲਦੀਪ ਸਿੰਘ ਉਰਫ਼ ਪਾਨਾ ਨੂੰ ਇੱਕ ਪਿਸਤੋਲ 32 ਬੋਰ ਅਤੇ ਤਿੰਨ ਰੌਂਦ 32 ਬੋਰ ਸਮੇਤ ਗ੍ਰਿਫ਼ਤਾਰ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਨੇ ਦੱਸਿਆ ਕਿ ਅਜੇ ਇਨ੍ਹਾਂ ਦਾ ਇੱਕ ਹੋਰ ਸਾਥੀ ਗ੍ਰਿਫ਼ਤਾਰ ਕਰਨਾ ਬਾਕੀ ਹੈ।

## ਵਰਧਮਾਨ ਅਮਰਾਂਤੇ ਨੇ ਖ਼ੂਨਦਾਨ ਕੈਂਪ ਲਗਾਇਆ




ਲੁਧਿਆਣਾ, 15 ਜੂਨ ( ਕਰਨੈਲ ਸਿੰਘ ਐੱਮ.ਏ.): ਸਮਾਜ ਭਲਾਈ ਵਿੱਚ ਯੋਗਦਾਨ ਪਾਉਣ ਲਈ ਇੱਕ ਸੁਹਿਰਦ ਪਹਿਲਕਦਮੀ ਵਿੱਚ, ਓਸਵਾਲ ਗਰੁੱਪ ਦੇ ਇੱਕ ਉੱਦਮ, ਵਰਧਮਾਨ ਅਮਰਾਂਤੇ ਨੇ ਅਮਰਾਂਤੇ ਕੋਰਟਯਾਰਡ, ਵਰਧਮਾਨ ਪਾਰਕ, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਇੱਕ ਖੂਨਦਾਨ ਕੈਂਪ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਹ ਮੁਹਿੰਮ ਗੁਰੂ ਨਾਨਕ ਬਲੱਡ ਸੈਂਟਰ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਸੀ, ਜੋ ਕਿ ਇੱਕ ਨਾਮਵਰ ਸੰਸਥਾ ਹੈ ਜੋ ਖੇਤਰ ਵਿੱਚ ਮਹੱਤਵਪੂਰਨ ਸਿਹਤ ਸੰਭਾਲ ਜ਼ਰੂਰਤਾਂ ਦਾ ਸਮਰਥਨ ਕਰਨ ਲਈ ਅਣਥੱਕ ਕੰਮ ਕਰ ਰਹੀ ਹੈ। ਖੂਨਦਾਨ ਕਰੋ, ਜ਼ਿੰਦਗੀਆਂ ਬਚਾਓ ਥੀਮ ਦੇ ਨਾਲ, ਇਸ ਪਹਿਲਕਦਮੀ ਵਿੱਚ ਨਿਵਾਸੀਆਂ, ਸਟਾਫ ਅਤੇ ਵਲੰਟੀਅਰਾਂ ਨੇ ਉਤਸ਼ਾਹੀ ਭਾਗੀਦਾਰੀ ਕੀਤੀ। ਉਦੇਸ਼ ਸਵੈ-ਇੱਛਤ ਖੂਨਦਾਨ ਨੂੰ ਇੱਕ ਜੀਵਨ-ਰੱਖਿਅਕ ਇਸ਼ਾਰੇ ਵਜੋਂ ਉਤਸ਼ਾਹਿਤ ਕਰਨਾ ਸੀ, ਜਿਸ ਵਿੱਚ ਸਿਰਫ ਕੁਝ ਮਿੰਟ ਲੱਗਦੇ ਹਨ ਪਰ ਕਈ ਜਾਨਾਂ ਬਚਾਉਣ ਦੀ ਸਮਰੱਥਾ ਰੱਖਦਾ ਹੈ। ਦਾਨੀਆਂ ਨੂੰ ਗੁਰੂ ਨਾਨਕ ਬਲੱਡ ਸੈਂਟਰ ਦੁਆਰਾ ਉਨ੍ਹਾਂ ਦੇ ਨਿਰਸਵਾਰਥ ਕਾਰਜ ਲਈ ਪ੍ਰਸ਼ੰਸਾ ਦੇ ਪ੍ਰਤੀਕ ਵਜੋਂ ਦਾਨੀ ਦਾ ਸਰਟੀਫਿਕੇਟ ਪ੍ਰਦਾਨ ਕੀਤਾ ਗਿਆ। ਇਹ ਸਮਾਗਮ ਨਾ ਸਿਰਫ਼ ਖੂਨ ਇਕੱਠਾ ਕਰਨ ਦੇ ਯਤਨ ਵਜੋਂ, ਸਗੋਂ ਇੱਕ ਜਾਗਰੂਕਤਾ ਮੁਹਿੰਮ ਵਜੋਂ ਵੀ ਕੰਮ ਕਰਦਾ ਸੀ, ਜਿਸ ਨਾਲ ਹੋਰ ਲੋਕਾਂ ਨੂੰ ਅੱਗੇ ਆਉਣ ਅਤੇ ਅਜਿਹੇ ਜੀਵਨ-ਅਮੀਰ ਕਰਨ ਵਾਲੇ ਕਾਰਨਾਂ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ ਗਿਆ। ਇਸ ਪਹਿਲਕਦਮੀ ਬਾਰੇ ਬੋਲਦਿਆਂ, ਓਸਵਾਲ ਗਰੁੱਪ ਦੇ ਚੇਅਰਮੈਨ, ਸ਼੍ਰੀ ਆਦਿਸ਼ ਓਸਵਾਲ ਨੇ ਕਿਹਾ: ਸਮਾਜ ਭਲਾਈ ਸਾਡੇ ਹਰ ਕੰਮ ਦੇ ਕੇਂਦਰ ਵਿੱਚ ਹੈ। ਇਸ ਖੂਨਦਾਨ ਮੁਹਿੰਮ ਰਾਹੀਂ, ਸਾਡਾ ਉਦੇਸ਼ ਦੇਣ ਅਤੇ ਹਮਦਰਦੀ ਦੀ ਸੰਸਕ੍ਰਿਤੀ ਨੂੰ ਉਤਸ਼ਾਹਿਤ ਕਰਨਾ ਹੈ। ਸਾਨੂੰ ਇਸ ਨੇਕ ਕੰਮ ਲਈ ਗੁਰੂ ਨਾਨਕ ਬਲੱਡ ਸੈਂਟਰ ਨਾਲ ਭਾਈਵਾਲੀ ਕਰਨ 'ਤੇ ਮਾਣ ਹੈ, ਅਤੇ ਅਸੀਂ ਟੀਮ, ਗਾਹਕਾਂ ਅਤੇ ਭਾਈਵਾਲਾਂ ਦੀ ਦਿਲੋਂ ਕਦਰ ਕਰਦੇ ਹਾਂ ਜੋ ਫਰਕ ਲਿਆਉਣ ਲਈ ਅੱਗੇ ਆਏ।

# ਚੇਅਰਮੈਨ ਗੜ੍ਹੀ ਵੱਲੋਂ ਭਗਤ ਕਬੀਰ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ




ਲੁਧਿਆਣਾ,15 ਜੂਨ (ਵਿਸ਼ਾਲ ਸ਼ਰਮਾ): ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਵੱਲੋਂ, ਭਗਤ ਕਬੀਰ ਜੀ ਦੇ 627ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਮਾਗਮ ਮੌਕੇ ਸ੍ਰੀ ਗੁਰੂ ਰਵਿਦਾਸ ਮੰਦਿਰ, ਜੋਧੇਵਾਲ ਬਸਤੀ ਵਿਖੇ ਹਾਜ਼ਰੀ ਲਗਵਾਈ। ਸਮਾਗਮ ਦੇ ਮੁੱਖ ਮਹਿਮਾਨ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਇਕੱਠ ਨੂੰ ਸੰਬੋਧਨ ਕਰਦਿਆਂ ਭਗਤ ਕਬੀਰ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਧੰਨ-ਧੰਨ ਸਤਿਗੁਰੂ ਕਬੀਰ ਮਹਾਰਾਜ ਇੱਕ ਮਹਾਨ ਸਮਾਜ ਸੁਧਾਰਕ ਸਨ ਅਤੇ ਉਨ੍ਹਾਂ ਸਮੁੱਚੀ ਮਾਨਵਤਾ ਨੂੰ ਸੱਚ,ਪਿਆਰ,ਅਹਿੰਸਾ, ਸਦਾਚਾਰ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਜਿਸਦਾ ਮੌਜੂਦਾ ਪਦਾਰਥਵਾਦੀ ਯੁੱਗ ਵਿੱਚ ਵਿਸ਼ੇਸ਼ ਮਹੱਤਵ ਹੈ। ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਜੁੜੀਆਂ ਸੰਗਤਾਂ ਤੋਂ ਇਲਾਵਾ ਡਾ.ਜਸਪ੍ਰੀਤ ਸਿੰਘ ਬੀਜਾ,ਰਮਨਜੀਤ ਸਿੰਘ ਲਾਲੀ,ਸ੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਸਭਾ,ਬਸਤੀ ਜੋਧੇਵਾਲ ਦੇ ਪ੍ਰਧਾਨ ਜਿੰਦਰਪਾਲ ਦੜੋਚ,ਨਰਿੰਦਰ ਰਾਏ ਬਿੱਟੂ, ਡਾ. ਰਾਮਜੀਤ ਸੂਦ,ਰਜਿੰਦਰ ਮੂਲਨਿਵਾਸੀ,ਰਮੇਸ਼ ਰਸੀਲਾ,ਸੁੱਖਾ ਰਾਮ ਲਾਖਾ,ਜਸਬੀਰ ਲੱਧੜ,ਲੇਖ ਰਾਜ ਸੂਦ ਵੀ ਮੌਜੂਦ ਸਨ। ਚੇਅਰਮੈਨ ਗੜ੍ਹੀ ਵੱਲੋਂ ਸਾਂਝੀ ਭਾਈਵਾਲਤਾ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਗੁਰੂ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦਾ ਜਨਮ ਉੱਤਰ ਪ੍ਰਦੇਸ਼ ਦੇ ਇੱਕੋ ਸ਼ਹਿਰ ਵਨਾਰਸ ਵਿੱਚ ਹੋਇਆ ਹੈ ਅਤੇ ਉੱਥੋ ਰੋਜ਼ੀ-ਰੋਟੀ ਕਮਾਉਣ ਲਈ ਆਏ ਲੋਕਾਂ ਨੂੰ ਨਾਲ ਜੋੜਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਦਾ ਸਰਬ ਸਾਂਝੀਵਾਲਤਾ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਲਈ ਅਣਥੱਕ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਹਮੇਸ਼ਾ ਹੀ ਆਵਾਮ ਦਾ ਮਾਰਗ ਦਰਸ਼ਨ ਕਰਦੀ ਰਹੇਗੀ ਜੋ ਕਿ ਜਾਤ,ਨਸਲ ਅਤੇ ਧਰਮ ਤੋਂ ਉਪਰ ਉਠਣ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਕਬੀਰ ਸਾਹਿਬ ਦੀ ਬਾਣੀ ਸਾਨੂੰ ਸ਼ੁੱਧ ਵਿਚਾਰਧਾਰਾ ਦਾ ਸੰਦੇਸ਼ ਦਿੰਦੀ ਹੈ ਜਿਸ ਤੋਂ ਸਿੱਖਿਆ ਲੈ ਕੇ ਅਸੀਂ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਨੇ ਸਮਾਜ ਵਿਚ ਸਮਾਜਿਕ ਬੁਰਾਈਆਂ ਜਾਤੀ ਪ੍ਰਥਾ, ਛੂਤ-ਛਾਤ ਅਤੇ ਉਚ-ਨੀਚ ਦੇ ਖ਼ਾਤਮੇ ਲਈ ਲੰਬਾ ਸੰਘਰਸ਼ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰੂ ਰਵਿਦਾਸ ਜੀ ਮਹਾਰਾਜ ਦੀ ਅਪਾਰ ਕ੍ਰਿਪਾ ਨਾਲ ਪੰਜਾਬ ਸਰਕਾਰ ਵੱਲੋਂ ਮੈਨੂੰ ਜਿਹੜੀ ਜਿੰਮੇਵਾਰੀ ਸੌਂਪੀ ਹੈ ਮੈਂ ਉਸਨੂੰ ਸਖ਼ਤ ਮਿਹਨਤ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾ ਰਿਹਾ ਹਾਂ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਹੋਣ ਦੇ ਨਾਤੇ ਕਿਸੇ ਵੀ ਵਿਅਕਤੀ ਨਾਲ ਵਧੀਕੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਚੇਅਰਮੈਨ ਗੜ੍ਹੀ ਨੇ ਕਿਹਾ ਕਿ ਉਹ ਕੌਮਾਂ ਹਮੇਸ਼ਾ ਅਗਾਂਹ ਵਧਦੀਆਂ ਅਤੇ ਤਰੱਕੀ ਕਰਦੀਆਂ ਹਨ, ਜਿਹੜੀਆਂ ਆਪਣੇ ਗੁਰੂਆਂ-ਪੀਰਾਂ ਨੂੰ ਯਾਦ ਰੱਖਦੀਆਂ ਹੋਈਆਂ ਹਮੇਸ਼ਾ ਉਨ੍ਹਾਂ ਦੇ ਪੂਰਨਿਆਂ 'ਤੇ ਚੱਲਦੀਆਂ ਹਨ।ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਭਗਤ ਕਬੀਰ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਰਾਜ ਦੇ ਸਮਾਜਿਕ ਤੇ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਦਾ ਜੀਵਨ ਮਿਆਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

## ਵਧੀਕ ਜ਼ਿਲ੍ਹਾ ਚੋਣ ਅਫਸਰ ਨੇ ਖ਼ਾਲਸਾ ਕਾਲਜ ਵਿੱਚ ਸਟਰਾਂਗ ਰੂਮ ਅਤੇ ਗਿਣਤੀ ਕੇਂਦਰ ਦਾ ਨਿਰੀਖਣ ਕੀਤਾ



ਲੁਧਿਆਣਾ,15 ਜੂਨ (ਵਿਸ਼ਾਲ ਸ਼ਰਮਾ): ਵਧੀਕ ਜ਼ਿਲ੍ਹਾ ਚੋਣ ਅਫਸਰ ਰੋਹਿਤ ਗੁਪਤਾ ਨੇ ਐਤਵਾਰ ਨੂੰ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੀ ਪੋਲਿੰਗ ਅਤੇ ਗਿਣਤੀ ਪ੍ਰਕਿਰਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਖਾਲਸਾ ਕਾਲਜ (ਲੜਕੀਆਂ) ਲੁਧਿਆਣਾ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ) ਲਈ ਸਟਰਾਂਗ ਰੂਮ ਅਤੇ ਗਿਣਤੀ ਕੇਂਦਰ ਦਾ ਦੌਰਾ ਕੀਤਾ। ਰੋਹਿਤ ਗੁਪਤਾ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਪਾਰਦਰਸ਼ੀ ਜ਼ਿਮਨੀ ਚੋਣ ਕਰਵਾਉਣ ਲਈ ਅਟੱਲ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਇਨ੍ਹਾਂ ਥਾਵਾਂ 'ਤੇ ਪ੍ਰਬੰਧਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਅਤੇਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਥਾਵਾਂ 'ਤੇ ਪੁਖਤਾ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਸਟਰਾਂਗ ਰੂਮਾਂ ਅਤੇ ਗਿਣਤੀ ਕੇਂਦਰਾਂ ਲਈ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਪੂਰੀ ਤਰ੍ਹਾਂ ਕੀਤੀ ਜਾਵੇਗੀ। ਉਨ੍ਹਾਂ ਨੇ ਸੀ.ਸੀ.ਟੀ.ਵੀ,ਬਿਜਲੀ ਸਪਲਾਈ,ਅੱਗ-ਸੁਰੱਖਿਆ ਉਪਾਵਾਂ ਅਤੇ ਸਥਾਨਾਂ 'ਤੇ ਰੱਖੇ ਗਏ ਅਧਿਕਾਰਤ ਰਜਿਸਟਰਾਂ ਦੇ ਰੱਖ-ਰਖਾਅ ਅਤੇ ਅਪਡੇਟ ਬਾਰੇ ਵੀ ਵੇਰਵੇ ਲਏ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਟਰਾਂਗ ਰੂਮ, ਕਾਊਂਟਿੰਗ ਸੈਂਟਰ ਦੀ ਪੁਖਤਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ ਉਪਾਵਾਂ ਅਤੇ ਪ੍ਰਕਿਰਿਆਤਮਕ ਜਾਂਚਾਂ ਦੀ ਇੱਕ ਵਿਸਤ੍ਰਿਤ ਪ੍ਰਣਾਲੀ ਲਾਗੂ ਕਰੇਗਾ। ਇਹ ਸੁਰੱਖਿਆ ਉਪਾਅ ਹਰ ਪੜਾਅ 'ਤੇ ਰਾਜਨੀਤਿਕ ਪਾਰਟੀਆਂ, ਉਮੀਦਵਾਰਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਦੀ ਸਰਗਰਮ ਸ਼ਮੂਲੀਅਤ ਨਾਲ ਲਾਗੂ ਕੀਤੇ ਗਏ ਹਨ ਤਾਂ ਜੋ ਚੋਣ ਪ੍ਰਕਿਰਿਆ ਦੀ ਪ੍ਰਭਾਵਸ਼ੀਲਤਾ ਅਤੇ ਭਰੋਸੇਯੋਗਤਾ ਵਿੱਚ ਉਨ੍ਹਾਂ ਦਾ ਵਿਸ਼ਵਾਸ ਪੈਦਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਦੇ ਸ਼ਾਂਤੀਪੂਰਨ ਸੰਚਾਲਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲੇ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 15 ਜੂਨ (ਕਰਨੈਲ ਸਿੰਘ ਐੱਮ.ਏ.): ਉੱਚੇ ਆਦਰਸ਼ਾਂ ਦੇ ਧਾਰਨੀ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਣੀ 'ਤੇ ਸ਼ਕਤੀ ਦੇ ਸੰਕਲਪ ਨੂੰ ਸਿਧਾਂਤਕ ਤੌਰ 'ਤੇ ਪ੍ਰਵਾਨ ਕਰਦਿਆਂ ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕਰਕੇ ਸਿੱਖ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ, ਉੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕਰਕੇ ਅਤੇ ਖਾਲਸਾਈ ਫੌਜ ਦਾ ਗਠਨ ਕਰਕੇ ਜਬਰ ਤੇ ਜ਼ੁਲਮ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੁਰੂ ਘਰ ਦੇ ਕੀਰਤਨੀਏ ਭਾਈ ਮਨਜੀਤ ਸਿੰਘ ਜੀ ਪਠਾਨਕੋਟ ਵਾਲਿਆਂ ਨੇ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਯੋਜਿਤ ਕੀਤੇ ਗਏ ਹਫ਼ਤਾਵਾਰੀ ਕੀਰਤਨ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਇਸ ਦੌਰਾਨ ਭਾਈ ਮਨਜੀਤ ਸਿੰਘ ਜੀ ਪਠਾਨਕੋਟ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰੂ ਸਾਹਿਬਾਂ ਵੱਲੋਂ ਉਚਾਰੀ ਇਲਾਹੀ ਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਉਥੇ ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਸੁਸਾਇਟੀ ਦੇ ਮੁੱਖ ਸੇਵਾਦਾਰ ਸ: ਭੁਪਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਫਿਲਾਸਫੀ ਸਮੁੱਚੀ ਲੋਕਾਈ ਨੂੰ ਨਿਰਭਉ ਤੇ ਨਿਰਵੈਰ ਹੋਣ ਦੀ ਪ੍ਰੇਰਣਾ ਦਿੰਦੀ ਹੈ। ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਮੌਜੂਦਾ ਸਮੇਂ ਦੀ ਨੌਜਵਾਨ ਪੀੜ੍ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਬਖ਼ਸ਼ੇ ਭਗਤੀ ਤੇ ਸ਼ਕਤੀ ਦੇ ਸੰਕਲਪ ਨੂੰ ਸੇਧ ਲੈ ਕੇ ਬਾਣੀ ਤੇ ਬਾਣੇ ਦੀ ਧਾਰਨੀ ਬਣੇ । ਸਮਾਗਮ ਦੀ ਸਮਾਪਤੀ ਮੌਕੇ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ: ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਮੈਂਬਰਾਂ ਨੇ ਸਾਂਝੇ ਰੂਪ ਵਿੱਚ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਓ ਬਖਸ਼ਿਸ਼ ਕਰਕੇ ਉਨ੍ਹਾਂ ਦਾ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਸਵ: ਜੱਥੇਦਾਰ ਅਵਤਾਰ ਸਿੰਘ ਮੱਕੜ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਸੁਸਾਇਟੀ ਵੱਲੋਂ ਚਲਾਈ ਜਾ ਰਹੀ ਹਫ਼ਤਾਵਾਰੀ ਕੀਰਤਨ ਸਮਾਗਮ ਦੀ ਲੜੀ ਸੰਗਤਾਂ ਦੇ ਲਈ ਪ੍ਰੇਰਣਾ ਦਾ ਸਰੋਤ ਬਣ ਚੁੱਕੀ ਹੈ। ਕੀਰਤਨ ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ: ਇੰਦਰਜੀਤ ਸਿੰਘ ਮੱਕੜ, ਜਤਿੰਦਰਪਾਲ ਸਿੰਘ ਸਲੂਜਾ, ਕਰਨੈਲ ਸਿੰਘ ਬੇਦੀ, ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਹਾੜ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ



ਲੁਧਿਆਣਾ, 15 ਜੂਨ ((ਰਵਿੰਦਰ ਸਿੰਘ ਨਿੱਝਰ) - ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਕ ਵਿਖੇ ਹਾੜ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥਿਆਂ ਭਾਈ ਗੁਰਦੀਪ ਸਿੰਘ ਜੱਪੁਰ ਵਾਲੇ, ਭਾਈ ਗੁਰਸ਼ਰਨ ਸਿੰਘ, ਭਾਈ ਪਰਮਵੀਰ ਸਿੰਘ, ਭਾਈ ਹਰਪ੍ਰੀਤ ਸਿੰਘ ਖਾਲਸਾ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ। ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਕਥਾ ਵਾਚਕ ਭਾਈ ਮਨਪ੍ਰੀਤ ਸਿੰਘ ਨੇ ਗੁਰੂ ਘਰ ਨਸਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਗੁਰਦੁਆਰਾ ਸ਼ਹੀਦਾਂ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤੀ ਰੂਪ ਵਿੱਚ ਰਾਗੀ ਜੱਥੇ ਨੂੰ ਸਿਰਪਾਓ ਭੇਟ ਕੀਤੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ਹੋਣਾਂ ਤੋਂ ਇਲਾਵਾ ਤਰਲੋਚਨ ਸਿੰਘ ਬੱਬਰ, ਬਲਜੀਤ ਸਿੰਘ ਦੁਖੀਆਂ, ਸੁਰਜੀਤ ਸਿੰਘ ਮਠਾੜੂ, ਜਤਿੰਦਰਪਾਲ ਸਿੰਘ ਸਲੂਜਾ, ਸਵਰਨ ਸਿੰਘ ਮਹੌਲੀ, ਜਸਵੀਰ ਸਿੰਘ ਗੋਗੀਆ, ਇੰਦਰਜੀਤ ਸਿੰਘ ਮੱਕੜ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਗੋਲਾ, ਸੁਰਿੰਦਰ ਸਿੰਘ ਨਾਰੰਗ, ਸੁਖਰਾਜ ਸਿੰਘ, ਦਵਿੰਦਰ ਸਿੰਘ ਸਿੱਬਲ, ਗੁਰਮੀਤ ਸਿੰਘ, ਅਵਤਾਰ ਸਿੰਘ, ਪ੍ਰੀਤਮ ਸਿੰਘ ਮਟਕੂ ਵੀ ਗੁਰੂ ਘਰ ਨਸਮਸਤਕ ਹੋਏ।

# ਸੋਸ਼ਲ ਮੀਡਿਆ 'ਤੇ ਵਾਇਰਲ ਭਗਵੇ ਸਾਧ ਦੀ ਅਸ਼ਲੀਲ ਵੀਡੀਓ ਨੇ ਪਾਇਆ ਭੜਥੂ



ਜਗਰਾਓਂ,ਤਲਵੰਡੀ ਖੁਰਦ ,15 ਜੂਨ (ਦਵਿੰਦਰ ਜੈਨ): ਸਰੀਰਕ ਭੁੱਖ ਮਿਟਾਉਣ ਖਾਤਰ ਕਈ ਵਾਰ ਇਨਸਾਨ ਇਨ੍ਹਾਂ ਨੀਵਾਂ ਡਿੱਗ ਜਾਂਦਾ ਹੈ ਕਿ ਉਸ ਨੂੰ ਆਪਣਾ ਰੁਤਬਾ ਸ਼ੋਹਰਤ ਦਾ ਵੀ ਭੋਰਾ ਜਿਨ੍ਹਾਂ ਧਿਆਨ ਨਹੀ ਰਹਿੰਦਾ, ਪਿਛਲੇ ਲੰਮੇ ਸਮੇਂ ਤੋਂ ਚਰਚਾ 'ਚ ਰਹੇ ਕੁਝ ਧਾਰਮਿਕ ਡੇਰਿਆਂ ਦੇ ਸਾਧਾਂ ਦੀ ਕਾਮਵਾਸ਼ਨਾ ਘਟਣ ਦੀ ਥਾਂ ਵੱਧਦੀ ਜਾ ਰਹੀ ਹੈ, ਕਈ ਸਾਧ ਆਜਿਹੀਆ ਕਰਤੂਤਾਂ ਦੇ ਚੱਲਦਿਆ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹਨ। ਇਹ ਸਭ ਕੁਝ ਜਾਣਦੇ ਹੋਏ ਵੀ ਕੁਝ ਸਾਧ ਇਨ੍ਹਾਂ ਪੁੱਠੇ ਕੰਮ ਕਰਨ ਤੋਂ ਬਾਜ਼ ਨਹੀ ਆਉਂਦੇ ਪਰ ਹੁਣ ਇੱਕ ਹੋਰ ਭਗਵੇਂ ਭੇਖ ਦੇ ਬਾਬੇ ਦੀ ਅਸ਼ਲੀਲ ਵੀਡੀਓ ਨੇ ਹਰ ਇੱਕ ਮੰਚ ਉੱਪਰ ਹੀ ਸਿੰਗਾਰ ਬਣ ਰਹੀ ਹੈ, ਉਸ ਵੀਡੀਓ ਨੇ ਭੜਥੂ ਪਾਇਆ ਹੋਇਆ ਹੈ, ਜਿਹੜੀ ਕਿ ਸੋਸ਼ਲ ਮੀਡੀਏ 'ਤੇ ਬੜੀ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ । ਹਰ ਕੋਈ ਇਸ ਭੇਖੀ ਸਾਧ ਦੀ ਵੀਡੀਓ ਚਟਕਾਰੇ ਲਾ ਕੇ ਦੇਖ ਰਿਹਾ ਹੈ।ਆਪਣੇ ਆਪ ਨੂੰ ਸੰਤ ਅਖਵਾਉਣ ਵਾਲਾ ਇਹ ਬਾਬਾ ਪਹਿਲਾ ਵੀ ਕੁੱਛ ਸਾਲ ਪਹਿਲੇ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਪਰ ਤਾਜ਼ਾ ਵੀਡੀਓ ਨੇ ਰੌਂਗਟੇ ਖੜ੍ਹੇ ਕਰ ਕੇ ਰੱਖ ਦਿੱਤੇ ਹਨ, ਜਿਸ ਵਿੱਚ ਸਿੱਧੇ ਤੌਰ 'ਤੇ ਇਹ ਬਾਬਾ ਕਿਸੇ ਮਹਿਲਾ ਨਾਲ ਨਿਰਵਸਤਰ ਹੋ ਕੇ ਸ਼ਰੇਆਮ ਅਸ਼ਲੀਲ ਹਰਕਤਾਂ ਕਰਦਾ ਦਿਖਾਈ ਦੇ ਰਿਹਾ ਹੈ। ਪਿਛਲੇ ਲੰਬੇ ਸਮੇਂ ਤੋਂ ਇਹ ਬਾਬਾ ਆਪਣੇ ਅਸਥਾਨ 'ਤੇ ਰੈਣ ਸਬਾਈ ਕੀਰਤਨ ਵੀ ਕਰਵਾਉਂਦਾ ਆ ਰਿਹਾ ਹੈ। ਪਰ ਲਾਗਲੇ ਪਿੰਡ ਦੀ ਇੱਕ ਮਹਿਲਾ ਨਾਲਪਿਆ ਪੇਂਣ ਤੋਂ ਬਾਅਦ ਹੁਣ ਇਸਦੀ ਸੰਗਤ ਵੱਡੀ ਗਿਣਤੀ ਵਿੱਚ ਉਸਤੋਂ ਕਿਨਾਰਾ ਕਰ ਗਈ ਹੈ। ਗੁੱਸੇ ਵੱਚ ਇਹ ਸੁਆਮੀ ਦੀ ਨਾਂ ਨਾਲ ਮਸ਼ਹੂਰ ਭੇਖੀ ਬਾਬਾ ਜਿੱਥੇ ਵਿਦੇਸ਼ੀ ਯਾਤਰਾਵਾਂ ਦਾ ਬੜਾ ਸ਼ੌਕੀਨ ਹੈ, ਉੱਥੇ ਬਿਨਾ ਕਿਸੇ ਨਿੱਜੀ ਕਮਾਈ ਤੋਂ ਲੋਕਾਂ ਦੀ ਕਮਾਈ ਨਾਲ ਮਹਿੰਗੀਆਂ ਗੱਡੀਆਂ'ਤੇ ਘੁੰਮਣਾਂ ਵੀ ਕਾਫੀ ਪਸੰਦ ਕਰਦਾ ਹੈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਅੱਜ ਜਦੋਂ ਇਸ ਬਾਬੇ ਦੇ ਅਸਥਾਨ 'ਤੇ ਪੱਤਰਕਾਰਾਂ ਨੇ ਗੇੜਾ ਮਾਰਿਆ ਤਾਂ ਬਾਬਾ ਉੱਥੋ ਗਾਇਬ ਸੀ ਅਤੇ ਕੋਈ ਸ਼ਰਧਾਲੂ ਵੀ ਨਹੀਂ ਸੀ ਆ ਜਾ ਰਿਹਾ। ਅਤੀ ਕਰੀਬੀ ਚੇਲੇ ਚਾਟੜੇ ਵੀ ਉਥੋਂ ਖਿਸਕੇ ਹੋਏ ਸਨ ਅਤੇ ਫੋਨ ਵੀ ਨਹੀਂ ਸੀ ਚੁੱਕ ਰਹੇ। ਵਾਇਰਲ ਹੋਈ ਵੀਡੀਓ ਵਿੱਚ ਬਾਬੇ ਦਾ ਮਹਿਲਾ ਨਾਲ ਅਸ਼ਲੀਲ ਹਰਕਤਾਂ ਕਰਦੇ ਸਮੇਂ ਚੇਹਰਾ ਸਾਫ ਦਿਖਾਈ ਦੇ ਰਿਹਾ ਹੈ। ਅਤੀ ਭਰੋਸੇਯੋਗ ਸੂਤਰਾਂ ਤੋਂ ਤਾਂ ਇਹ ਵੀ ਪਤਾ ਲਗਾ ਹੈ ਕਿ ਬਾਬੇ ਦੀ ਸੰਪਦਾ ਦੇ ਹੋਣਾਂ ਮੁੱਖੀਆਂ ਵੱਲੋਂ ਜਲਦੀ ਹੀ ਇੱਕ ਇੱਕਤਰਤਾ ਕੀਤੀ ਜਾ ਰਹੀ ਹੈ, ਜਿਸ ਵਿੱਚ ਬਾਬੇ ਖਿਲਾਫ ਕੋਈ ਠੋਸ ਕਾਰਵਾਈ ਕੀਤੀ ਜਾ ਸਕਦੀ ਹੈ। ਉਥੇ ਹੀ ਅੱਜ ਪਿੰਡ ਤਲਵੰਡੀ ਖੁਰਦ ਦੇ ਲੋਕਾਂ ਤੇ ਹੋਰ ਸਿਆਣੇ ਬਜ਼ੁਰਗਾ ਦਾ ਇਕੱਠ ਪਿੰਡ ਵਿੱਚ ਕੀਤਾ ਗਿਆ, ਜਿੱਥੇ ਸਰਵ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਸ ਭਗਵੇਂ ਭੇਖੀ ਸਾਧ ਨੂੰ ਪਿੰਡ ਵਿੱਚ ਵੜਨ ਤੋਂ ਮਨਾਹੀ ਕੀਤੀ ਗਈ ਹੈ ਨਗਰ ਨਿਵਾਸੀਆ ਨੇ ਭੂਰੀ ਵਾਲੀ ਭਗਵਾਂ ਸੰਪਰਦਾ ਪਾਸੋਂ ਮੰਗ ਕੀਤੀ ਹੈ ਇਸ ਸਾਧ ਨੂੰ ਇੱਥੋਂ ਚਲਦਾ ਕੀਤਾ ਜਾਵੇ, ਨਹੀ ਤਾਂ ਨਗਰ ਨਿਵਾਸੀ ਖੁਦ ਕੋਈ ਫੈਸਲਾ ਲੈਣ ਲਈ ਮਜ਼ਬੂਰ ਹੋ ਜਾਣਗੇ ਪਰ ਲੋਕਾਂ ਦੇ ਕਹਿਣ ਮੁਤਾਬਿਕ ਇਸ ਸੰਤ ਦੀ ਕਾਫੀ ਪਹਿਚਾਣ ਹੈ ਅਫਸਰਸ਼ਾਹੀ ਵਿੱਚ ਦੇਖੋ ਕਿ ਇਸ ਉੱਤੇ ਕੋਈ ਕਾਰਵਾਈ ਹੁੰਦੀ ਹੈ ਜਾ ਨਹੀਂ।

# ਲੋੜਵੰਦ ਮਰੀਜ਼ਾਂ ਲਈ ਚੈਰੀਟੇਬਲ ਹਸਪਤਾਲ ਬਣਾਉਣਾ ਸੱਚੀ ਮਨੁੱਖੀ ਸੇਵਾ : ਐਡ. ਧਾਮੀ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਦੇ ਨਾਲ ਸੰਗਤਾਂ ਨੂੰ ਵੱਧ ਤੋਂ ਵੱਧ ਜੋੜਨ ਅਤੇ ਆਪਣੀ ਉਸਾਰੂ ਸੋਚ ਨੂੰ ਮਨੁੱਖੀ ਸੇਵਾ ਕਾਰਜਾਂ ਵਿੱਚ ਲਗਾਉਣ ਵਾਲੀਆਂ ਗੁਰਦੁਆਰਾ ਕਮੇਟੀਆਂ ਤੇ ਸੰਸਥਾਵਾਂ ਕੌਮ ਅਤੇ ਸਮਾਜ ਦੇ ਲਈ ਚਾਨਣ ਮੁਨਾਰਾ ਹੁੰਦੀਆਂ ਹਨ। ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹਰਨਾਮ ਨਗਰ ਦੀ ਪ੍ਰਬੰਧਕੀ ਕਮੇਟੀ ਦੀ ਸੁਹਿਰਦ ਸੋਚ ਵਾਲੀਅਗਵਾਈ ਹੇਠ ਦੀਨ ਦੁਖੀਆ ਦੇ ਇਲਜ ਲਈ ਚੱਲ ਰਹੇ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਦਾ ਉਚੇਚੇ ਤੌਰ 'ਤੇ ਨਿਰੀਖਣ ਕਰਨ ਲਈ ਉਚੇਚੇ ਤੌਰ 'ਤੇ ਪੁੱਜੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਦੀ ਸਥਾਪਨਾ ਕਰਕੇ ਥੋੜੇ ਪੈਸਿਆਂ ਵਿੱਚ ਮਰੀਜ਼ਾਂ ਨੂੰ ਆਧੁਨਿਕ ਇਲਾਜ ਸੁਵਿਧਾਵਾਂ ਉਪਲੱਬਧਕਰਵਾਉਣਾ ਸ਼ਲਾਘਾਯੋਗ ਕਾਰਜ ਹੈ। ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ.ਗੁਰਮੀਤ ਸਿੰਘ ਸਲੂਜਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਜਿੱਥੇ ਉਕਤ ਚੈਰੀਟੇਬਲ ਹਸਪਤਾਲ ਅੰਦਰ ਲੋੜਵੰਦ ਮਰੀਜ਼ਾਂ ਦੇ ਇਲਾਜ ਲਈ ਚਲ ਰਹੀਆਂ ਆਧੁਨਿਕ ਸਿਹਤ ਸਹੂਲਤਾਂ ਦੀ ਜਾਣਕਾਰੀ ਦਿੱਤੀ ਉੱਥੇ ਨਾਲ ਹੀ ਦੱਸਿਆ ਕਿ ਜਲਦੀ ਹੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵਿਖੇ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਮਰੀਜ਼ਾਂ ਦੀ ਸਹੂਲਤ ਨਵੀਂ ਐਕਸਰੇ ਮਸ਼ੀਨ ਸਥਾਪਤ ਕੀਤੀ ਜਾਵੇਗੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ.ਗੁਰਮੀਤ ਸਿੰਘ ਸਲੂਜਾ ਵੱਲੋਂ ਆਪਣੇ ਸਾਥੀ ਅਹੁਦੇਦਾਰ ਸਾਹਿਬਾਨ ਨਾਲ ਮਿਲ ਕੇ ਸਾਂਝੇ ਰੂਪ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਕੀਤਾ। ਇਸ ਸਮੇਂ ਉਨ੍ਹਾਂ ਦੇ ਨਾਲ ਸੀਨੀਅਰ ਅਕਾਲੀ ਆਗੂ ਬਾਬਾ ਅਜੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ , ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਦੇਵ ਸਿੰਘ, ਗੁਰਚਰਨ ਸਿੰਘ ਚੰਨ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਸਿੰਘ ਟੋਨੀ ਮੱਕੜ,ਕੁਲਵਿੰਦਰ ਸਿੰਘ ਲਾਡੀ ਦਿਲਜੰਗ ਸਿੰਘ, ਅਮਰਜੀਤ ਸਿੰਘ ਪਰੂਥੀ, ਜਗਤਾਰ ਸਿੰਘ ਸੋਨੀ, ਮਹਿੰਦਰਪਾਲ ਸਿੰਘ ਗਲਹੋਤਰਾ,ਕੁਲਦੀਪ ਸਿੰਘ ਦੀਪਾ, ਭੁਪਿੰਦਰ ਸਿੰਘ ਸਲੂਜਾ, ਰਜਿੰਦਰ ਸਿੰਘ ਸਲੂਜਾ,ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਕਾਂਗਰਸ ਦੀ ਰਾਸ਼ਟਰੀ ਸੋਸ਼ਲ ਮੀਡਿਆ ਇੰਚਾਰਜ ਸੁਪ੍ਰਿਆ ਸ਼੍ਰੀਨੇਤ ਨੇ ਆਸ਼ੂ ਦੇ ਹੱਕ ਵਿੱਚ ਕੀਤਾ ਪ੍ਰਚਾਰ



ਲੁਧਿਆਣਾ, 15 ਜੂਨ ((ਰਵਿੰਦਰ ਸਿੰਘ ਨਿੱਝਰ) ਦਿੱਲੀ ਦੇ ਫਰਜ਼ੀ ਸਿੱਖਿਆ ਅਤੇ ਸਿਹਤ ਮਾਡਲ ਦੇ ਨਾਮ 'ਤੇ ਛਲਕਪਟ ਕਰਕੇ ਬਣੀ 'ਆਮ ਆਦਮੀ ਪਾਰਟੀ " ਦੀ ਸਰਕਾਰ ਦੇ ਰਾਜ ਦੌਰਾਨ ਸਕੂਲਾਂ ਵਿੱਚ ਨਾ ਤਾਂ ਅਧਿਆਪਕ ਹਨ ਅਤੇ ਨਾ ਹੀ ਹਸਪਤਾਲਾਂ ਵਿੱਚ ਡਾਕਟਰ। ਕੇਜਰੀਵਾਲ ਦੀ ਸਿੱਖਿਆ, ਸਿਹਤ ਅਤੇ ਉਦਯੋਗ ਕ੍ਰਾਂਤੀ ਸਿਰਫ ਕਾਗਜ਼ਾਂ 'ਤੇ ਹੀ ਸਾਬਤ ਹੋ ਰਹੀ ਹੈ। ਕਾਨੂੰਨ ਵਿਵਸਥਾ ਦਮ ਤੋੜ ਚੁੱਕੀ ਹੈ। ਖੁੱਲ੍ਹੇਆਮ ਫਿਰੌਤੀ , ਧਮਕੀਆਂ ਅਤੇ ਕਤਲ ਆਮ ਗੱਲ ਹੈ । ਕਾਰੋਬਾਰੀ ਨਿੱਜੀ ਸੁਰੱਖਿਆ ਲੈ ਕੇ ਕਾਰੋਬਾਰ ਬਚਾਉਣ ਤੇ ਜਾਨ ਮਾਲ ਦੀ ਰਾਖੀ ਕਰ ਰਹੇ ਹਨ। ਉਪਰੋਕਤ ਦੋਸ਼ ਕਾਂਗਰਸ ਦੀ ਰਾਸ਼ਟਰੀ ਸੋਸ਼ਲ ਮੀਡੀਆ ਇੰਚਾਰਜ ਸੁਪ੍ਰਿਆ ਸ਼$ਰੀਨੇਤ ਨੇ ਵਿਧਾਨ ਸਭਾ ਹਲਕਾ ਪੱਛਮੀ ਦੇ ਚੋਣ ਦਫ਼ਤਰ ਵਿਖੇ ਆਯੋਜਿਤ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਲਗਾਏ। ਸੁਪ੍ਰਿਆ ਸ੍ਰੀਨੇਤ ਅੱਜ ਲੁਧਿਆਣਾ ਤੋਂ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੇ ਹੱਕ ਵਿੱਚ ਪ੍ਰਚਾਰ ਕਰਨ ਪਹੁੰਚੇ ਸਨ। 'ਆਮ ਆਦਮੀ ਪਾਰਟੀ ' ਸਰਕਾਰ ਦੀ ਫਰਜ਼ੀ ਸਿੱਖਿਆ, ਸਿਹਤ ਅਤੇ ਉਦਯੋਗਿਕ ਕ੍ਰਾਂਤੀ 'ਤੇ ਨਿਸ਼ਾਨਾ ਸਾਧਦਿਆਂ ਸ੍ਰੀਨੇਤ ਨੇ ਕਿਹਾ ਕਿ 'ਆਪ' ਸਰਕਾਰ ਦੇ ਤਿੰਨ ਸਾਲਾਂ ਵਿੱਚ ਇੱਕ ਕ੍ਰਾਂਤੀ ਜ਼ਰੂਰ ਆਈ ਹੈ। ਇਹ ਕ੍ਰਾਂਤੀ ਪੰਜਾਬ ਨੂੰ ਕਰਜ਼ੇ ਦੇ ਬੋਝ ਹੇਠ ਦੱਬਣ ਦੀ ਹੈ । ਪਿਛਲੇ ਤਿੰਨ ਸਾਲਾਂ ਵਿੱਚ, 'ਆਮ ਆਦਮੀ ਪਾਰਟੀ ' ਦੀ ਸਰਕਾਰ ਨੇ 1.5 ਲੱਖ ਕਰੋੜ ਦਾ ਕਰਜ਼ਾ ਲਿਆ ਹੈ। ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਇਸ਼ਤਿਹਾਰਾਂ 'ਤੇ ਖਰਚ ਦਾ ਅੰਕੜਾ ਜੋ 91 ਕਰੋੜ ਸੀ, ਵਧ ਕੇ 791 ਕਰੋੜ ਹੋ ਗਿਆ ਹੈ। ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਉਨ੍ਹਾਂ ਕਿਹਾ ਕਿ ਪਹਿਲਾਂ ਸ਼ੁਰੂ ਕੀਤੇ ਗਏ "ਯੁੱਧ ਨਸ਼ਿਆਂ ਵਿਰੁੱਧ " ਦਾ ਕੀ ਬਣਿਆ ?

## ਹਰਿਆਣਾ ਦੇ ਮੁੱਖ ਮੰਤਰੀ ਨੇ ਪਾਣੀ ਦੇ ਵਿਵਾਦ 'ਤੇ ਪੰਜਾਬ ਸਰਕਾਰ ਦੀ ਨਿੰਦਾ ਕੀਤੀ



ਲੁਧਿਆਣਾ, 15 ਜੂਨ ((ਰਵਿੰਦਰ ਸਿੰਘ ਨਿੱਝਰ): ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਉਹ ਰਾਜ ਦੇ ਗੰਭੀਰ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਸਿਆਸੀ ਚਾਲਾਂ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਦੀਆਂ ਇਹ ਟਿੱਪਣੀਆਂ ਲੁਧਿਆਣਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਆਈਆਂ, ਜਿੱਥੇ ਉਹ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਜੀਵਨ ਗੁਪਤਾ ਲਈ ਪ੍ਰਚਾਰ ਕਰ ਰਹੇ ਸਨ। ਮੁੱਖ ਮੰਤਰੀ ਨੇ ਪਿਛਲੀਆਂ ਸਰਕਾਰਾਂ ਨੂੰ ਵੀ ਨਹੀਂ ਬਖਸ਼ਿਆ, ਉਨ੍ਹਾਂ ਕਿਹਾ, ਪਹਿਲਾਂ ਪੰਜ ਸਾਲ ਕਾਂਗਰਸ ਨੇ, ਅਤੇ ਹੁਣ ਸਾਢੇ ਤਿੰਨ ਸਾਲ ਤੋਂ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਵੋਟਰਾਂ ਨੂੰ ਧੋਖਾ ਦਿੱਤਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਲੋਕਾਂ ਨੇ ਸ਼ੁਰੂ ਵਿੱਚ ਕਾਂਗਰਸ ਦੀਆਂ ਨੀਤੀਆਂ ਤੋਂ ਨਿਰਾਸ਼ ਹੋ ਕੇ 'ਆਪ' ਵੱਲ ਰੁਖ ਕੀਤਾ ਸੀ, ਮੌਜੂਦਾ ਸਰਕਾਰ ਭ੍ਰਿਸ਼ਟਾਚਾਰ ਅਤੇ ਵਾਅਦੇ ਤੋੜਨ ਵਿੱਚ ਦੋ ਕਦਮ ਅੱਗੇ ਸਾਬਤ ਹੋਈ ਹੈ। ਸੈਣੀ ਨੇ ਸਵਾਰਥੀ ਮਨੋਰਥਾਂ ਤੋਂ ਪ੍ਰੇਰਿਤ ਦੋਵਾਂ ਪਾਰਟੀਆਂ ਵਿਚਕਾਰ ਇੱਕ ਲੁਕਵੇਂ ਗਠਜੋੜ ਦਾ ਸੁਝਾਅ ਦਿੱਤਾ।ਪਾਣੀ ਦੇ ਵਿਵਾਦ ਦੇ ਮਨੁੱਖੀ ਪਹਿਲੂ 'ਤੇ ਜ਼ੋਰ ਦਿੰਦਿਆਂ, ਸੈਣੀ ਨੇ ਪੰਜਾਬ ਦੀ ਅਧਿਆਤਮਿਕ ਵਿਰਾਸਤ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, ਬੀਬੀਐਮਬੀ ਤੋਂ ਹਰਿਆਣਾ ਨੂੰ ਪਾਣੀ ਛੱਡਣ 'ਤੇ ਡਰਾਮੇ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਅਸੀਂ ਪੀਣ ਵਾਲਾ ਪਾਣੀ ਮੰਗ ਰਹੇ ਸੀ। ਪੰਜਾਬ ਮਹਾਨ ਗੁਰੂਆਂ ਦੀ ਧਰਤੀ ਹੈ ਜੋ ਮੰਨਦੇ ਸਨ ਕਿ ਕਿਸੇ ਨੂੰ ਵੀ ਪੀਣ ਵਾਲੇ ਪਾਣੀ ਤੋਂ ਬਿਨਾਂ ਨਹੀਂ ਰਹਿਣਾ ਚਾਹੀਦਾ, ਫਿਰ ਵੀ ਇਸ ਸਰਕਾਰ ਨੇ ਹਰਿਆਣਾ ਨੂੰ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਅੰਤਰ-ਰਾਜੀ ਸਬੰਧਾਂ ਦੇ ਰਾਜਨੀਤੀਕਰਨ ਨੂੰ ਖਤਮ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਹਰਿਆਣਾ ਅਤੇ ਪੰਜਾਬ ਭਰਾ ਹਨ ਪ੍ਰੈਸ ਕਾਨਫਰੰਸ ਵਿੱਚ ਭਾਜਪਾ ਆਗੂ ਦਿਆਲ ਸਿੰਘ ਸੋਢੀ, ਅਨਿਲ ਸਰੀਨ, ਰਜਨੀਸ਼ ਧੀਮਾਨ, ਗੁਰਦੇਵ ਸ਼ਰਮਾ ਦੇਬੀ, ਕਮਲਜੀਤ ਸੋਈ, ਡਾ. ਸਤੀਸ਼, ਨਵਲ ਜੈਨ, ਮੋਨਾ ਜੈਸਵਾਲ, ਸੁਨੀਲ ਸਿੰਗਲਾ, ਰਾਕੇਸ਼ ਗੋਇਲ ਅਤੇ ਏ.ਕੇ. ਅਰੋੜਾ ਵੀ ਮੌਜੂਦ ਸਨ ।

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੰਗਰ ਲਗਾਏ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ): ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ ਪੁਰਬ ਦੇ ਸਬੰਧ ਵਿੱਚ ਸਮੂਹ ਸੰਗਤ ਵੱਲੋਂ ਗਿੱਲ ਰੋਡ ਵਿਖੇ ਮਿੱਸੇ ਪ੍ਰਸ਼ਾਦਿਆਂ ਅਤੇ ਖੱਟੀ ਲੱਸੀ ਦਾ ਲੰਗਰ ਲਗਾਇਆ ਗਿਆ। ਬਾਬਾ ਜਸਵੰਤ ਸਿੰਘ ਲਾਲ ਬੱਤੀ ਵਾਲਿਆਂ ਦੀ ਦੇਖ ਰੇਖ ਹੇਠ ਲਗਾਏ ਇਸ ਲੰਗਰ ਵਿੱਚ ਰਾਜ ਕੁਮਾਰ ਕੇ ਕੇ, ਗਗਨਪ੍ਰੀਤ ਸਿੰਘ ਖਾਲਸਾ, ਜਸਪ੍ਰੀਤ ਸਿੰਘ ਖਾਲਸਾ, ਲਵਪ੍ਰੀਤ ਸਿੰਘ, ਰਵਿੰਦਰ ਸਿੰਘ ਖਾਲਸਾ, ਰਾਜਵੀਰ ਸਿੰਘ, ਪ੍ਰਿਤਪਾਲ ਸਿੰਘ, ਦੇਸ ਰਾਜ ਸਿੰਘ ਮੰਡੇਰ, ਸੁਖਬੀਰ ਸਿੰਘ ਖਾਲਸਾ, ਖੁਸ਼ਹਾਲ ਸਿੰਘ ਪੁੰਛਗੀ, ਦਵਿੰਦਰ ਸਿੰਘ, ਸਵਰ ਸਿੰਘ, ਨਰਿੰਦਰ ਸਿੰਘ ਸੁਪਰ, ਅਨੁਜ ਕੁਮਾਰ, ਬਲਵੀਰ ਸਿੰਘ ਕਾਲਾ ਅਤੇ ਹਰਵਿੰਦਰ ਸਿੰਘ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ।

## ਮੱਛੀ ਪਾਲਣ ਵਿਭਾਗ ਵੱਲੋਂ ਤਾਜਪੁਰ ਮੱਛੀ ਮੰਡੀ 'ਚ ਅਚਨਚੇਤ ਚੈਕਿੰਗ

ਲੁਧਿਆਣਾ,15 ਜੂਨ (ਵਿਸ਼ਾਲ ਸ਼ਰਮਾ): ਮੱਛੀ ਪਾਲਣ ਵਿਭਾਗ ਵੱਲੋਂ ਹੋਲਸੇਲ ਮੱਛੀ ਮੰਡੀ ਤਾਜਪੁਰ ਰੋਡ ਵਿਖੇ ਅਚਨਚੇਤ ਚੈਕਿੰਗ ਕਰਦਿਆਂ 2 ਕੁਇੰਟਲ ਪਾਬੰਦੀਸ਼ੁਦਾ ਮੰਗੂਰ ਮੱਛੀ ਬਰਾਮਦ ਕੀਤੀ ਗਈ। ਸਹਾਇਕ ਡਾਇਰੈਕਟਰ ਮੱਛੀ ਪਾਲਣ ਲੁਧਿਆਣਾ ਜਤਿੰਦਰ ਸਿੰਘ ਗਰੇਵਾਲ ਵੱਲੋਂ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਡਾਇਰੈਕਟਰ ਤੇ ਵਾਰਡਨ ਮੱਛੀ ਪਾਲਣ ਪੰਜਾਬ ਗੁਰਪ੍ਰੀਤ ਸਿੰਘ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਆਈ.ਏ.ਐਸ. ਦੀ ਯੋਗ ਅਗਵਾਈ ਹੇਠ ਅੱਜ ਹੋਲਸੇਲ ਮੱਛੀ ਮੰਡੀ ਤਾਜਪੁਰ ਰੋਡ, ਲੁਧਿਆਣਾ ਦੀ ਚੈਕਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਦੁਕਾਨ ਨੰਬਰ 23 ਵਿੱਚੋਂ ਲਗਭਗ 2 ਕੁਇੰਟਲ ਪਾਬੰਦੀਸ਼ੁਦਾ ਮੰਗੂਰ ਮੱਛੀ ਬਰਾਮਦ ਕੀਤੀ ਗਈ। ਦੁਕਾਨਦਾਰ ਨੂੰ ਪਾਬੰਦੀਸ਼ੁਦਾ ਮੰਗੂਰ ਮੱਛੀ ਨਾ ਵੇਚਣ ਸਬੰਧੀ ਸਖ਼ਤ ਤਾੜਨਾ ਕੀਤੀ ਗਈ ।

# ਪੁੱਤਰ ਨੇ ਆਪਣੇ ਬਿਮਾਰ ਪਿਤਾ ਦੀ ਜਾਨ ਬਚਾਉਣ ਲਈ ਆਪਣਾ ਅੱਧਾ ਜਿਗਰ ਦਾਨ ਕੀਤਾ




ਲੁਧਿਆਣਾ, 15 ਜੂਨ ( ਕਰਨੈਲ ਸਿੰਘ ਐੱਮ.ਏ.): ਪਿਤਾ ਦਿਵਸ ਦੇ ਮੌਕੇ 'ਤੇ, ਅਟੁੱਟ ਪਿਤਾ-ਪੁੱਤਰ ਪਿਆਰ ਦੀ ਇੱਕ ਮਿਸਾਲ ਕਾਇਮ ਕਰਦੇ ਹੋਏ, ਇੱਕ ਕਾਲਜ ਪੜ੍ਹਦੇ ਪੁੱਤਰ ਨੇ ਆਪਣੇ ਬਿਮਾਰ ਪਿਤਾ ਨੂੰ ਜੀਵਨ ਦੇਣ ਲਈ ਆਪਣਾ ਅੱਧਾ ਜਿਗਰ ਦਾਨ ਕਰ ਦਿੱਤਾ। ਜਿਗਰ ਟਰਾਂਸਪਲਾਂਟ ਮਾਰਿੰਗੋ ਏਸ਼ੀਆ ਹਸਪਤਾਲ, ਫਰੀਦਾਬਾਦ ਵਿੱਚ ਸਫਲਤਾਪੂਰਵਕ ਕੀਤਾ ਗਿਆ, ਜੋ ਕਿ ਐਡਵਾਂਸਡ ਜਿਗਰ ਕੇਅਰ ਅਤੇ ਟਰਾਂਸਪਲਾਂਟ ਸਰਜਰੀ ਦੇ ਖੇਤਰ ਵਿੱਚ ਉੱਤਮਤਾ ਦਾ ਕੇਂਦਰ ਹੈ। ਹਰਿਆਣਾ ਦੇ ਵਸਨੀਕ 51 ਸਾਲਾ ਸ਼੍ਰੀ ਜੋਗਿੰਦਰ ਚਾਵਲਾ ਪਿਛਲੇ ਦੋ ਸਾਲਾਂ ਤੋਂ ਜਿਗਰ ਦੀ ਪੁਰਾਣੀ ਬਿਮਾਰੀ ਤੋਂ ਪੀੜ੍ਹਤ ਸਨ। ਲਗਾਤਾਰ ਪੀਲੀਆ, ਪੇਟ ਵਿੱਚ ਪਾਣੀ ਦੀ ਰੁਕਾਵਟ ਅਤੇ ਅੰਤੜੀਆਂ ਵਿੱਚ ਖੂਨ ਵਹਿਣ ਵਰਗੀਆਂ ਪੁਰਾਣੀਆਂ ਪੇਚੀਦਗੀਆਂ ਉਨ੍ਹਾਂ ਦੀ ਹਾਲਤ ਦਿਨ-ਬ-ਦਿਨ ਵਿਗੜ ਰਹੀ ਸੀ। ਜਦੋਂ ਸਾਰੇ ਇਲਾਜਾਂ ਦੇ ਬਾਵਜੂਦ ਜਿਗਰ ਪੂਰੀ ਤਰ੍ਹਾਂ ਫੇਲ੍ਹ ਹੋਣ ਲੱਗ ਪਿਆ, ਤਾਂ ਟਰਾਂਸਪਲਾਂਟੇਸ਼ਨ ਹੀ ਇੱਕੋ ਇੱਕ ਵਿਕਲਪ ਬਚਿਆ। ਇੱਕ ਢੁਕਵੇਂ ਦਾਨੀ ਦੀ ਭਾਲ ਦੌਰਾਨ, ਸ਼੍ਰੀ ਚਾਵਲਾ ਦੇ ਕਾਲਜ ਜਾਣ ਵਾਲੇ ਪੁੱਤਰ ਦਾ ਬਲੱਡ ਗਰੁੱਪ ਮੇਲ ਖਾਂਦਾ ਸੀ ਅਤੇ ਉਸ ਨੇ ਅੱਗੇ ਵਧ ਕੇ ਆਪਣੇ ਜਿਗਰ ਦਾ ਇੱਕ ਹਿੱਸਾ ਦਾਨ ਕਰਨ ਦਾ ਫੈਸਲਾ ਕੀਤਾ। ਇਹ ਫੈਸਲਾ ਭਾਵਨਾਤਮਕ ਪਰਿਵਾਰ ਲਈ ਆਸਾਨ ਨਹੀਂ ਸੀ - ਇੱਕ ਪਾਸੇ ਪੁੱਤਰ ਦੀ ਸਿਹਤ ਦੀ ਚਿੰਤਾ, ਦੂਜੇ ਪਾਸੇ ਪਿਤਾ ਨੂੰ ਬਚਾਉਣ ਦੀ ਤੁਰੰਤ ਲੋੜ, ਪਰ ਪੁੱਤਰ ਦੇ ਅਟੱਲ ਇਰਾਦੇ ਨੇ ਸਾਰਿਆਂ ਨੂੰ ਹਿੰਮਤ ਦਿੱਤੀ। ਉਸ ਨੇ ਸ਼ਾਂਤ ਆਵਾਜ਼ ਵਿੱਚ ਕਿਹਾ, ਪਾਪਾ ਹਮੇਸ਼ਾਂ ਮੇਰੇ ਨਾਲ ਖੜ੍ਹੇ ਰਹੇ ਹਨ, ਹੁਣ ਮੇਰੀ ਵਾਰੀ ਸੀ।ਡਾ: ਪੁਨੀਤ ਸਿੰਗਲਾ, ਪ੍ਰੋਗਰਾਮ ਕਲੀਨਿਕਲ ਡਾਇਰੈਕਟਰ, ਇੰਸਟੀਚਿਊਟ ਆਫ਼ ਲਿਵਰ ਟਰਾਂਸਪਲਾਂਟ ਐਂਡ ਐਚਪੀਬੀ ਸਰਜਰੀ, ਮਾਰਿੰਗੋ ਏਸ਼ੀਆ ਹਸਪਤਾਲ, ਫਰੀਦਾਬਾਦ ਦੀ ਅਗਵਾਈ ਵਾਲੀ ਬਹੁ-ਅਨੁਸ਼ਾਸਨੀ ਟੀਮ ਨੇ ਅਤਿ-ਆਧੁਨਿਕ ਤਕਨੀਕਾਂ ਨਾਲ ਇਹ ਗੁੰਝਲਦਾਰ ਸਰਜਰੀ ਕੀਤੀ, ਜਿਸ ਨਾਲ ਖੂਨ ਵਹਿਣ ਨੂੰ ਘੱਟ ਕੀਤਾ ਗਿਆ ਅਤੇ ਦੋਵਾਂ ਮਰੀਜ਼ਾਂ ਦੀ ਰਿਕਵਰੀ ਤੇਜ਼ ਹੋਈ। ਡਾ: ਸਿੰਗਲਾ ਨੇ ਕਿਹਾ, "ਇਸ ਟਰਾਂਸਪਲਾਂਟ ਦੀ ਸਫਲਤਾ ਨਾ ਸਿਰਫ਼ ਸਰਜੀਕਲ ਹੁਨਰਾਂ 'ਤੇ ਨਿਰਭਰ ਸੀ, ਸਗੋਂ ਪਰਿਵਾਰ ਦੀ ਮਾਨਸਿਕ-ਭਾਵਨਾਤਮਕ ਤਾਕਤ 'ਤੇ ਵੀ ਨਿਰਭਰ ਸੀ। ਲਿਵਿੰਗ-ਡੋਨਰ ਲਿਵਰ ਟਰਾਂਸਪਲਾਂਟ ਤਕਨੀਕੀ ਤੌਰ 'ਤੇ ਚੁਣੌਤੀਪੂਰਨ ਹਨ, ਪਰ ਆਧੁਨਿਕ ਤਰੱਕੀਆਂ ਅਤੇ ਇੱਕ ਤਜਰਬੇਕਾਰ ਟੀਮ ਦੇ ਨਾਲ, ਨਤੀਜੇ ਬਹੁਤ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ। ਇਹ ਪਿਤਾ-ਪੁੱਤਰ ਦੀ ਕਹਾਣੀ ਡਾਕਟਰੀ ਵਿਗਿਆਨ ਦੀਆਂ ਸਮਰੱਥਾਵਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਸ਼ਕਤੀ ਨੂੰ ਉਜਾਗਰ ਕਰਦੀ ਹੈ - ਕਈ ਵਾਰ ਸਭ ਤੋਂ ਕੀਮਤੀ ਤੋਹਫ਼ਾ ਖਰੀਦਿਆ ਨਹੀਂ ਜਾਂਦਾ, ਸਗੋਂ ਅੰਦਰੋਂ ਦਿੱਤਾ ਜਾਂਦਾ ਹੈ।"ਮਾਰਿੰਗੋ ਏਸ਼ੀਆ ਹਸਪਤਾਲ, ਫਰੀਦਾਬਾਦ ਵਿੱਚ ਨਵੀਨਤਮ ਲਿਵਰ ਟਰਾਂਸਪਲਾਂਟ ਆਈਸੀਯੂ, ਏਕੀਕ੍ਰਿਤ ਮਾਡਿਊਲਰ ਓਪਰੇਟਿੰਗ ਰੂਮ ਅਤੇ ਸਮਰਪਿਤ ਹੈਪੇਟੋਲੋਜੀ ਟੀਮ ਹੈ, ਜੋ ਪ੍ਰੀ-ਅਤੇ-ਆਪਰੇਟਿਵ ਦੇਖਭਾਲ ਦੀ ਨੇੜਿਓਂ ਨਿਗਰਾਨੀ ਕਰਦੀ ਹੈ। ਉੱਨਤ ਰਿਕਵਰੀ ਪ੍ਰੋਟੋਕੋਲ ਨੇ ਦਾਨੀ ਅਤੇ ਪ੍ਰਾਪਤਕਰਤਾ ਦੋਵਾਂ ਨੂੰ ਜਲਦੀ ਆਮ ਜ਼ਿੰਦਗੀ ਵਿੱਚ ਵਾਪਸ ਆਉਣ ਦੇ ਯੋਗ ਬਣਾਇਆ। ਇਸ ਮਾਮਲੇ ਵਿੱਚ, ਪਿਤਾ-ਪੁੱਤਰ ਨੂੰ ਇੱਕ ਸਿਹਤਮੰਦ ਅਤੇ ਸਥਿਰ ਸਥਿਤੀ ਵਿੱਚ ਛੁੱਟੀ ਦੇ ਦਿੱਤੀ ਗਈ, ਜਿਸ ਨਾਲ ਪਰਿਵਾਰ ਨੂੰ ਰਾਹਤ ਮਿਲੀ । ਚਾਵਲਾ ਪਰਿਵਾਰ ਹੁਣ ਘਰ ਵਿੱਚ ਇੱਕ ਨਵੀਂ ਜ਼ਿੰਦਗੀ ਅਤੇ ਇੱਕ ਖਾਸ ਪਿਤਾ ਦਿਵਸ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਦੀ ਕਹਾਣੀ ਅਣਗਿਣਤ ਲੋਕਾਂ ਨੂੰ ਆਧੁਨਿਕ ਦਵਾਈ ਦੇ ਚਮਤਕਾਰਾਂ ਅਤੇ ਮਨੁੱਖੀ ਹਿੰਮਤ ਵਿੱਚ ਉਮੀਦ, ਪਿਆਰ ਅਤੇ ਵਿਸ਼ਵਾਸ ਨਾਲ ਪ੍ਰੇਰਿਤ ਕਰਦੀ ਹੈ।

## ਰਾਜਗੁਰੂ ਨਗਰ ਵਿੱਚ ਬਾਵਾ, ਜੱਗਾ, ਸੋਨੀ ਨੇ ਹਰ ਬੂਹੇ 'ਤੇ ਦਸਤਕ ਦੇ ਕੇ ਕਾਂਗਰਸ ਪਾਰਟੀ ਲਈ ਵੋਟ ਮੰਗੀ



ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ): ਕਿਸ਼ੋਰੀ ਲਾਲ ਸ਼ਰਮਾ ਮੈਂਬਰ ਪਾਰਲੀਮੈਂਟ ਅਮੇਠੀ ਵੱਲੋਂ ਲੁਧਿਆਣਾ ਪੱਛਮੀ ਹਲਕੇ ਦੀ ਜਿਮਣੀ ਚੋਣ ਵਿੱਚ ਨਿਭਾਇਆ ਜਾ ਰਿਹਾ ਰੋਲ ਚੋਣ ਮੁਹਿੰਮ ਨੂੰ ਹੋਰ ਮਜ਼ਬੂਤ ਬਣਾ ਰਿਹਾ ਹੈ। ਇਹ ਸ਼ਬਦ ਉਹਨਾਂ ਵੱਲੋਂ ਕਾਂਗਰਸ ਦੇ ਮੁੱਖ ਦਫਤਰ ਵਿੱਚ ਵਰਕਰਾਂ ਨਾਲ ਸਾਂਝੀਆਂ ਕੀਤੀਆਂ ਵਿਚਾਰਾਂ ਸਮੇਂ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਨੇ ਕਹੇ। ਇਸ ਸਮੇਂ ਸ਼$ਰੀ ਸ਼ਰਮਾ ਨਾਲ ਕਲਿਆਣ ਸਿੰਘ ਗਾਂਧੀ ਵਿਸ਼ੇਸ਼ ਤੌਰ 'ਤੇ ਚੋਣ ਜਲਸਿਆਂ ਵਿਚ ਪਹੁੰਚੇ ਸਨ। ਬਾਵਾ ਨੇ ਕਿਹਾ ਕਿ ਗੁਰਜੀਤ ਸਿੰਘ ਰਾਣਾ ਦੀ ਯੋਗ ਅਗਵਾਈ ਵਰਕਰਾਂ ਵਿੱਚ ਜੋਸ਼ ਭਰ ਰਹੀ ਹੈ ਜਦਕਿ ਭਾਰਤ ਭੂਸ਼ਣ ਆਸ਼ੂ ਦੀ ਸਖਤ ਮਿਹਨਤ, ਤਜਰਬਾ, ਲਗਨ ਵੀ ਰੰਗ ਦਿਖਾਏਗਾ। ਉਹਨਾਂ ਕਿਹਾ ਕਿ ਪੰਜਾਬ ਭਰ ਤੋਂ ਕਾਂਗਰਸੀ ਨੇਤਾ ਅਤੇ ਵਰਕਰਾਂ ਦੇ ਹੌਸਲੇ ਬੁਲੰਦ ਹਨ। ਬਾਵਾ ਨੇ ਅੱਜ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ, ਸੋਨੀ ਗਾਲਿਬ, ਪ੍ਰਿੰਸੀਪਲ ਇੰਦਰਜੀਤ ਕੌਰ, ਮੋਹਨ ਸਿੰਘ ਖੰਡੂਰ, ਹਰਨੇਕ ਸਿੰਘ ਸਰਾਭਾ, ਯੂਥ ਨੇਤਾ ਚਾਵਲਾ ਸਰਪੰਚ ਬਲੀਪੁਰ, ਰਿੱਕੀ ਚੌਹਾਨ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਆਦਿ ਕਾਂਗਰਸੀ ਨੇਤਾਵਾਂ ਨਾਲ ਰਾਜਗੁਰੂ ਨਗਰ ਵਿਖੇ ਘਰ ਘਰ ਜਾ ਕੇ ਉਥੋਂ ਦੇ ਵਸਨੀਕਾਂ ਨਾਲ ਸੰਪਰਕ ਕੀਤਾ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਲਈ ਵੋਟਾਂ ਮੰਗੀਆਂ।

## ਗੁਰਮਤਿ ਕੈਂਪ 22 ਜੂਨ ਤੱਕ

ਲੁਧਿਆਣਾ ( ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1 ਅਤੇ ਸਿੱਖ ਮਿਸ਼ਨਰੀ ਕਾਲਜ ਪੱਖੋਵਾਲ ਸਰਕਲ ਲੁਧਿਆਣਾ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਗੁਰਮਤਿ ਕੈਂਪ 16 ਜੂਨ ਦਿਨ ਸੋਮਵਾਰ ਤੋਂ 22 ਜੂਨ ਦਿਨ ਐਤਵਾਰ ਤੱਕ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਗੁਰਬਾਣੀ ਕੰਠ, ਸਿੱਖ ਇਤਿਹਾਸ, ਦਸਤਾਰ ਸਿਖਲਾਈ, ਕੀਰਤਨ ਸਿਖਲਾਈ, ਗਤਕਾ ਸਿਖਲਾਈ, ਦੀ ਬੱਚਿਆਂ ਨੂੰ ਸਿਖਲਾਈ ਦਿੱਤੀ ਜਾਵੇਗੀ। ਜਿਸ ਵਿੱਚ ਪਹਿਲੀ ਕਲਾਸ ਤੋਂ ਲੈ ਕੇ ਕਾਲਜ ਤੱਕ ਦੇ ਵਿਦਿਆਰਥੀ ਵੀ ਭਾਗ ਲੈ ਸਕਦੇ ਹਨ।

## ਕਮਲ ਕੌਰ ਦੇ ਕਤਲ ਹੋਣ ਤੋਂ ਪਹਿਲਾਂ ਜਬਰ-ਜਨਾਹ ਹੋਣ ਦਾ ਸ਼ੱਕ

ਬਠਿੰਡਾ, 15 ਜੂਨ (ਚ.ਨ.ਸ): ਇੰਟਰਨੈੱਟ ਮੀਡੀਆ 'ਤੇ ਵਿਵਾਦਤ ਤੇ ਅਸ਼ਲੀਲ ਰੀਲਾਂ ਅਪਲੋਡ ਕਰਨ ਵਾਲੀ ਲੁਧਿਆਣਾ ਦੇ ਲਕਸ਼ਮਣ ਨਗਰ ਦੀ ਰਹਿਣ ਵਾਲੀ ਕੰਚਨ ਕੁਮਾਰੀ ਉਰਫ ਕਮਲ ਕੌਰ ਭਾਬੀ ਦੀ ਹੱਤਿਆ ਦੇ ਮਾਮਲੇ 'ਚ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਹਾਲੇ ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ। ਇਸ ਮਾਮਲੇ 'ਚ ਪੁਲਿਸ ਨੇ ਦੋ ਹਤਿਆਰੇ ਗ੍ਰਿਫ਼ਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਪਰ ਤੀਜਾ ਤੇ ਮੁੱਖ ਮੁਲਜ਼ਮ ਪੁਲਿਸ ਦੇ ਹੱਥ ਨਹੀਂ ਲੱਗਿਆ। ਇਸ ਦੇ ਨਾਲ ਹੀ ਉਸਦੇ ਇੰਟਰਨੈੱਟ ਮੀਡੀਆ 'ਤੇ ਲੋਕਾਂ ਨੂੰ ਧਮਕੀਆਂ ਦੇਣ ਵਾਲੇ ਬਿਆਨ ਲਗਾਤਾਰ ਵਾਇਰਲ ਹੋ ਰਹੇ ਹਨ। ਕਮਲ ਕੌਰ ਦੀ ਹੱਤਿਆ ਦੇ ਮਾਸਟਰਮਾਈਂਡ ਅੰਮ੍ਰਿਤਪਾਲ ਦੀ ਗ੍ਰਿਫਤਾਰੀ ਲਈ ਜ਼ਿਲ੍ਹਾ ਪੁਲਿਸ ਨੇ ਸੱਤ ਟੀਮਾਂ ਦਾ ਗਠਨ ਕੀਤਾ ਹੈ। ਇਸ ਵਿਚ ਕੈਂਟ ਥਾਣਾ ਪੁਲਿਸ, ਸੀਆਈਏ ਵਨ ਤੇ ਸੀਆਈਏ ਟੂ ਦੀਆਂ ਟੀਮਾਂ ਦੇ ਨਾਲ ਟੈਕਨੀਕਲ ਤੇ ਸਾਈਬਰ ਸੈੱਲ ਦੀਆਂ ਟੀਮਾਂ ਲਗਾਤਾਰ ਉਸਦੀ ਮੂਵਮੈਂਟ ਦੀ ਟ੍ਰੈਕਿੰਗ ਕਰ ਰਹੀਆਂ ਹਨ ਤੇ ਉਸਦੀ ਗ੍ਰਿਫਤਾਰੀ ਲਈ ਛਾਪੇ ਮਾਰ ਰਹੀਆਂ ਹਨ। ਇਸ ਦੌਰਾਨ ਪਿਛਲੇ ਦੋ ਦਿਨਾਂ ਤੋਂ ਇੰਟਰਨੈੱਟ ਮੀਡੀਆ 'ਤੇ ਕੁਝ ਵੀਡੀਓ ਲਗਾਤਾਰ ਵਾਇਰਲ ਹੋ ਰਹੀਆਂ ਹਨ, ਜਿਸ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਇੰਟਰਨੈੱਟ ਮੀਡੀਆ 'ਤੇ ਵਿਵਾਦਤ ਵੀਡੀਓ ਅਪਲੋਡ ਕਰਨ ਵਾਲੀ ਕੰਚਨ ਕੁਮਾਰੀ ਉਰਫ ਕਮਲ ਕੌਰ ਭਾਬੀ ਦੀ ਹੱਤਿਆ ਤੋਂ ਪਹਿਲਾਂ ਉਸ ਨਾਲ ਜਬਰ ਜਨਾਹ ਕੀਤਾ ਗਿਆ ਸੀ। ਜਬਰ ਜਨਾਹ ਤੋਂ ਬਾਅਦ ਉਸਦਾ ਗਲਾ ਦਬਾ ਕੇ ਹੱਤਿਆ ਕੀਤੀ ਗਈ ਹੈ। ਇਸ ਬਾਰੇ ਦਾਅਵਿਆਂ 'ਤੇ ਬਠਿੰਡਾ ਪੁਲਿਸ ਦਾ ਕਹਿਣਾ ਹੈ ਕਿ ਹਾਲੀਆ ਜਾਂਚ 'ਚ ਇਸ ਗੱਲ ਦਾ ਖੁਲਾਸਾ ਨਹੀਂ ਹੋਇਆ, ਪਰ ਇਸ ਐਂਗਲ ਤੋਂ ਵੀ ਪੁਲਿਸ ਜਾਂਚ ਕਰ ਰਹੀ ਹੈ ਤੇ ਇਸ ਨੂੰ ਲੈ ਕੇ ਮ੍ਰਿਤਕ ਦੇ ਸਵੈਬ ਲੈ ਕੇ ਖਰੜ ਤੇ ਫਰੀਦਕੋਟ ਮੈਡੀਕਲ ਲੈਬ 'ਚ ਜਾਂਚ ਲਈ ਭੇਜੇ ਗਏ ਹਨ। ਉੱਥੇ ਹੀ ਪੋਸਟਮਾਰਟਮ ਰਿਪੋਰਟ ਦਾ ਵੀ ਇੰਤਜ਼ਾਰ ਕੀਤਾ ਜਾ ਰਿਹਾ ਹੈ।



## ਐੱਚ.ਐੱਸ.ਜੀ.ਪੀ.ਸੀ. ਵੱਲੋਂ ਹੋਣ ਵਾਲੇ ਹਰ ਖਰਚੇ 'ਤੇ ਪਹਿਲਾਂ ਗੰਭੀਰਤਾ ਨਾਲ ਹੋਵੇਗੀ ਵਿਚਾਰ-ਚਰਚਾ, ਫਿਰ ਦਿੱਤੀ ਜਾਵੇਗੀ ਮਨਜ਼ੂਰੀ

ਕੁਰੂਕਸ਼ੇਤਰ, 15 ਜੂਨ (ਚ.ਨ.ਸ): ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਿਚ ਕਿਸੇ ਵੀ ਤਰ੍ਹਾਂ ਦਾ ਨਾਜਾਇਜ਼ ਖ਼ਰਚ ਨਹੀਂ ਹੋਣ ਦਿੱਤਾ ਜਾਵੇਗਾ। ਸੰਸਥਾ ਵਲੋਂ ਹੋਣ ਵਾਲੇ ਹਰ ਖ਼ਰਚੇ 'ਤੇ ਪਹਿਲਾਂ ਗੰਭੀਰਤਾ ਨਾਲ ਵਿਚਾਰ-ਚਰਚਾ ਕੀਤੀ ਜਾਵੇਗੀ ਫਿਰ ਹੀ ਮਨਜ਼ੂਰੀ ਦਿੱਤੀ ਜਾਵੇਗੀ। ਇਹ ਦਾਅਵਾ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਹੈੱਡ ਆਫ਼ਿਸ 'ਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਚੋਣਾਂ ਤੋਂ ਬਾਅਦ ਸੇਵਾ ਸੰਭਾਲ ਰਹੀ ਹਰਿਆਣਾ ਕਮੇਟੀ ਦੇ ਪਹਿਲੇ ਆਮ ਬਜਟ ਤੇ ਹਰ ਬਿੰਦੂ 'ਤੇ ਵਿਚਾਰ ਕੀਤਾ ਜਾਵੇਗਾ। ਜੇਕਰ ਕਿਸੇ ਵੀ ਤਰ੍ਹਾਂ ਦਾ ਕੋਈ ਨਾਜਾਇਜ਼ ਖ਼ਰਚਾ ਨਜ਼ਰ ਆਇਆ ਤਾਂ ਉਸ ਨੂੰ ਬਜਟ ਤੋਂ ਬਾਹਰ ਕਰ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਹਰਿਆਣਾ ਕਮੇਟੀ ਦੇ ਸੰਯੁਕਤ ਸਕੱਤਰ ਬਲਵਿੰਦਰ ਸਿੰਘ ਭਿੰਡਰ, ਕਾਰਜਕਾਰੀ ਮੈਂਬਰ ਕੁਲਦੀਪ ਸਿੰਘ ਮੁਲਤਾਨੀ, ਇੰਦਰਜੀਤ ਸਿੰਘ, ਕਰਨੈਲ ਸਿੰਘ ਨਿਮਨਾਬਾਦ ਤੇ ਹੋਰ ਮੈਂਬਰ ਅਤੇ ਐਡੀਸ਼ਨਲ ਸਕੱਤਰ ਸਤਪਾਲ ਸਿੰਘ ਡਾਚਰ ਵੀ ਮੌਜੂਦ ਸਨ। ਜਥੇਦਾਰ ਝੀਂਡਾ ਨੇ ਦੱਸਿਆ ਕਿ 25 ਜੂਨ ਨੂੰ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਆਮ ਬਜਟ ਦੀ ਮੀਟਿੰਗ ਹੋਵੇਗੀ, ਜਿਸ 'ਚ ਸੰਸਥਾ ਦੇ 49 ਮੈਂਬਰ ਸਾਹਿਬਾਨ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਆਮ ਬਜਟ ਪੂਰੀ ਚਰਚਾ ਤੋਂ ਬਾਅਦ ਪਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਮੇਟੀ ਦੇ ਅਧੀਨ ਖ਼ਾਲੀ ਪਈ ਜ਼ਮੀਨ 'ਤੇ ਬਾਗ ਲਾਏ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਚੋਣਾਂ ਤੋਂ ਬਾਅਦ ਪਿਛਲੇ ਤਿੰਨ ਮਹੀਨਿਆਂ ਵਿਚ ਸੰਸਥਾ ਵੱਲੋਂ 25 ਕਰੋੜ ਰੁਪਏ ਦੀ ਐੱਫ.ਡੀ. ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਵੀ.ਆਈ.ਪੀ. ਰਵਾਇਤ ਅਤੇ ਫ਼ਜ਼ੂਲ ਖ਼ਰਚਿਆਂ 'ਤੇ ਰੋਕ ਲਾਈ ਜਾਵੇਗੀ, ਜਿਸ ਵਿਚ ਸੰਗਤ ਹੋਵੇ ਕਮੇਟੀ ਲਈ ਪੂਰਾ ਸਹਿਯੋਗ ਲਿਆ ਜਾਏਗਾ। ਉਨ੍ਹਾਂ ਇਹ ਵੀ ਦੱਸਿਆ ਕਿ ਸਾਲ 2025 ਵਿਚ ਮਨਾਏ ਗਏ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਸਮਾਗਮ 'ਚ ਤਿੰਨ ਲੱਖ 29 ਹਜ਼ਾਰ 668 ਰੁਪਏ ਦੀ ਵਾਧੂ ਰਕਮ ਬਚਤ ਹੋਈ ਹੈ, ਜਿਸ ਲਈ ਉਨ੍ਹਾਂ ਸੰਗਤ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਕਮੇਟੀ ਦਾ ਮਕਸਦ ਹੈ ਨਾਜਾਇਜ਼ ਖ਼ਰਚਿਆਂ 'ਤੇ ਰੋਕ ਲਾਉਣ ਅਤੇ ਗੁਰੂ ਘਰ ਦੀ ਗੋਲਕ ਨੂੰ ਧਰਮ ਪ੍ਰਚਾਰ, ਸਿੱਖਿਆ, ਸਿਹਤ ਅਤੇ ਸਮਾਜ ਸੇਵਾ ਵਿਚ ਲਗਾਉਣਾ ਹੈ। ਉਨ੍ਹਾਂ ਅਹਿਮਦਾਬਾਦ ਵਿਖੇ ਹੋਏ ਹਵਾਈ ਹਾਦਸੇ ਦੇ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਲਈ ਵੀ ਗੁਰੂ ਸਾਹਿਬ ਦੇ ਚਰਨਾਂ 'ਚ ਅਰਦਾਸ ਕੀਤੀ। **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਲਈ ਐੱਸ.ਜੀ.ਪੀ.ਸੀ. ਤੇ ਦਿੱਲੀ ਕਮੇਟੀ ਨੂੰ ਲਿਖਿਆ ਪੱਤਰ:** ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਦੱਸਿਆ ਕਿ ਹਰਿਆਣਾ ਕਮੇਟੀ ਦੇ ਅਧੀਨ ਚੱਲ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸ਼ਾਹਪੁਰ ਅੰਬਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਦਾ ਪ੍ਰਕਾਸ਼ਨ ਨਾ ਹੋਣ ਕਰ ਕੇ ਐੱਸ.ਜੀ.ਪੀ.ਸੀ. ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਲਿਖੇ ਗਏ ਹਨ, ਜਿਸ ਰਾਹੀਂ ਦੋਹਾਂ ਸੰਸਥਾਵਾਂ ਨੂੰ 500-500 ਪਵਿੱਤਰ ਸਰੂਪ ਅਤੇ 21-21 ਹਜ਼ਾਰ (16-16 ਹਜ਼ਾਰ ਪੰਜਾਬੀ ਅਤੇ 5-5 ਹਜ਼ਾਰ ਹਿੰਦੀ ਗੁਟਕੇ) ਮੁਫ਼ਤ ਦੇਣ ਦੀ ਮੰਗ ਕੀਤੀ ਗਈ ਹੈ। **ਪੰਥਕ ਵਿਚਾਰਾਂ 'ਤੇ ਤਾਲਮੇਲ ਬਣਾਉਣ ਲਈ ਐੱਸ. ਜੀ. ਪੀ. ਸੀ. ਨੂੰ ਸੱਦਾ:** ਉਨ੍ਹਾਂ ਦੱਸਿਆ ਕਿ ਹਰਿਆਣਾ ਕਮੇਟੀ ਵਲੋਂ ਪੰਥਕ ਵਿਚਾਰਾਂ 'ਤੇ ਸਾਂਝ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ (ਐਡਵੋਕੇਟ) ਨੂੰ ਪੱਤਰ ਭੇਜਿਆ ਗਿਆ ਹੈ। ਇਹ ਤਾਲਮੇਲ ਨਾ ਸਿਰਫ਼ ਧਰਮ ਪ੍ਰਚਾਰ ਲਈ ਜ਼ਰੂਰੀ ਹੈ, ਸਗੋਂ ਹਰਿਆਣਾ ਸੂਬੇ ਵਿਚ ਐੱਸ.ਜੀ.ਪੀ.ਸੀ. ਦੇ ਨਾਂਅ 'ਤੇ ਬੋਲ ਰਹੀ ਚੱਲ ਅਚੱਲ ਜਾਇਦਾਦ ਨੂੰ ਹਰਿਆਣਾ ਕਮੇਟੀ ਦੇ ਨਾਂਅ ਕਰਨ ਲਈ ਵੀ ਬੇਨਤੀ ਕੀਤੀ ਹੈ। ਉਨ੍ਹਾਂ ਸਾਫ਼ ਕੀਤਾ ਕਿ ਜਾਇਦਾਦ ਦੇ ਮੁੱਦੇ ਨੂੰ ਲਾਜ਼ਮੀ ਨਹੀਂ ਕਿ ਅਦਾਲਤ 'ਚ ਲਿਜਾਇਆ ਜਾਵੇ, ਇਹ ਮਸਲੇ ਬੈਠ ਕੇ ਗੱਲਬਾਤ ਰਾਹੀਂ ਵੀ ਹੱਲ ਕੀਤੇ ਜਾ ਸਕਦੇ ਹਨ।



## ਬਿਨਾਂ ਐੱਫ.ਆਈ.ਆਰ. ਦੇ ਪੁਲਿਸ ਜਾਂਚ ਕਰਨਾ ਕਾਨੂੰਨੀ ਤੌਰ 'ਤੇ ਸਵੀਕਾਰਯੋਗ ਨਹੀਂ : ਹਾਈਕੋਰਟ

ਚੰਡੀਗੜ੍ਹ, 15 ਜੂਨ (ਚ.ਨ.ਸ): ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਹੈ ਕਿ ਬਿਨਾਂ ਐਫਆਈਆਰ ਦੇ ਪੁਲਿਸ ਜਾਂਚ ਕਰਨਾ ਕਾਨੂੰਨੀ ਤੌਰ 'ਤੇ ਸਵੀਕਾਰਯੋਗ ਨਹੀਂ ਹੈ ਤੇ ਇਹ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ। ਇਸ ਤੋਂ ਬਾਅਦ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੀ ਪੁਲਿਸ ਨੇ ਅਜਿਹੇ ਸਾਰੇ ਮਾਮਲਿਆਂ 'ਚ ਬਿਨਾਂ ਐਫਆਈਆਰ ਸ਼ੁਰੂ ਕੀਤੀਆਂ ਗਈਆਂ ਜਾਂਚਾਂ ਨੂੰ ਤੁਰੰਤ ਬੰਦ ਕਰਨ ਦਾ ਫੈਸਲਾ ਕੀਤਾ ਹੈ। ਇਸ ਦੀ ਪੁਸ਼ਟੀ ਦੋਵਾਂ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਡੀਜੀਪੀ ਵੱਲੋਂ ਦਾਖਲ ਕੀਤੇ ਗਏ ਹਲਫਨਾਮਿਆਂ ਰਾਹੀਂ ਅਦਾਲਤ ਨੂੰ ਕੀਤੀ ਗਈ ਹੈ। ਹਾਈ ਕੋਰਟ 'ਚ ਚੱਲ ਰਹੀ ਸੁਣਵਾਈ ਦੌਰਾਨ ਖੁਲਾਸਾ ਹੋਇਆ ਕਿ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਕਈ ਥਾਣਿਆਂ 'ਚ ਐਸੀਆਂ ਸ਼ਿਕਾਇਤਾਂ 'ਤੇ ਜਾਂਚ ਸ਼ੁਰੂ ਕਰ ਦਿੱਤੀ ਜਾਂਦੀ ਹੈ, ਜਿਨ੍ਹਾਂ ਵਿਚ ਐਫਆਈਆਰ ਤਕ ਦਰਜ ਨਹੀਂ ਕੀਤੀ ਗਈ ਹੁੰਦੀ। ਅਦਾਲਤ ਨੇ ਇਸਨੂੰ ਸੁਪਰੀਮ ਕੋਰਟ ਵੱਲੋਂ ਲਲਿਤਾ ਕੁਮਾਰੀ ਬਨਾਮ ਉੱਤਰ ਪ੍ਰਦੇਸ਼ ਰਾਜ ਮਾਮਲੇ 'ਚ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਦਾ ਸਪੱਸ਼ਟ ਉਲੰਘਣਾ ਮੰਨਿਆ। ਜਸਟਿਸ ਐਨਐਸ ਸ਼ੇਖਾਵਤ ਦੀ ਏਕਲ ਬੈਂਚ ਨੇ ਸਾਫ ਸ਼ਬਦਾਂ 'ਚ ਕਿਹਾ ਕਿ ਬਿਨਾਂ ਐਫਆਈਆਰ ਦੀ ਕੀਤੀ ਗਈ ਜਾਂਚ ਕਾਨੂੰਨ ਦੀ ਨਜ਼ਰ 'ਚ ਨਾ ਸਿਰਫ਼ ਅਵੈਧ ਹੋਵੇਗੀ, ਸਗੋਂ ਇਸ ਨਾਲ ਜੁੜੇ ਅਧਿਕਾਰੀ ਮੁਆਵਜ਼ਾ ਦੇਣ ਲਈ ਮਜਬੂਰ ਹੋਣਗੇ। ਅਦਾਲਤ ਨੇ ਇਹ ਵੀ ਕਿਹਾ ਕਿ ਜੇ ਅਜਿਹੇ ਮਾਮਲੇ ਜਾਰੀ ਰਹੇ ਤਾਂ ਸਬੰਧਤ ਅਧਿਕਾਰੀਆਂ 'ਤੇ ਉਲੰਘਣਾ ਦੀ ਕਾਰਵਾਈ ਕੀਤੀ ਜਾਵੇਗੀ। ਹਾਈ ਕੋਰਟ 'ਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਡੀਜੀਪੀ ਨੇ ਵਿਧੀਵਤ ਹਲਫਨਾਮੇ ਦਾਖਲ ਕਰਦਿਆਂ ਸਾਫ ਕੀਤਾ ਹੈ ਕਿ ਹੁਣ ਬਿਨਾਂ ਐਫਆਈਆਰ ਕਿਸੇ ਵੀ ਕਿਸਮ ਦੀ ਪੁਲਿਸ ਜਾਂਚ ਨਹੀਂ ਕੀਤੀ ਜਾਵੇਗੀ। ਪਹਿਲਾਂ ਚੱਲ ਰਹੀਆਂ ਐਸੀਆਂ ਸਾਰੀਆਂ ਜਾਂਚਾਂ ਨੂੰ ਹੁਣ ਬੰਦ ਕਰ ਦਿੱਤਾ ਗਿਆ।




## ਐੱਸ.ਡੀ.ਐੱਮ. ਦਫ਼ਤਰ 'ਚੋਂ ਮਿਲੇ 24 ਲੱਖ 6 ਹਜ਼ਾਰ ਦੀ ਨਗਦੀ ਮਾਮਲੇ 'ਚ ਆਇਆ ਨਵਾਂ ਮੋੜ

ਰਾਏਕੋਟ, 15 ਜੂਨ (ਚ.ਨ.ਸ): ਇੱਥੇ ਐੱਸਡੀਐੱਮ ਦਫ਼ਤਰ ਵਿੱਚੋਂ ਮਿਲੇ 24 ਲੱਖ 6 ਹਜ਼ਾਰ ਰੁਪਏ ਦੀ ਨਕਦੀ ਮਾਮਲੇ ਵਿੱਚ ਉਸ ਸਮੇਂ ਨਵਾਂ ਮੋੜ ਆ ਗਿਆ, ਜਦੋਂ ਸੰਦੀਪ ਕੌਰ ਦੇ ਪਰਿਵਾਰ ਨੇ ਉਨ੍ਹਾਂ ਦਾ ਨਾਮ ਘੜੀਸੇ ਜਾਣ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਸੰਦੀਪ ਕੌਰ ਨੇ ਕੈਨੇਡਾ ਤੋਂ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਨੂੰ ਈਮੇਲ ਕਰ ਕੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਸਟੈਨੋ ਦੀ ਅਲਮਾਰੀ ਵਿੱਚੋਂ ਮਿਲੀ ਨਕਦੀ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਹੈ। ਉੱਧਰ, ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਨੇ ਸੰਦੀਪ ਕੌਰ ਦੇ ਪਿਤਾ ਸੁਖਦੇਵ ਸਿੰਘ ਤੇ ਭਰਾ ਅਮਨਦੀਪ ਸਿੰਘ ਨੂੰ ਆਪਣਾ ਪੱਖ ਪੇਸ਼ ਕਰਨ ਲਈ ਭਲਕੇ ਦਫ਼ਤਰ ਤਲਬ ਕੀਤਾ ਹੈ। ਸੁਖਦੇਵ ਸਿੰਘ ਤੇ ਅਮਨਦੀਪ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਸੇ ਕਿਸਮ ਦੀ ਰਿਸ਼ਵਤ ਦੇਣ ਦੇ ਮਾਮਲੇ ਵਿੱਚ ਸ਼ਮੂਲੀਅਤ ਤੋਂ ਸਾਫ਼ ਇਨਕਾਰ ਕੀਤਾ ਹੈ। ਸੰਦੀਪ ਕੌਰ ਦੇ ਪਤੀ ਤਲਵਿੰਦਰ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਐੱਸਡੀਐੱਮ ਦੀ ਅਦਾਲਤ ਵਿੱਚ ਪਿੰਡ ਬੜੈਚ ਦੇ ਸੁਖਦੇਵ ਸਿੰਘ ਦੀ ਐੱਨਆਰਆਈ ਧੀ ਸੰਦੀਪ ਕੌਰ ਅਤੇ ਉਸ ਦੇ ਤਾਇਆ ਬਲਦੇਵ ਸਿੰਘ ਦਰਮਿਆਨ 7 ਏਕੜ ਜ਼ਮੀਨ ਨੂੰ ਲੈ ਕੇ 12 ਜੂਨ ਨੂੰ ਸੁਣਵਾਈ ਚੱਲ ਰਹੀ ਸੀ। ਇਸ ਦਾ ਫ਼ੈਸਲਾ ਸੰਦੀਪ ਕੌਰ ਦੇ ਪੱਖ ਵਿੱਚ ਉਸੇ ਦਿਨ ਆਇਆ ਸੀ, ਜਿਸ ਦਿਨ ਐੱਸਡੀਐੱਮ ਦੇ ਸਟੈਨੋ ਦੀ ਅਲਮਾਰੀ ਵਿੱਚੋਂ 24 ਲੱਖ 6 ਹਜ਼ਾਰ ਦੀ ਰਕਮ ਮਿਲੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਕੇਸ ਹਾਰਨ ਬਾਅਦ ਵਿਰੋਧੀ ਧਿਰ ਉਨ੍ਹਾਂ ਨੂੰ ਬਦਨਾਮ ਕਰ ਰਹੀ ਹੈ। ਉੱਧਰ, ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਸਾਹਮਣੇ ਇੰਨੀ ਵੱਡੀ ਰਕਮ ਦੇ ਸਰੋਤ ਤਲਾਸ਼ ਕਰਨ ਦਾ ਵੱਡਾ ਸਵਾਲ ਖੜ੍ਹਾ ਹੋ ਗਿਆ ਹੈ। ਸੀਟੂ ਆਗੂ ਦਲਜੀਤ ਕੁਮਾਰ ਗੋਰਾ ਨੇ 'ਭ੍ਰਿਸ਼ਟਾਚਾਰ-ਮੁਕਤ ਪੰਜਾਬ' ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ 'ਤੇ ਸਵਾਲ ਖੜ੍ਹੇ ਕਰਦਿਆਂ ਦਫ਼ਤਰ ਵਿੱਚੋਂ 24 ਲੱਖ 6 ਹਜ਼ਾਰ ਰੁਪਏ ਮਿਲਣ ਦੇ ਬਾਵਜੂਦ ਐੱਸਡੀਐੱਮ ਦੀ ਤਿੰਨ ਦਿਨ ਬਾਅਦ ਵੀ ਗ੍ਰਿਫ਼ਤਾਰੀ ਨਾ ਹੋਣ ਨੂੰ ਮਿਲੀਭੁਗਤ ਕਰਾਰ ਦਿੱਤਾ ਹੈ। ਉਨ੍ਹਾਂ ਪਿਛਲੇ ਪੰਜ ਸਾਲਾਂ ਦੌਰਾਨ ਗੁਰਬੀਰ ਸਿੰਘ ਕੋਹਲੀ ਵੱਲੋਂ ਜ਼ਮੀਨੀ ਮਾਮਲਿਆਂ ਵਿੱਚ ਦਿੱਤੇ ਫ਼ੈਸਲਿਆਂ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਇਸ ਮਾਮਲੇ ਵਿੱਚ ਸਾਰੇ ਮੁਲਜ਼ਮਾਂ ਦੀ ਜਾਇਦਾਦ ਦੀ ਜਾਂਚ ਦੀ ਵੀ ਮੰਗ ਕੀਤੀ ਹੈ।



## ਦੂਜੀ ਪਤਨੀ ਨੂੰ ਮਿਲੇਗੀ ਤਰਸ ਦੇ ਆਧਾਰ 'ਤੇ ਨੌਕਰੀ ਭਾਵੇਂ ਪਹਿਲੀ ਤੋਂ ਨਾ ਲਿਆ ਹੋਵੇ ਤਲਾਕ : ਹਾਈਕੋਰਟ

ਚੰਡੀਗੜ੍ਹ, 15 ਜੂਨ (ਚ.ਨ.ਸ): ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਮਹੱਤਵਪੂਰਨ ਫ਼ੈਸਲੇ ਵਿੱਚ ਕਿਹਾ ਹੈ ਕਿ ਜੇਕਰ ਕਿਸੇ ਕਰਮਚਾਰੀ ਨੇ ਆਪਣੀ ਸਰਵਿਸ ਬੁੱਕ ਵਿੱਚ ਦੂਜੀ ਪਤਨੀ ਨੂੰ ਨਾਮਜ਼ਦ ਕੀਤੀ ਹੈ ਤੇ ਉਹ ਆਪਣੇ ਜੀਵਨ ਕਾਲ ਦੌਰਾਨ ਪੂਰੀ ਤਰ੍ਹਾਂ ਉਸ 'ਤੇ ਨਿਰਭਰ ਰਹੀ ਹੈ, ਤਾਂ ਉਸਨੂੰ ਤਰਸ ਦੇ ਆਧਾਰ 'ਤੇ ਨਿਯੁਕਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਭਾਵੇਂ ਪਹਿਲੀ ਪਤਨੀ ਤੋਂ ਕੋਈ ਕਾਨੂੰਨੀ ਤਲਾਕ ਨਾ ਹੋਵੇ। ਜਸਟਿਸ ਦੀਪਿੰਦਰ ਸਿੰਘ ਨਲਵਾ ਨੇ ਇਹ ਫ਼ੈਸਲਾ ਸੁਣਾਉਂਦੇ ਹੋਏ ਪਟੀਸ਼ਨਰ ਕਿਰਨਦੀਪ ਕੌਰ ਨੂੰ ਮ੍ਰਿਤਕ ਕਰਮਚਾਰੀ ਦੀ ਵਿਧਵਾ ਮੰਨਦੇ ਹੋਏ ਤਰਸਯੋਗ ਨਿਯੁਕਤੀ ਦਾ ਹੁਕਮ ਦਿੱਤਾ। ਇਹ ਮਾਮਲਾ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਵਿਚ ਕੰਮ ਕਰਨ ਵਾਲੇ ਸਹਾਇਕ ਲਾਈਨਮੈਨ ਤੀਰਥ ਸਿੰਘ ਦੀ ਮੌਤ ਤੋਂ ਬਾਅਦ ਉੱਠਿਆ, ਜਿਸਦੀ 26 ਫਰਵਰੀ 2022 ਨੂੰ ਸੇਵਾ ਦੌਰਾਨ ਮੌਤ ਹੋ ਗਈ ਸੀ। ਤੀਰਥ ਸਿੰਘ ਦੀ ਦੂਜੀ ਪਤਨੀ ਕਿਰਨਦੀਪ ਕੌਰ ਨੇ ਤਰਸਯੋਗ ਨਿਯੁਕਤੀ ਲਈ ਪਟੀਸ਼ਨ ਦਾਇਰ ਕੀਤੀ ਸੀ। ਉਸ ਦੇ ਨਾਲ ਹੀ ਮ੍ਰਿਤਕ ਆਸ਼ਰਿਤਾਂ ਵਜੋਂ ਉਸ ਦੀਆਂ ਦੋ ਨਾਬਾਲਗ ਧੀਆਂ ਨੂੰ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ ਗਈ ਸੀ। ਰਿਕਾਰਡ ਅਨੁਸਾਰ ਤੀਰਥ ਸਿੰਘ ਦਾ ਵਿਆਹ ਸਾਲ 2009 ਵਿੱਚ ਹੋਇਆ ਸੀ, ਜਦੋਂ ਕਿ ਤੀਰਥ ਸਿੰਘ ਦਾ ਪਹਿਲਾ ਵਿਆਹ ਸੁਖਵਿੰਦਰ ਕੌਰ ਨਾਲ 2006 ਵਿੱਚ ਹੋਇਆ ਸੀ। ਸਾਲ 2007 ਵਿੱਚ ਉਨ੍ਹਾਂ ਨੇ ਕਥਿਤ ਤੌਰ 'ਤੇ ਪੰਚਾਇਤ ਰਾਹੀਂ ਤਲਾਕ ਲੈ ਲਿਆ, ਜਿਸਦੀ ਕੋਈ ਕਾਨੂੰਨੀ ਮਾਨਤਾ ਨਹੀਂ ਹੈ। ਇਸ ਆਧਾਰ 'ਤੇ ਵਿਭਾਗ ਦੇ ਕਾਨੂੰਨ ਅਧਿਕਾਰੀ ਨੇ ਰਾਏ ਦਿੱਤੀ ਕਿ ਪੰਚਾਇਤ ਰਾਹੀਂ ਤਲਾਕ ਨੂੰ ਜਾਇਜ਼ ਨਹੀਂ ਮੰਨਿਆ ਜਾ ਸਕਦਾ, ਇਸ ਲਈ ਦੂਜਾ ਵਿਆਹ ਵੀ ਜਾਇਜ਼ ਨਹੀਂ ਮੰਨਿਆ ਜਾਵੇਗਾ। ਇਸ ਸਲਾਹ ਦੇ ਆਧਾਰ 'ਤੇ ਕਿਰਨਦੀਪ ਕੌਰ ਨੂੰ ਤਰਸਯੋਗ ਨਿਯੁਕਤੀ ਤੋਂ ਇਨਕਾਰ ਕਰ ਦਿੱਤਾ ਗਿਆ। ਹਾਲਾਂਕਿ, ਅਦਾਲਤ ਨੇ ਸਪੱਸ਼ਟ ਕੀਤਾ ਕਿ ਭਾਵੇਂ ਦੂਜਾ ਵਿਆਹ ਕਾਨੂੰਨੀ ਤੌਰ 'ਤੇ ਜਾਇਜ਼ ਨਹੀਂ ਮੰਨਿਆ ਜਾਂਦਾ, ਇਹ ਨਿਰਵਿਵਾਦ ਹੈ ਕਿ ਕਿਰਨਦੀਪ ਕੌਰ ਤੀਰਥ ਸਿੰਘ ਨਾਲ ਲਗਾਤਾਰ 23 ਸਾਲ ਰਹੀ ਅਤੇ ਸੇਵਾ ਰਿਕਾਰਡ ਵਿੱਚ ਦਰਜ ਸੀ।

## ਪਹਿਲਗਾਮ ਹਮਲੇ ਬਾਅਦ ਬੰਦ ਕੀਤੇ 16 ਸਥਾਨਾਂ ਨੂੰ ਖੋਲ੍ਹਿਆ ਜਾ ਰਿਹੈ: ਸਿਨਹਾ

ਜੰਮੂ/ਪਹਿਲਗਾਮ, 15 ਜੂਨ (ਚ.ਨ.ਸ): ਉਪ ਰਾਜਪਾਲ ਮਨੋਜ ਸਿਨ੍ਹਾ ਨੇ ਜੰਮੂ-ਕਸ਼ਮੀਰ 'ਚ ਉਨ੍ਹਾਂ 16 ਸੈਲਾਨੀ ਕੇਂਦਰਾਂ ਨੂੰ ਦੁਬਾਰਾ ਖੋਲ੍ਹਣ ਦੇ ਹੁਕਮ ਦਿੱਤੇ ਹਨ ਜੋ 22 ਅਪ੍ਰੈਲ ਨੂੰ ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਆਰਜ਼ੀ ਤੌਰ 'ਤੇ ਬੰਦ ਕਰ ਦਿੱਤੇ ਗਏ ਸਨ। ਇਨ੍ਹਾਂ ਸੈਲਾਨੀ ਕੇਂਦਰਾਂ ਤੇ ਪਾਰਕਾਂ 'ਚੋਂ 8 ਜੰਮੂ ਡਵੀਜ਼ਨ 'ਚ ਅਤੇ 8 ਸ੍ਰੀਨਗਰ ਡਵੀਜ਼ਨ 'ਚ ਹਨ। ਬੇਤਾਬ ਘਾਟੀ ਅਤੇ ਪਹਿਲਗਾਮ ਬਾਜ਼ਾਰ, ਵੇਰੀਨਾਗ ਗਾਰਡਨ, ਕੋਕਰਨਾਗ ਗਾਰਡਨ ਤੇ ਅਚਬਲ ਗਾਰਡਨ 17 ਜੂਨ ਤੋਂ ਦੁਬਾਰਾ ਖੋਲ੍ਹੇ ਜਾਣਗੇ। ਉਪ ਰਾਜਪਾਲ ਨੇ ਕਿਹਾ ਕਿ ਖੋਲ੍ਹੇ ਜਾ ਰਹੇ ਹੋਰ ਸੈਲਾਨੀ ਕੇਂਦਰਾਂ 'ਚ ਸ੍ਰੀਨਗਰ 'ਚ ਬਦਾਮਵਾੜੀ ਪਾਰਕ, ਡਕ ਪਾਰਕ, ਤਕਦੀਰ ਪਾਰਕ, ਸਾਰਥਲ, ਧਾਗਰ, ਦੇਵੀ ਪਿੰਡੀ, ਕਠੂਆ 'ਚ ਸਿਆਦ ਬਾਬਾ, ਰਿਆਸੀ 'ਚ ਸੂਲਾ ਪਾਰਕ, ਡੋਡਾ 'ਚ ਗੁਲਦੰਡਾ, ਜੈ ਵੈਲੀ ਤੇ ਊਧਮਪੁਰ 'ਚ ਪੰਚੇਰੀ ਸ਼ਾਮਲ ਹਨ। ਸੈਲਾਨੀ ਕੇਂਦਰਾਂ ਨੂੰ ਪੜਾਅਵਾਰ ਢੰਗ ਨਾਲ ਖੋਲ੍ਹਿਆ ਜਾਵੇਗਾ। ਉਨ੍ਹਾਂ ਉਮੀਦ ਜਤਾਈ ਕਿ ਆਉਣ ਵਾਲੀ ਅਮਰਨਾਥ ਯਾਤਰਾ ਕਸ਼ਮੀਰ 'ਚ ਸੈਰ-ਸਪਾਟੇ ਨੂੰ ਮੁੜ ਸੁਰਜੀਤ ਕਰਨ 'ਚ ਮਦਦ ਕਰੇਗੀ। ਮੈਂ ਇੱਥੋਂ ਦੇ ਲੋਕਾਂ ਨੂੰ ਸਾਲਾਨਾ ਯਾਤਰਾ ਨੂੰ ਸਫਲ ਬਣਾਉਣ ਦੀ ਅਪੀਲ ਕਰਦਾ ਹਾਂ। ਇਹ ਲੋਕਾਂ ਦੀ ਆਪਣੀ ਯਾਤਰਾ ਹੈ। ਇਸ ਨਾਲ ਆਰਥਿਕਤਾ ਨੂੰ ਵਧੀਆ ਬਣਾਉਣ ਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ 'ਚ ਮਦਦ ਮਿਲੇਗੀ। ਉਨ੍ਹਾਂ ਪਹਿਲਗਾਮ 'ਚ ਵਿਧਾਨ ਸਭਾ ਦੇ ਮੈਂਬਰਾਂ, ਡੀ.ਡੀ.ਸੀ. ਦੇ ਚੇਅਰਮੈਨਾਂ ਤੇ ਉਪ-ਚੇਅਰਮੈਨਾਂ, ਟੂਰ ਅਤੇ ਟ੍ਰੈਵਲ ਆਪਰੇਟਰਾਂ, ਪੋਨੀਵਾਲਾ ਐਸੋਸੀਏਸ਼ਨ ਤੇ ਹੋਟਲੀਅਰ ਐਸੋਸੀਏਸ਼ਨਾਂ ਦੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਪੂਰੀ ਸੁਰੱਖਿਆ ਜਾਂਚ ਤੋਂ ਬਾਅਦ ਹੋਰ ਸੈਲਾਨੀ ਕੇਂਦਰਾਂ 'ਤੇ ਲੱਗੀਆਂ ਪਾਬੰਦੀਆਂ ਹਟਾ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੁਰੱਖਿਆ ਏਜੰਸੀਆਂ ਨੇ ਸ੍ਰੀ ਅਮਰਨਾਥ ਯਾਤਰੀਆਂ ਦੀ ਸੁਰੱਖਿਆ ਲਈ ਇਕ ਵਿਆਪਕ ਸੁਰੱਖਿਆ ਯੋਜਨਾ ਤਿਆਰ ਕੀਤੀ ਹੈ। ਸ਼ਰਧਾਲੂਆਂ ਨੂੰ ਨਿਰਧਾਰਤ ਕਾਫਲਿਆਂ 'ਚ ਯਾਤਰਾ ਕਰਨ ਦੀ ਅਪੀਲ ਕੀਤੀ ਗਈ ਹੈ। ਉਪ ਰਾਜਪਾਲ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਯਾਤਰਾ ਦੇ ਬੁਨਿਆਦੀ ਢਾਂਚੇ 'ਚ ਅਹਿਮ ਸੁਧਾਰ ਕੀਤੇ ਗਏ ਹਨ। ਇਨ੍ਹਾਂ 'ਚ ਬਿਹਤਰ ਸੜਕਾਂ, ਬਿਹਤਰ ਬਿਜਲੀ ਤੇ ਦੂਰਸੰਚਾਰ ਸੰਪਰਕ, ਵਧੀਆ ਰਿਹਾਇਸ਼ੀ ਸਹੂਲਤਾਂ ਤੇ ਸੁਰੱਖਿਆ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ। ਉਪ ਰਾਜਪਾਲ ਨਾਲ ਸ੍ਰੀ ਅਮਰਨਾਥ ਸ਼ਰਾਈਨ ਬੋਰਡ ਦੇ ਸੀ.ਈ.ਓ. ਤੇ ਉਨ੍ਹਾਂ ਦੇ ਪ੍ਰਮੁੱਖ ਸਕੱਤਰ ਡਾ. ਮਨਦੀਪ ਕੇ. ਭੰਡਾਰੀ, ਕਸ਼ਮੀਰ ਦੇ ਡਵੀਜ਼ਨਲ ਕਮਿਸ਼ਨਰ ਵਿਜੇ ਕੁਮਾਰ, ਕਸ਼ਮੀਰ ਦੇ ਆਈ.ਜੀ. ਪੀ.ਵੀ.ਕੇ. ਬਿਰਦੀ, ਅਨੰਤਨਾਗ ਦੇ ਡਿਪਟੀ ਕਮਿਸ਼ਨਰ ਸਈਦ ਫਖਰੂਦੀਨ ਹਾਮਿਦ ਤੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਸਨ।



## ਪਵਿੱਤਰ ਸਰੋਵਰ 'ਚ ਇਸ਼ਨਾਨ ਕਰਦੇ ਸਮੇਂ ਗ੍ਰੰਥੀ ਦੀ ਮੌਤ

ਕੋਟਕਪੂਰਾ, 15 ਜੂਨ (ਚ.ਨ.ਸ): ਇਤਿਹਾਸਕ ਗੁਰਦੁਆਰਾ ਗੋਦਾਵਰੀਸਰ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਢਿੱਲਵਾਂ ਕਲਾਂ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਦੇ ਸਮੇਂ ਗ੍ਰੰਥੀ ਅਮਨਪਾਲ ਸਿੰਘ (23) ਪੁੱਤਰ ਬੇਅੰਤ ਸਿੰਘ ਵਾਸੀ ਬਾਘਾਪੁਰਾਣਾ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰੰਥੀ ਅਮਨਪਾਲ ਸਿੰਘ ਦਾ ਇਸ਼ਨਾਨ ਕਰਦੇ ਸਮੇਂ ਪੈਰ ਅਚਾਨਕ ਡੂੰਘੇ ਪਾਸੇ ਚਲਾ ਗਿਆ ਅਤੇ ਡੁੱਬਣ ਕਾਰਨ ਉਸ ਦੀ ਮੌਤ ਹੋ ਗਈ। ਇਸ ਸਬੰਧ 'ਚ ਥਾਣਾ ਸਦਰ ਕੋਟਕਪੂਰਾ ਦੀ ਪੁਲਿਸ ਵੱਲੋਂ ਵਿਭਾਗੀ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ।



## ਸੀ.ਆਈ.ਏ. ਦੀ ਟੀਮ ਵੱਲੋਂ 2 ਨਸ਼ਾ ਤਸਕਰ ਕਾਬੂ, 1.20 ਕਿਲੋ ਹੈਰੋਇਨ ਬ੍ਰਾਮਦ



ਫ਼ਾਜ਼ਿਲਕਾ, 15 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸ੍ਰੀ ਗੌਰਵ ਯਾਦਵ (ਆਈ.ਪੀ.ਐਸ) ਡਾਇਰੈਕਟਰ ਜਨਰਲ ਪੁਲਿਸ ਪੰਜਾਬ, ਸ੍ਰੀ ਹਰਮਨਬੀਰ ਸਿੰਘ ਗਿੱਲ (ਆਈ.ਪੀ.ਐਸ) ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਫ਼ਿਰੋਜ਼ਪੁਰ ਰੇਂਜ, ਫ਼ਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ੍ਰੀ ਗੁਰਮੀਤ ਸਿੰਘ ਸੀਨੀਅਰ ਕਪਤਾਨ ਪੁਲਿਸ ਫ਼ਾਜ਼ਿਲਕਾ ਦੀ ਅਗਵਾਈ ਹੇਠ ਫ਼ਾਜ਼ਿਲਕਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਦੇ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਦੇ ਤਹਿਤ ਇੰਸਪੈਕਟਰ ਸੁਨੀਲ ਕੁਮਾਰ ਇੰਚਾਰਜ ਸੀ.ਆਈ.ਏ ਫ਼ਾਜ਼ਿਲਕਾ ਦੀ ਨਿਗਰਾਨੀ ਹੇਠ ਏ.ਐਸ.ਆਈ ਸਵਰਨ ਸਿੰਘ ਵੱਲੋਂ ਗਸ਼ਤ ਦੌਰਾਨ 02 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 01 ਕਿੱਲੋ 20 ਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਸਹਾਇਕ ਥਾਣੇਦਾਰ ਸਵਰਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਸੁਖੇਰਾ ਬੋਦਲਾ, ਬੱਘੇ ਕੇ ਮੋੜ ਤੋਂ ਹੁੰਦੇ ਹੋਏ ਨਹਿਰ ਤੋਂ ਲਿੰਕ ਰੋਡ ਚੱਕ ਸੁੱਕੜ ਆਦਿ ਨੂੰ ਜਾ ਰਹੇ ਸੀ ਤਾਂ ਜਦੋਂ ਪੁਲਿਸ ਪਾਰਟੀ ਫਾਜ਼ਿਲਕਾ-ਫਿਰੋਜ਼ਪੁਰ ਰੋਡ ਤੋਂ 01 ਕਿਲੋਮੀਟਰ ਨਹਿਰ ਦੇ ਨਾਲ ਨਾਲ ਪੁੱਜੇ ਤਾਂ ਸਾਹਮਣੇ ਤੋ ਇੱਕ ਕਾਲੇ ਰੰਗ ਦੀ ਸਕਾਰਪੀਓ ਗੱਡੀ ਨੰਬਰ ਡੀ.ਐਲ 04 ਸੀ.ਆਰ 8747 ਵਿਚ ਕਿਸੇ ਨਸ਼ੀਲੀ ਵਸਤੂ ਹੋਣ ਦਾ ਸ਼ੱਕ ਹੋਣ 'ਤੇ ਰੋਕਿਆ ਅਤੇ ਗੱਡੀ ਦੇ ਡਰਾਈਵਰ ਗੁਰਮੀਤ ਸਿੰਘ ਅਤੇ ਸੁਰਜੀਤ ਸਿੰਘ ਨੂੰ ਕਾਬੂ ਕੀਤਾ ਤਾਂ ਰਕੇਸ਼ ਕੁਮਾਰ ਡੀ.ਐਸ.ਪੀ (ਨਾਰਕੋਟਿਕਸ) ਫ਼ਾਜ਼ਿਲਕਾ ਦੀ ਹਾਜ਼ਰੀ ਵਿਚ ਕੰਡਕਟਰ ਸੀਟ ਦੇ ਹੇਠਾਂ ਕਾਲੇ ਰੰਗ ਦਾ ਮੋਮੀ ਲਿਫ਼ਾਫ਼ਾ ਮਿਲਿਆ, ਜਿਸ ਨੂੰ ਚੈੱਕ ਕਰਨ 'ਤੇ ਕੱਪੜੇ ਦੇ ਪੈਕਟ ਵਿਚੋਂ 01 ਕਿੱਲੋ 20 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਕਾਬੂ ਕੀਤੇ ਨਸ਼ਾ ਤਸਕਰਾਂ ਦੀ ਪਹਿਚਾਣ ਗੁਰਮੀਤ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਪੰਜ ਗਰਾਈਂ, ਥਾਣਾ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸੁਰਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਹਰਸ਼ਾ ਛੀਨਾ, ਥਾਣਾ ਰਾਜਾਸਾਂਸੀ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਜੋਂ ਹੋਈ ਹੈ, ਜਿਹਨਾਂ ਦੇ ਖ਼ਿਲਾਫ਼ ਮੁਕੱਦਮਾ ਨੰਬਰ 72 ਮਿਤੀ 14 ਜੂਨ 2025 ਜੁਰਮ 21(ਸੀ), 29 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਜਲਾਲਾਬਾਦ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਮਾਂਗਟ ਪਰਿਵਾਰ ਨੇ ਅਕਾਲੀ ਦਲ ਛੱਡ ਕੇ ਰਣਦੀਪ ਸਿੰਘ ਨਾਭਾ ਦੀ ਅਗਵਾਈ 'ਚ ਕਾਂਗਰਸ ਵਿੱਚ ਕੀਤੀ ਸ਼ਮੂਲੀਅਤ

ਅਮਲੋਹ, 15 ਜੂਨ (ਜਸਵੰਤ ਸਿੰਘ): ਪਿੰਡ ਲਾਡਪੁਰ ਸਮਸਪੁਰ ਵਿਚ ਕੁਲਵਿੰਦਰ ਸਿੰਘ ਮਾਂਗਟ ਨੇ ਆਪਣੇ ਪ੍ਰੀਵਾਰ ਸਮੇਤ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਸਾਬਕਾ ਮੰਤਰੀ ਕੈਬਨਿਟ ਮੰਤਰੀ ਰਣਦੀਪ ਸਿੰਘ ਨਾਭਾ ਦੀ ਅਗਵਾਈ ਵਿੱਚ ਪਰਿਵਾਰ ਸਮੇਤ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਉਸ ਨੇ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਰਣਦੀਪ ਸਿੰਘ ਨਾਭਾ ਦੀ ਸ਼ਾਨਦਾਰ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਉਸ ਨੇ ਇਹ ਫ਼ੈਸਲਾ ਲਿਆ ਹੈ ਅਤੇ ਪਾਰਟੀ ਦੀ ਚੜ੍ਹਦੀਕਲਾ ਲਈ ਕੰਮ ਕਰਦਾ ਰਹੇਗਾ। ਸਾਬਕਾ ਮੰਤਰੀ ਨੇ ਦੱਸਿਆ ਕਿ ਰੋਜ਼ਾਨਾ ਦਰਜਨਾਂ ਪ੍ਰੀਵਾਰ ਕਾਂਗਰਸ ਵਿਚ ਸ਼ਾਮਲ ਹੋ ਰਹੇ ਹਨ, ਜਿਨ੍ਹਾਂ ਨੂੰ ਪਾਰਟੀ ਵਿਚ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਸਾਬਕਾ ਸਰਪੰਚ ਕੁਲਵਿੰਦਰ ਕੌਰ, ਜਗਜੀਤ ਸਿੰਘ, ਇਕਬਾਲਪ੍ਰੀਤ ਸਿੰਘ, ਕਮਲਜੀਤ ਸਿੰਘ, ਚਰਨ ਸਿੰਘ, ਮੁਖਤਿਆਰ ਸਿੰਘ, ਨਰਿੰਦਰ ਸਿੰਘ, ਜਰਨੈਲ ਸਿੰਘ, ਦਰਸ਼ਨ ਸਿੰਘ, ਨਾਜਰ ਸਿੰਘ, ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਸੁੱਖਾ, ਅਮਰੀਕ ਸਿੰਘ, ਜਸਵਿੰਦਰ ਸਿੰਘ ਬਿੰਦਾ, ਦਵਿੰਦਰ ਸਿੰਘ, ਕਰਮ ਸਿੰਘ ਪੁਰੀ, ਅੱਛਰ ਸਿੰਘ, ਜੁਗਰਾਜ ਸਿੰਘ, ਹਰਚੰਦ ਸਿੰਘ ਸਮਸ਼ਪੁਰ, ਬਿੱਕਰ ਸਿੰਘ ਦੀਵਾ, ਹਰਪ੍ਰੀਤ ਸਿੰਘ ਗੁਰਧਨਪੁਰ ਅਤੇ ਜੱਗੀ ਬੜੈਚਾ ਆਦਿ ਹਾਜ਼ਰ ਸਨ।



## ਮਨਦੀਪ ਕੌਰ ਲੁਧਿਆਣਾ ਇਸਤਰੀ ਵਿੰਗ ਦੀ ਕੌਮੀ ਮੀਤ ਪ੍ਰਧਾਨ ਨਿਯੁਕਤ

ਮੰਡੀ ਗੋਬਿੰਦਗੜ੍ਹ, 15 ਜੂਨ (ਸੂਦ): ਬੀਬੀ ਮਨਦੀਪ ਕੌਰ ਲੁਧਿਆਣਾ ਜੋ ਵਿਦਿਆਰਥੀ ਸਮੇਂ ਤੋਂ ਹੀ ਸਕੂਲਾਂ, ਕਾਲਜਾਂ ਵਿਚ ਪੜ੍ਹਦੀ ਹੋਈ ਖਾਲਸਾ ਪੰਥ ਦੀ ਨਿਰਸਵਾਰਥ ਸੇਵਾ ਕਰਦੀ ਆ ਰਹੀ ਹੈ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਜ਼ਿਲ੍ਹੇ ਦੀ ਪ੍ਰਧਾਨ ਦੀ ਸੇਵਾ 'ਤੇ ਵੀ ਆਪਣੀਆਂ ਜ਼ਿੰਮੇਵਾਰੀਆ ਲੰਮਾ ਸਮਾਂ ਕੀਤੀਆਂ, ਉਪਰੰਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਆਉਣ 'ਤੇ ਇਸ ਦੀ ਸ਼ਾਨਦਾਰ ਕਾਰਗੁਜ਼ਾਰੀ ਨੂੰ ਮੁੱਖ ਰੱਖਦੇ ਹੋਏ ਪਾਰਟੀ ਇਸਤਰੀ ਵਿੰਗ ਦੀ ਕੌਮੀ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ। ਇਹ ਐਲਾਨ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਅੱਜ ਇਥੇ ਕੀਤਾ। ਇਸ ਮੌਕੇ ਸ੍ਰੀ ਨਵਨੀਤ ਕੁਮਾਰ ਗੋਪੀ ਵੀ ਮੌਜੂਦ ਸੀ। ਬੀਬੀ ਮਨਦੀਪ ਕੌਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਪ੍ਰੋ. ਮਹਿੰਦਰਪਾਲ ਸਿੰਘ, ਹਰਪਾਲ ਸਿੰਘ ਬਲੇਰ, ਗੁਰਜੰਟ ਸਿੰਘ ਕੱਟੂ, ਅੰਮ੍ਰਿਤਪਾਲ ਸਿੰਘ ਛੰਦੜਾ, ਅਤੇ ਪ੍ਰੀਤਮ ਸਿੰਘ ਮਾਨਗੜ੍ਹ ਆਦਿ ਆਗੂ ਹਾਜ਼ਰ ਸਨ। ਪਾਰਟੀ ਅਹੁਦੇਦਾਰਾਂ ਨੇ ਬੀਬੀ ਨੂੰ ਇਸ ਹੋਈ ਨਿਯੁਕਤੀ ਉਤੇ ਮੁਬਾਰਕਬਾਦ ਦਿੰਦੇ ਹੋਏ ਇਹ ਉਮੀਦ ਪ੍ਰਗਟ ਕੀਤੀ ਕਿ ਉਹ ਪਹਿਲੇ ਦੀ ਤਰ੍ਹਾਂ ਬੀਬੀਆਂ ਅਤੇ ਨੌਜਵਾਨਾਂ ਵਿਚ ਹੋਰ ਵਧੇਰੇ ਉਤਸ਼ਾਹ ਨਾਲ ਪਾਰਟੀ ਸੋਚ ਦਾ ਪ੍ਰਚਾਰ ਕਰਦੇ ਹੋਏ ਪਾਰਟੀ ਮੈਂਬਰਾਂ ਦੀ ਗਿਣਤੀ ਵਧਾਉਣ ਵਿਚ ਯੋਗਦਾਨ ਪਾਉਣਗੇ ਤੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਦੇ ਰਹਿਣਗੇ।




## ਪ੍ਰਾਚੀਨ ਸ੍ਰੀ ਰਾਮ ਮੰਦਰ ਜੀਟੀ ਰੋਡ ਵਿਖੇ ਪਵਿੱਤਰ ਸ੍ਰੀ ਸੁੰਦਰਕਾਂਡ ਪਾਠ ਕਰਵਾਇਆ

ਮੰਡੀ ਗੋਬਿੰਦਗੜ੍ਹ, 15 ਜੂਨ (ਸੂਦ): ਧਾਰਮਿਕ ਸੰਸਥਾ ਸ੍ਰੀ ਸੁੰਦਰ ਕਾਂਡ ਸੇਵਾ ਮੰਡਲ ਦੇ ਪ੍ਰਧਾਨ ਸੁਰੇਸ਼ ਸਿੰਗਲਾ ਬੱਬਲੀ ਦੀ ਪ੍ਰਧਾਨਗੀ ਹੇਠ ਸਨਾਤਨ ਧਰਮ ਮਹਾਂਵੀਰ ਮੰਦਰ ਚੈਰੀਟੇਬਲ ਟਰੱਸਟ ਸ੍ਰੀ ਰਾਮ ਮੰਦਰ ਵਿਚ ਸ੍ਰੀ ਸੁੰਦਰ ਕਾਂਡ ਦੇ ਪਵਿੱਤਰ ਪਾਠ ਦਾ ਭੋਗ ਪਾਇਆ ਗਿਆ। ਮੰਦਰ ਦੇ ਪੁਜਾਰੀ ਅਚਾਰੀਆ ਪੰਡਤ ਸੱਤਿਆ ਪ੍ਰਕਾਸ਼ ਨੇ ਮੁੱਖ ਜੱਜਮਾਨ ਵਿਕਾਸ ਵਾਲੀਆ ਤੋਂ ਸ੍ਰੀ ਹਨੂੰਮਾਨ ਅਤੇ ਸ੍ਰੀ ਰਾਮਾਇਣ ਜੀ ਦੀ ਪੂਜਾ ਕਰਵਾਈ। ਇਸ ਮੌਕੇ ਸੰਕੀਰਤਨ ਕਰਦੇ ਹੋਏ ਸ੍ਰੀ ਹਨੂੰਮਾਨ ਚਾਲੀਸਾ ਦੇ ਪਾਠ ਉਪਰੰਤ ਮੰਡਲ ਦੇ ਓਮ ਸੈਨ, ਰਾਜੂ ਪਾਂਡੇ, ਸੰਜੇ ਗਰਗ ਵੱਲੋਂ ਪਵਿੱਤਰ ਸ੍ਰੀ ਸੁੰਦਰਕਾਂਡ ਪਾਠ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਵਿਸ਼ੇਸ਼ ਸ੍ਰੀ ਰਾਮ ਧੁਨ ਭਜਨ 'ਰਾਮ ਮੇਰੇ ਘਰ ਆਵਣਗੇ', 'ਦਾਤਾ ਨਹੀਂ ਸ੍ਰੀ ਰਾਮ ਕੇ ਜੈਸਾ ਸੇਵਕ ਹੈ ਹਨੂੰਮਾਨ ਕੇ ਜੈਸਾ' ਆਦਿ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਆਰਤੀ ਅਰਦਾਸ ਉਪਰੰਤ ਸੰਗਤਾਂ ਨੂੰ ਫਲ ਅਤੇ ਲੱਡੂ ਵੰਡੇ ਗਏ। ਇਸ ਮੌਕੇ ਮੰਦਰ ਦੇ ਮੁਖੀ ਸੁਰੇਸ਼ ਸਿੰਗਲਾ ਬਬਲੀ, ਸੰਜੇ ਗਰਗ, ਡਾ: ਕ੍ਰਿਸ਼ਨ ਭਾਰਦਵਾਜ, ਰਜਿੰਦਰ ਕਪਲਿਸ਼, ਮੋਨਿਕਾ ਭਾਟੀਆ, ਅੰਜੂ ਦੇਵੀ, ਕਮਲਾ ਦੇਵੀ, ਮੋਤੀ ਦੇਵੀ, ਮਾਲਤੀ ਦੇਵੀ, ਜਾਨਕੀ ਦੇਵੀ, ਅਭਿਸ਼ੇਕ ਅਤੇ ਸਿਮਰਨ ਜੀਤ ਸਿੰਘ ਆਦਿ ਹਾਜ਼ਰ ਸਨ।



## ਗਊਸ਼ਾਲਾ 'ਚ ਮਨਾਇਆ ਪੂਰਨਮਾਸ਼ੀ ਦਾ ਦਿਹਾੜਾ



ਅਮਲੋਹ, 15 ਜੂਨ (ਜਸਵੰਤ ਸਿੰਘ): ਗਊ ਸੇਵਾ ਸਮਿਤੀ ਅਮਲੋਹ ਦੇ ਸਰਪ੍ਰਸਤ ਪ੍ਰੇਮ ਚੰਦ ਸ਼ਰਮਾ ਦੀ ਅਗਵਾਈ ਹੇਠ ਸ਼੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿੱਚ ਪੂਰਨਮਾਸ਼ੀ ਦਾ ਦਿਹਾੜਾ ਮਨਾਇਆ ਗਿਆ। ਗਊਸ਼ਾਲਾ ਦੇ ਮੁੱਖ ਪੁਜਾਰੀ ਪੰਡਿਤ ਰਵਿੰਦਰ ਸ਼ਰਮਾ ਨੇ ਮੰਤਰਾ ਦਾ ਉਚਾਰਨ ਕੀਤਾ ਅਤੇ ਗਊ ਮਾਤਾ ਦੀ ਪੂਜਾ ਅਤੇ ਪੂਰਨਮਾਸ਼ੀ ਦੀ ਮਹੱਤਤਾ ਬਾਰੇ ਦੱਸਿਆ। ਸਮਾਗਮ ਵਿੱਚ ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ, ਸਮਿਤੀ ਦੇ ਜਰਨਲ ਸਕੱਤਰ ਮਾਸਟਰ ਰਾਜੇਸ਼ ਕੁਮਾਰ, ਮੀਤ ਪ੍ਰਧਾਨ ਐਸ.ਡੀ.ਓ ਸੰਜੀਵ ਧੀਰ, ਜੁਆਇੰਟ ਸਕੱਤਰ ਸੁੰਦਰ ਲਾਲ ਝੱਟਾ, ਸੰਜੇ ਕੁਮਾਰ, ਪੱਤਰਕਾਰ ਅਜੇ ਕੁਮਾਰ, ਬਿਪਨ ਕੁਮਾਰ ਬੱਬੂ ਰਾਣਾ, ਮਾਸਟਰ ਮਨੋਹਰ ਲਾਲ, ਦਿਨੇਸ਼ ਗੋਇਲ, ਡਾਕਟਰ ਮਨਜੀਤ ਸਿੰਘ ਅਤੇ ਸੁਰਿੰਦਰ ਤੱਗੜ ਪੱਪੀ ਆਦਿ ਹਾਜ਼ਰ ਸਨ। ਇਸ ਮੌਕੇ ਸ਼ਰਧਾਲੂਆਂ ਨੂੰ ਬਰਫੀ ਅਤੇ ਫਲਾਂ ਦਾ ਪ੍ਰਸ਼ਾਦ ਵੰਡਿਆ ਗਿਆ।

## ਟੈਂਪੂ ਯੂਨੀਅਨ ਤੇ ਸ੍ਰੀ ਰਾਮ ਡਰਾਮਾ ਕਲੱਬ ਨੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ



ਮੁਕੇਰੀਆਂ, 15 ਜੂਨ (ਧਰਮ ਚੰਦ): ਦਿਨੋ-ਦਿਨ ਤਾਪਮਾਨ ਵਿੱਚ ਹੋ ਰਹੇ ਵਾਧੇ ਦੇ ਚਲਦਿਆਂ ਗਰਮੀ ਪੂਰੇ ਜ਼ੋਰਾਂ 'ਤੇ ਹੈ। ਜਿਸਮ ਝੁਲਸਾਉਂਦੀ ਗਰਮੀ ਵਿੱਚ ਜਗ੍ਹਾ ਜਗ੍ਹਾ 'ਤੇ ਪਾਣੀ ਸਮਾਜ ਸੇਵੀ ਸੰਸਥਾਵਾਂ ਵੱਲੋਂ ਠੰਡੇ ਪਾਣੀ ਦੀਆਂ ਛਬੀਲਾਂ ਲਗਾ ਲੋਕਾਂ ਨੂੰ ਰਾਹਤ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕੀਤੀ ਜਾ ਰਹੀਆਂ ਹਨ। ਅਜੇਹੀ ਹੀ ਇੱਕ ਕੋਸ਼ਿਸ਼ ਰੇਲਵੇ ਸਟੇਸ਼ਨ ਨਜ਼ਦੀਕ ਟੈਂਪੂ ਯੂਨੀਅਨ ਤੇ ਸ਼੍ਰੀ ਰਾਮ ਡਰਾਮਾ ਕਲੱਬ ਵੱਲੋਂ ਪ੍ਰਧਾਨ ਡਾ. ਬਾਲੀ ਰਾਮ ਤੇ ਸੰਜੀਵ ਕੁਮਾਰ ਭੱਟੀ ਹੋਰਾਂ ਵੱਲੋਂ ਸਾਥੀਆਂ ਦੇ ਸਹਿਯੋਗ ਨਾਲ ਰਾਹਗੀਰਾਂ ਲਈ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾ ਕੇ ਕੀਤਾ ਗਿਆ। ਗਰਮੀ ਭਰੇ ਮਾਹੌਲ ਵਿੱਚ ਰਾਹਗੀਰਾਂ ਨੇ ਠੰਡਾ ਪਾਣੀ ਪੀ ਕੇ ਰਾਹਤ ਮਹਿਸੂਸ ਕੀਤੀ ਤੇ ਛਬੀਲ ਆਯੋਜਕਾਂ ਦਾ ਧੰਨਵਾਦ ਕਰਦਿਆਂ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਧਾਨ ਡਾ. ਬਾਲੀ ਰਾਮ ਤੇ ਪ੍ਰਧਾਨ ਸੰਜੀਵ ਕੁਮਾਰ ਹੋਰਾਂ ਛਬੀਲ ਦੇ ਉਪਰਾਲੇ ਵਿੱਚ ਸਹਿਯੋਗ ਕਰਨ ਲਈ ਸਹਿਯੋਗੀ ਸਾਥੀਆਂ ਦਾ ਧੰਨਵਾਦ ਤੇ ਹਮੇਸ਼ਾ ਦੀ ਤਰ੍ਹਾਂ ਅੱਗੇ ਤੋਂ ਵੀ ਸਮਾਜ ਸੇਵੀ ਕੰਮ ਕਰਦੇ ਰਹਿਣ ਦੀ ਗੱਲ ਆਖਦਿਆਂ ਲੋਕਾਂ ਨੂੰ ਗਰਮੀ ਵਿੱਚ ਬਿਨਾਂ ਜ਼ਰੂਰੀ ਕੰਮ ਦੇ ਘਰੋਂ ਬਾਹਰ ਨਾ ਨਿਕਲਣ, ਵੱਧ ਤੋਂ ਵੱਧ ਪਾਣੀ ਪੀਣ ਸੂਤੀ ਤੇ ਢਿੱਲੇ ਕੱਪੜੇ ਪਾਉਣ ਤੇ ਲੋੜ ਪੈਣ 'ਤੇ ਡਾਕਟਰੀ ਸਹਾਇਤਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਡਾ.ਵਿਨੋਦ ਕੁਮਾਰ, ਸੁਨੀਲ ਕੁਮਾਰ ਡਾਲੀ, ਕਸ਼ਿਸ਼ ਭੱਟੀ, ਅਸ਼ਵਨੀ ਕੁਮਾਰ, ਰਜੀਵ ਕੁਮਾਰ, ਅਰਜਨ ਕੁਮਾਰ, ਰਮੇਸ਼ ਲਾਲ, ਮੋਹਨ ਲਾਲ, ਸੁਰਿੰਦਰ ਕੁਮਾਰ, ਬਾਬਾ ਭੋਲਾ, ਦਲੇਰ ਸਿੰਘ, ਵਰਿੰਦਰ ਕੁਮਾਰ, ਰਾਜ ਕੁਮਾਰ ਤੇ ਜਗਦੀਸ਼ ਰਾਜ ਆਦਿ ਨੇ ਸੇਵਾ ਨਿਭਾਈ।

## ਪ੍ਰੈੱਸ ਕਲੱਬ ਫਿਰੋਜ਼ਪੁਰ ਤੇ ਮਯੰਕ ਫਾਊਂਡੇਸ਼ਨ ਦੇ ਸਾਂਝੇ ਉਪਰਾਲੇ ਨਾਲ ਵਿਸ਼ਵ ਖ਼ੂਨਦਾਤਾ ਦਿਵਸ ਮੌਕੇ ਵਿਸ਼ਾਲ ਖ਼ੂਨਦਾਨ ਕੈਂਪ



ਫਿਰੋਜ਼ਪੁਰ, 15 ਜੂਨ (ਤਿਵਾੜੀ): ਵਿਸ਼ਵ ਖ਼ੂਨਦਾਤਾ ਦਿਵਸ ਦੇ ਮੌਕੇ ਪ੍ਰੈਸ ਕਲੱਬ ਫਿਰੋਜ਼ਪੁਰ ਅਤੇ ਮਯੰਕ ਫਾਊਂਡੇਸ਼ਨ ਦੇ ਸਾਂਝੇ ਉਪਰਾਲੇ ਨਾਲ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਪ੍ਰੈਸ ਕਲੱਬ ਭਵਨ ਵਿਖੇ ਕੀਤਾ ਗਿਆ। ਇਸ ਕੈਂਪ ਵਿਚ ਪ੍ਰੈਸ ਕਲੱਬ ਤੇ ਮਯੰਕ ਫਾਊਂਡੇਸ਼ਨ ਦੇ ਮੈਂਬਰਾਂ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਨੇ ਵੀ ਉਤਸ਼ਾਹ ਨਾਲ ਖ਼ੂਨਦਾਨ ਕਰਕੇ ਸਮਾਜ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ। ਜਿਨ੍ਹਾਂ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਰਿੰਕੂ ਗਰੋਵਰ, ਐੱਲ ਐਮ ਓ ਡਾ. ਨਿਖਿਲ ਗੁਪਤਾ, ਡਾ. ਜਤਿੰਦਰ ਕੋਛੜ, ਡਾ. ਅਨਮੋਲ ਸੋਢੀ, ਐਡਵੋਕੇਟ ਕਰਨ ਪੁੱਗਲ ਅਤੇ ਪਿਓ ਧੀ ਸ਼ਾਵਿੰਦਰ ਮਲਹੋਤਰਾ ਤੇ ਉਹਨਾਂ ਦੀ ਸਪੁੱਤਰੀ ਅੰਸ਼ਿਕਾ ਮਲਹੋਤਰਾ, ਪਤੀ ਪਤਨੀ ਗਗਨ ਤੇ ਮੀਨੂ ਅਗਰਵਾਲ, ਗੌਰਵ ਤੇ ਸ਼ਵੇਤਾ ਗਰੋਵਰ, ਰਾਜ ਕੁਮਾਰ ਤੇ ਉਹਨਾਂ ਦੀ ਧਰਮਪਤਨੀ ਰਜਨੀ ਗਰੋਵਰ ਨੇ ਵੀ ਖੂਨ ਦਾਨ ਦਿੱਤਾ। ਇੱਕ ਵਿਸ਼ੇਸ਼ ਖ਼ੂਨ ਦਾਤਾ ਰੋਬਿਨ ਨੇ ਆਪਣੇ ਜਨਮ ਦਿਨ ਨੂੰ ਖ਼ੂਨ ਦਾਨ ਕਰਕੇ ਮਨਾਇਆ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਵੱਧ ਤੋਂ ਵੱਧ ਖੂਨ ਦਾਨ ਕਰਨਾ ਚਾਹੀਦਾ ਹੈ। ਪਹਿਲੀ ਵਾਰ ਖੂਨ ਦਾਨ ਕਰਨ ਵਾਲੇ ਜੋਤ ਕੁਮਾਰ ਅਤੇ ਅਰੁਣਾਵ ਵਸ਼ਿਸ਼ਟ ਯੁਵਾਵਾਂ ਨੇ ਵੀ ਇਸ ਖ਼ੂਨ ਦਾਨ ਕੈਂਪ ਵਿੱਚ ਯੋਗਦਾਨ ਦਿੱਤਾ ਅਤੇ ਓਹਨਾ ਨੇ ਕਿਹਾ ਕਿ ਅੱਜ ਪਹਿਲੀ ਵਾਰ ਖ਼ੂਨ ਦਾਨ ਕਰ ਓਹਨਾ ਨੂੰ ਕਾਫੀ ਚੰਗਾ ਲੱਗਿਆ ਤੇ ਹੁਣ ਲਗਾਤਾਰ ਇਸੇ ਤਰ੍ਹਾਂ ਹੀ ਖ਼ੂਨ ਦਾਨ ਕਰਦੇ ਰਹਿਣਗੇ। ਖ਼ੂਨਦਾਨ ਕੈਂਪ ਦੀ ਵਿਸ਼ੇਸ਼ਤਾ ਇਹ ਰਹੀ ਕਿ ਪਤੀ-ਪਤਨੀ ਅਤੇ ਬਾਪ-ਬੇਟੀ ਜੋੜਿਆਂ ਨੇ ਇਕੱਠੇ ਖ਼ੂਨਦਾਨ ਕਰਕੇ ਸਮਾਜ ਦੇ ਸਾਹਮਣੇ ਇੱਕ ਉਤਕ੍ਰਿਸ਼ਟ ਮਿਸਾਲ ਪੇਸ਼ ਕੀਤੀ। ਦਾਨੀ ਪਰਿਵਾਰਾਂ ਨੇ ਕਿਹਾ ਕਿ ਉਹ ਆਪਣੀ ਨਵੀਂ ਪੀੜ੍ਹੀ ਨੂੰ ਵੀ ਖ਼ੂਨਦਾਨ ਵੱਲ ਪ੍ਰੇਰਿਤ ਕਰ ਰਹੇ ਹਨ ਕਿਉਂਕਿ ਖ਼ੂਨਦਾਨ ਮਹਾਦਾਨ ਹੈ ਅਤੇ ਇੱਕ ਯੂਨਿਟ ਖ਼ੂਨ ਕਿਸੇ ਦੀ ਜਾਨ ਬਚਾ ਸਕਦਾ ਹੈ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਵੱਡੀ ਕਾਮਯਾਬੀ, 381 ਮਾਮਲੇ ਦਰਜ, 521 ਨਸ਼ਾ ਤਸਕਰ ਗ੍ਰਿਫ਼ਤਾਰ

ਫ਼ਾਜ਼ਿਲਕਾ, 15 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸ੍ਰੀ ਗੌਰਵ ਯਾਦਵ (ਆਈ.ਪੀ.ਐਸ) ਡਾਇਰੈਕਟਰ ਜਨਰਲ ਪੁਲਿਸ ਪੰਜਾਬ, ਸ੍ਰੀ ਹਰਮਨਬੀਰ ਸਿੰਘ ਗਿੱਲ (ਆਈ.ਪੀ.ਐਸ) ਡਿਪਟੀ ਇੰਸਪੈਕਟਰ ਜਨਰਲ ਪੁਲਿਸ ਫ਼ਿਰੋਜ਼ਪੁਰ ਰੇਂਜ, ਫ਼ਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ੍ਰੀ ਗੁਰਮੀਤ ਸਿੰਘ ਸੀਨੀਅਰ ਕਪਤਾਨ ਪੁਲਿਸ, ਫ਼ਾਜ਼ਿਲਕਾ ਦੀ ਅਗਵਾਈ ਹੇਠ ਫ਼ਾਜ਼ਿਲਕਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਦੇ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਦੇ ਤਹਿਤ ਫ਼ਾਜ਼ਿਲਕਾ ਪੁਲਿਸ ਨੂੰ ਇਸ ਸਾਲ ਬਹੁਤ ਵੱਡੀ ਕਾਮਯਾਬੀ ਹਾਸਲ ਹੋਈ ਹੈ। ਫ਼ਾਜ਼ਿਲਕਾ ਪੁਲਿਸ ਨੇ ਨਸ਼ਿਆਂ ਖ਼ਿਲਾਫ਼ ਚੱਲ ਰਹੇ ਇਸ ਯੁੱਧ ਵਿਚ ਆਪਣਾ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਨਸ਼ਾ ਤਸਕਰਾਂ ਦੇ ਖ਼ਿਲਾਫ਼ ਹਰ ਪੱਖੋਂ ਜੰਗ ਨੂੰ ਜਾਰੀ ਰੱਖਿਆ ਹੈ ਅਤੇ ਸ਼ਿਕੰਜੇ ਨੂੰ ਦਿਨ ਪ੍ਰਤੀ ਦਿਨ ਕੱਸਿਆ ਹੈ। ਹਰੇਕ ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਬ੍ਰਾਮਦਗੀ ਕੀਤੀ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਨਸ਼ੇ ਦੀ ਦਲਦਲ ਵਿਚ ਕੱਢਿਆ ਹੈ। ਇਸ ਸਾਲ ਮਿਤੀ 1 ਜਨਵਰੀ 2025 ਤੋਂ 14 ਜੂਨ 2025 ਤੱਕ ਪੁਲਿਸ ਨੇ ਕੁੱਲ 381 ਮੁਕੱਦਮੇ ਦਰਜ ਕਰਕੇ 521 ਦੋਸ਼ੀਆਂ ਨੂੰ ਕਾਬੂ ਕੀਤਾ ਹੈ। ਹੁਣ ਤੱਕ ਵੱਡੇ ਪੱਧਰ 'ਤੇ ਰਿਕਵਰੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ ਕੁੱਲ 21 ਕਿੱਲੋ 375 ਗ੍ਰਾਮ ਹੈਰੋਇਨ, 03 ਕਿੱਲੋ 380 ਗ੍ਰਾਮ ਅਫ਼ੀਮ, 636 ਕਿੱਲੋ 590 ਗ੍ਰਾਮ ਪੋਸਤ, 3,59,961 ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ, 7,10,737 ਪੈਗਾ ਕੈਪਸੂਲ (ਐਨ.ਡੀ.ਪੀ.ਐਸ ਐਕਟ ਤਹਿਤ) ਅਤੇ 1,48,740 ਪੈਗਾ ਕੈਪਸੂਲ (ਬੀ.ਐਨ.ਐਸ ਐਕਟ ਤਹਿਤ) ਅਤੇ 7,50,000 ਰੁਪਏ ਡਰੱਗ ਮਨੀ ਬ੍ਰਾਮਦ ਕੀਤੀ ਹੈ। ਹੁਣ ਤੱਕ ਕੁੱਲ 04 ਘਰਾਂ ਨੂੰ ਢਾਹਿਆ ਜਾ ਚੁੱਕਾ ਹੈ, ਜਿਨ੍ਹਾਂ ਵਿਚ 01 ਸੀਡ ਫਾਰਮ ਅਬੋਹਰ, 01 ਪਿੰਡ ਗੋਬਿੰਦਗੜ੍ਹ ਅਤੇ 02 ਅਰਨੀਵਾਲਾ ਵਿਖੇ ਘਰ ਢਾਹੇ ਗਏ ਹਨ। ਇਸ ਤੋਂ ਇਲਾਵਾ ਹੁਣ ਤੱਕ ਕੁੱਲ 25 ਦੋਸ਼ੀਆਂ ਦੀ ਕੁੱਲ 7 ਕਰੋੜ 46 ਲੱਖ 36 ਹਜ਼ਾਰ 647 ਰੁਪਏ ਦੀ ਕੁੱਲ ਪ੍ਰੋਪਰਟੀ ਸੀਜ਼ ਕੀਤੀ ਜਾ ਚੁੱਕੀ ਹੈ। ਫ਼ਾਜ਼ਿਲਕਾ ਪੁਲਿਸ ਵੱਲੋਂ ਜਿੱਥੇ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ, ਉੱਥੇ ਹੀ ਨਸ਼ਾ ਕਰਨ ਦੇ ਆਦੀ ਨੌਜਵਾਨਾਂ ਦੀ ਜ਼ਿੰਦਗੀ ਬਚਾਉਣ ਲਈ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਚ ਭਰਤੀ ਵੀ ਕਰਵਾਇਆ ਜਾ ਰਿਹਾ ਹੈ। ਹੁਣ ਤੱਕ ਕੁੱਲ 149 ਨੌਜਵਾਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਚ ਦਾਖਲ ਕਰਵਾਇਆ ਜਾ ਚੁੱਕਾ ਹੈ ਅਤੇ ਕੁੱਲ 191 ਨੌਜਵਾਨਾਂ ਨੂੰ ਓਟ ਸੈਂਟਰ ਤੋ ਦਵਾਈ ਦਿਵਾਈ ਜਾ ਚੁੱਕੀ ਹੈ।



# ਇਜ਼ਰਾਈਲ-ਈਰਾਨ ਵਿਚਕਾਰ ਭੂ-ਸਿਆਸੀ ਤਣਾਅ ਹੋਰ ਵਧਣ ਨਾਲ ਪੈ ਸਕਦੈ ਕੱਚੇ ਤੇਲ ਦੀਆਂ ਕੀਮਤਾਂ ਤੇ ਡਰਾਈ ਫਰੂਟਸ 'ਤੇ ਅਸਰ

ਨਵੀਂ ਦਿੱਲੀ, 15 ਜੂਨ (ਚ.ਨ.ਸ): ਜੇ ਇਜ਼ਰਾਈਲ ਤੇ ਈਰਾਨ ਵਿਚਾਲੇ ਭੂ-ਸਿਆਸੀ ਤਣਾਅ ਹੋਰ ਵਧਦਾ ਹੈ ਤੇ ਆਪਣੇ ਸਭ ਤੋਂ ਖ਼ਰਾਬ ਦੌਰ 'ਚ ਪੁੱਜਦਾ ਹੈ ਤਾਂ ਅਜਿਹੀ ਹਾਲਤ 'ਚ ਬਰੈਂਟ ਕਰੂਡ ਆਇਲ ਦੀਆਂ ਕੀਮਤਾਂ 150 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਸਕਦੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮੌਜੂਦਾ ਪੱਧਰ ਤੋਂ 103 ਫੀਸਦੀ ਦਾ ਭਾਰੀ ਵਾਧਾ ਹੋਵੇਗਾ। ਹਾਲਾਂਕਿ, ਜੇ ਇਹ ਸੰਘਰਸ਼ ਘੱਟ ਹੋ ਜਾਂਦਾ ਹੈ ਤਾਂ ਊਰਜਾ ਬਾਜ਼ਾਰ ਜਲਦੀ ਹੀ ਆਮ ਵਾਂਗ ਹੋ ਸਕਦਾ ਹੈ। ਪਿਛਲੇ ਹਫਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਹਵਾਈ ਹਮਲਿਆਂ ਨੇ ਈਂਧਣ ਦੀਆਂ ਕੀਮਤਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਇਸ ਨਾਲ ਕਰੂਡ ਆਇਲ ਤੇ ਨੈਚੂਰਲ ਗੈਸ ਦੀਆਂ ਕੀਮਤਾਂ 'ਚ ਤੇਜ਼ੀ ਨਾਲ ਉਛਾਲ ਆਇਆ, ਕਿਉਂਕਿ ਪੱਛਮ ਏਸ਼ੀਆ 'ਚ ਵੱਡੇ ਸੰਘਰਸ਼ ਦਾ ਖਦਸ਼ਾ ਫਿਰ ਤੋਂ ਜਾਗ ਉੱਠਿਆ। ਬਰੈਂਟ ਕਰੂਡ ਆਇਲ ਦੀਆਂ ਕੀਮਤਾਂ ਹਮਲਿਆਂ ਤੋਂ ਬਾਅਦ 78.5 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ ਪਰ ਬਾਅਦ 'ਚ ਘਟ ਕੇ ਲੱਗਭਗ 75 ਡਾਲਰ ਪ੍ਰਤੀ ਬੈਰਲ ਹੋ ਗਈਆਂ।



ਨੀਦਰਲੈਂਡ 'ਚ ਨੈਚੂਰਲ ਗੈਸ ਲਈ ਵਰਚੁਅਲ ਟ੍ਰੇਡਿੰਗ ਪੁਆਇੰਟ ਟਾਈਟਲ ਟਰਾਂਸਫਰ ਫੈਸਿਲਿਟੀ ਗੈਸ ਦੀਆਂ ਕੀਮਤਾਂ ਵੀ ਪਿਛਲੇ ਹਫਤੇ 5 ਫੀਸਦੀ ਤੋਂ ਜ਼ਿਆਦਾ ਵਧ ਕੇ 38.24 ਯੂਰੋ ਪ੍ਰਤੀ ਮੈਗਾਵਾਟ-ਘੰਟਾ ਹੋ ਗਈਆਂ। ਜੇ ਸਊਦੀ ਅਰਬ, ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) ਤੇ ਕਤਰ ਵਰਗੇ ਪ੍ਰਮੁੱਖ ਉਤਪਾਦਕ ਦੇਸ਼ਾਂ ਤੋਂ ਕਰੂਡ, ਰਿਫਾਈਂਡ ਪ੍ਰੋਡਕਟਸ ਜਾਂ ਲਿਕੁਇਡ ਨੈਚੂਰਲ ਗੈਸ (ਐੱਲ.ਐੱਨ.ਜੀ.) ਦੀ ਸਪਲਾਈ 'ਤੇ ਸਿੱਧੇ ਹਮਲੇ ਜਾਂ ਸਟੇਟ ਆਫ ਹੋਰਮੁਜ ਦੇ ਬੰਦ ਹੋਣ ਨਾਲ ਰੁਕਾਵਟ ਆਉਂਦੀ ਹੈ ਤਾਂ ਕਰੂਡ ਆਇਲ ਦੀਆਂ ਕੀਮਤਾਂ 120 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਜਾ ਸਕਦੀਆਂ ਹਨ ਤੇ ਲੰਬੇ ਸਮੇਂ ਤੱਕ ਉੱਥੇ ਟਿਕ ਸਕਦੀਆਂ ਹਨ। ਰੈਬੋ ਬੈਂਕ ਇੰਟਰਨੈਸ਼ਨਲ ਦੇ ਗਲੋਬਲ ਰਣਨੀਤੀਕਾਰ ਮਾਈਕਲ ਐਵਰੀ ਨੇ ਜੋ ਡੇਲੌਰਾ ਤੇ ਫਲੋਰੈਂਸ ਸ਼ਮਿਟ ਨਾਲ ਮਿਲ ਕੇ ਲਿਖੇ ਨੋਟ 'ਚ ਕਿਹਾ, ਜੇ ਸਊਦੀ ਦੇ ਤੇਲ, ਗੈਸ, ਸ਼ਿਪਿੰਗ ਜਾਂ ਰਿਫਾਈਨਿੰਗ ਇਨਫ੍ਰਾਸਟੱਕਚਰ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਤੇ ਨਸ਼ਟ ਕਰ ਦਿੱਤਾ ਜਾਂਦਾ ਹੈ ਤਾਂ ਸ਼ੁਰੂਆਤੀ ਘਬਰਾਹਟ 'ਚ ਖਰੀਦਦਾਰੀ ਨਾਲ ਕਰੂਡ ਦੀਆਂ ਕੀਮਤਾਂ 120 ਡਾਲਰ ਪ੍ਰਤੀ ਬੈਰਲ ਤੋਂ ਉੱਪਰ, ਇਥੋਂ ਤੱਕ ਕਿ 150 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਸਕਦੀਆਂ ਹਨ।"

**ਡਰਾਈ ਫਰੂਟਸ ਦੇ ਮੁੱਲ ਵੱਧ ਸਕਦੇ ਨੇ:** ਭਾਰਤ 'ਚ ਡਰਾਈ ਫਰੂਟ ਤੇ ਨੈਟਸ ਦੇ ਮੁੱਲ ਹੋਰ ਵਧ ਸਕਦੇ ਹਨ। ਵਪਾਰੀਆਂ ਦਾ ਕਹਿਣਾ ਹੈ ਕਿ ਇਜ਼ਰਾਈਲ ਤੇ ਈਰਾਨ ਵਿਚਾਲੇ ਚੱਲ ਰਹੇ ਤਣਾਅ ਨਾਲ ਸਪਲਾਈ 'ਚ ਦਿੱਕਤਾਂ ਆ ਸਕਦੀਆਂ ਹਨ। ਇਹ ਚੀਜ਼ਾਂ ਜ਼ਿਆਦਾਤਰ ਅਫਗਾਨਿਸਤਾਨ ਤੇ ਈਰਾਨ ਤੋਂ ਆਉਂਦੀਆਂ ਹਨ। ਪਹਿਲਾਂ ਤੋਂ ਹੀ ਇਨ੍ਹਾਂ ਦੇ ਮੁੱਲ 15 ਤੋਂ 100 ਫ਼ੀਸਦੀ ਤੱਕ ਵਧ ਚੁੱਕੇ ਹਨ। ਇਸ ਦੀ ਵਜ੍ਹਾ ਇਹ ਹੈ ਕਿ 22 ਅਪ੍ਰੈਲ ਨੂੰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਤੋਂ ਆਉਣ ਵਾਲਾ ਰਸਤਾ ਬੰਦ ਹੋ ਗਿਆ ਹੈ। ਇਸ ਮਾਮਲੇ 'ਚ ਇੰਡਸਟਰੀ ਦੇ ਲੋਕਾਂ ਨੇ ਸਰਕਾਰ ਨਾਲ ਗੱਲ ਕੀਤੀ ਹੈ। ਉਹ ਜਾਣਨਾਂ ਚਾਹੁੰਦੇ ਹਨ ਕਿ ਈਰਾਨ ਦੇ ਰਸਤੇ ਅਫਗਾਨਿਸਤਾਨ ਤੋਂ ਆਉਣ ਵਾਲੇ ਸੁੱਕੇ ਮੇਵਿਆਂ 'ਤੇ ਕਿੰਨਾ ਟੈਕਸ ਲੱਗੇਗਾ। ਜਾਣਕਾਰਾਂ ਦਾ ਕਹਿਣਾ ਹੈ ਕਿ ਇਜ਼ਰਾਈਲ ਤੇ ਈਰਾਨ ਦੀ ਜੰਗ ਇਸ ਇੰਡਸਟਰੀ ਲਈ ਇਕ ਹੋਰ ਬੁਰੀ ਖ਼ਬਰ ਹੈ। ਇਹ ਦੋਹਰੀ ਮੁਸੀਬਤ ਵਰਗਾ ਹੈ। ਜੇ ਜੰਗ ਵਧਦੀ ਹੈ ਤਾਂ ਇਹ ਸਮਾਨ ਹੋਰ ਮਹਿੰਗਾ ਹੋ ਸਕਦਾ ਹੈ।

# ਪੰਜਾਬ ਦੇ ਬਾਸਮਤੀ ਚੌਲਾਂ ਦੇ ਬਰਾਮਦਕਾਰਾਂ ਦੀ ਉੱਡੀ ਨੀਂਦ, ਚੌਲ ਲਿਜਾਣ ਵਾਲੇ ਜਹਾਜ਼ ਅੱਧ ਰਸਤੇ 'ਚ ਫਸੇ

ਨਵੀਂ ਦਿੱਲੀ, 15 ਜੂਨ (ਚ.ਨ.ਸ.): ਇਜ਼ਰਾਈਲ ਤੇ ਈਰਾਨ ਵਿਚਾਲੇ ਵਧਦੇ ਤਣਾਅ ਨਾਲ ਮਿਡਲ ਈਸਟ 'ਚ ਉਥਲ-ਪੁਥਲ ਮਚ ਗਈ ਹੈ ਤੇ ਇਸ ਨਾਲ ਪੰਜਾਬ ਦੇ ਬਾਸਮਤੀ ਚੌਲਾਂ ਦੇ ਬਰਾਮਦਕਾਰਾਂ ਦੀਆਂ ਰਾਤਾਂ ਦੀ ਨੀਂਦ ਉੱਡ ਗਈ ਹੈ। ਦਰਅਸਲ, ਈਰਾਨ ਸਮੇਤ ਮਿਡਲ ਈਸਟ ਦੇ ਕਈ ਅਜਿਹੇ ਦੇਸ਼ ਹਨ, ਜੋ ਭਾਰਤ ਤੋਂ ਵੱਡੇ ਪੱਧਰ 'ਤੇ ਬਾਸਮਤੀ ਚੌਲ ਮੰਗਵਾਉਂਦੇ ਹਨ। ਇਸ ਵੇਲੇ ਬਾਸਮਤੀ ਚੌਲ ਲਿਜਾਣ ਵਾਲੇ ਕਈ ਜਹਾਜ਼ ਅੱਧ ਰਸਤੇ 'ਚ ਹਨ ਤੇ ਉਨ੍ਹਾਂ ਦੇ ਮੁਕਾਮਾਂ 'ਤੇ ਪਹੁੰਚਣ ਨੂੰ ਲੈ ਕੇ ਚਿੰਤਾ ਹੈ। ਜੇ ਜੰਗ ਲੰਮੀ ਚੱਲਦੀ ਹੈ ਤਾਂ ਜਹਾਜ਼ਾਂ ਨੂੰ ਅੱਧ ਰਸਤਿਓਂ ਹੀ ਵਾਪਸ ਆਉਣਾ ਪੈ ਸਕਦਾ ਹੈ। ਇਸ ਨਾਲ ਕਰੋੜਾਂ ਰੁਪਏ ਦਾ ਨੁਕਸਾਨ ਹੋਵੇਗਾ। ਪੰਜਾਬ ਬਾਸਮਤੀ ਬਰਾਮਦਕਾਰ ਐਸੋਸੀਏਸ਼ਨ ਦੇ ਅਸ਼ੋਕ ਸੇਠੀ ਦਾ ਕਹਿਣਾ ਹੈ ਕਿ ਇਸ ਜੰਗ ਨਾਲ ਬਾਸਮਤੀ ਉਦਯੋਗ ਨੂੰ ਝਟਕਾ ਲੱਗਾ ਹੈ, ਜੋ ਸਾਡੇ ਵਸ ਦੀ ਗੱਲ ਨਹੀਂ। ਹੋਰ ਬਾਸਮਤੀ ਚੌਲਾਂ ਦੀਆਂ ਕਈ ਖੇਪਾਂ ਨਾਲ ਸਾਡੇ ਕਈ ਜਹਾਜ਼ ਪਹਿਲਾਂ ਹੀ ਅੱਧ ਰਸਤੇ 'ਚ ਹਨ। ਤਣਾਅ ਵਧਣ ਦੀ ਸਥਿਤੀ 'ਚ ਇਹ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕਣਗੇ, ਜਿਸ ਨਾਲ ਸਾਨੂੰ ਕਰੋੜਾਂ ਦਾ ਨੁਕਸਾਨ ਹੋਵੇਗਾ।



**ਈਰਾਨ ਤੋਂ ਲੈ ਕੇ ਸਾਊਦੀ ਤੱਕ ਭਾਰਤ ਤੋਂ ਜਾਂਦੇ ਬਾਸਮਤੀ ਚੌਲ:** ਮਿਡਲ ਈਸਟ ਭਾਰਤ ਤੋਂ ਬਾਸਮਤੀ ਚੌਲਾਂ ਦਾ ਵੱਡਾ ਖਰੀਦਦਾਰ ਹੈ ਤੇ ਪੰਜਾਬ 'ਚ ਦੇਸ਼ ਦੇ ਕੁੱਲ ਬਾਸਮਤੀ ਉਤਪਾਦਨ ਦਾ 40 ਫ਼ੀਸਦੀ ਹੁੰਦਾ ਹੈ। ਇਜ਼ਰਾਈਲ ਨੇ ਸ਼ੁੱਕਰਵਾਰ ਨੂੰ ਈਰਾਨ ਦੇ ਕਈ ਨਿਊਕਲੀਅਰ ਤੇ ਮਿਲਟਰੀ ਕੇਂਦਰਾਂ 'ਤੇ ਮਿਜ਼ਾਈਲ ਹਮਲੇ ਕੀਤੇ। ਈਰਾਨ ਨੇ ਵੀ ਜਵਾਬੀ ਹਮਲਾ ਕਰਦੇ ਹੋਏ ਇਜ਼ਰਾਈਲ 'ਤੇ ਡਰੋਨ ਹਮਲੇ ਕੀਤੇ। ਈਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਅਲੀ ਖਾਮੇਨੇਈ ਨੇ ਦੇਸ਼ 'ਤੇ ਹਮਲੇ ਲਈ ਇਜ਼ਰਾਈਲ ਨੂੰ ਸਖ਼ਤ ਸਜ਼ਾ ਦੀ ਚਿਤਾਵਨੀ ਦਿੱਤੀ ਹੈ।

**ਬੀਮਾ ਕਰਵਾਉਣ 'ਚ ਵੀ ਆ ਰਹੀ ਪ੍ਰੇਸ਼ਾਨੀ:** ਸੇਠੀ ਨੇ ਇਹ ਵੀ ਕਿਹਾ ਕਿ ਆਲਮ ਇਹ ਹੈ ਕਿ ਬਰਾਮਦ ਕੀਤੇ ਜਾਣ ਵਾਲੇ ਸਮਾਨ ਦਾ ਬੀਮਾ ਕਰਵਾਉਣ 'ਚ ਵੀ ਮੁਸ਼ਕਲਾਂ ਆ ਰਹੀਆਂ ਹਨ ਕਿਉਂਕਿ ਤਣਾਅ ਦਾ ਮਾਹੌਲ ਹੈ, ਇਸ ਲਈ ਬੀਮਾ ਕੰਪਨੀਆਂ ਵੀ ਕਵਰੇਜ ਦੇਣ ਤੋਂ ਮਨ੍ਹਾ ਕਰ ਰਹੀਆਂ ਹਨ। ਗੱਲ ਸਿਰਫ਼ ਬਾਸਮਤੀ ਚੌਲ ਤੱਕ ਹੀ ਸੀਮਿਤ ਨਹੀਂ ਹੈ। ਜੰਗ ਵਧਣ ਦੀ ਸਥਿਤੀ 'ਚ ਤੇਲ ਦੀ ਦਰਾਮਦ 'ਚ ਵੀ ਪ੍ਰੇਸ਼ਾਨੀ ਆਵੇਗੀ, ਜਿਸ ਨਾਲ ਭਾਰਤ ਨੂੰ ਵੱਡਾ ਨੁਕਸਾਨ ਹੋਵੇਗਾ।

**ਘਟ ਰਹੀ ਹੈ ਬਾਸਮਤੀ ਚੌਲ ਦੀ ਬਰਾਮਦ:** ਐਗਰੀਕਲਚਰਲ ਐਂਡ ਪ੍ਰੋਸੈਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵਲਪਮੈਂਟ ਅਥਾਰਿਟੀ (ਏਪੀਡਾ) ਮੁਤਾਬਕ 2022 ਭਾਰਤ ਦੀ ਵਿਦੇਸ਼ੀ ਕਰੰਸੀ ਕਮਾਈ 48,000 ਕਰੋੜ ਰੁਪਏ ਸੀ, ਜਿਸ 'ਚ ਪੰਜਾਬ ਦਾ ਯੋਗਦਾਨ ਘੱਟ ਤੋਂ ਘੱਟ 40 ਫ਼ੀਸਦੀ ਸੀ। ਉਧਰ, ਅਮਰੀਕਾ ਦੇ ਈਰਾਨ 'ਤੇ ਪਾਬੰਦੀ ਲਗਾਏ ਜਾਣ ਨਾਲ ਭਾਰਤ ਤੋਂ ਈਰਾਨ ਲਈ ਬਰਾਮਦ ਪਹਿਲਾਂ ਤੋਂ ਹੀ ਪ੍ਰਭਾਵਿਤ ਹੋਈ ਹੈ, ਕਿਉਂਕਿ ਈਰਾਨ ਭਾਰਤ ਨੂੰ ਸਹੀ ਤਰ੍ਹਾਂ ਭੁਗਤਾਨ ਕਰਨ 'ਚ ਅਸਮਰੱਥ ਹੈ। ਅਮਰੀਕੀ ਪਾਬੰਦੀ ਕਾਰਨ ਭਾਰਤ ਨੇ ਈਰਾਨ ਤੋਂ ਤੇਲ ਦੀ ਦਰਾਮਦ ਬੰਦ ਕਰ ਦਿੱਤੀ ਹੈ। ਇਸ ਨਾਲ ਰੁਪਏ 'ਚ ਭਾਰਤ ਨੂੰ ਭੁਗਤਾਨ ਕਰਨ ਲਈ ਈਰਾਨ ਕੋਲ ਭੰਡਾਰ ਨਹੀਂ ਹੈ। ਉਧਰ, ਈਰਾਨੀ ਕਰੰਸੀ ਰਿਆਲ 'ਚ ਗਿਰਾਵਟ ਕਾਰਨ ਵੀ ਦਰਾਮਦ ਮਹਿੰਗੀ ਹੋਈ ਹੈ ਤੇ ਇਸ 'ਤੇ ਅਸਰ ਪਿਆ ਹੈ।

# ਜਥੇ. ਦਾਦੂਵਾਲ ਦੀ ਨਿਯੁਕਤੀ 'ਤੇ ਐੱਚ.ਐੱਸ.ਜੀ.ਪੀ.ਸੀ. ਵੱਲੋਂ ਸਵਾਗਤ

ਕਰਨਾਲ, 15 ਜੂਨ (ਚ.ਨ.ਸ.): ਕਰਨਾਲ ਗੁਰਪੁਰਬ ਪ੍ਰਬੰਧਕ ਕਮੇਟੀ ਨੇ ਦੇਸ਼ ਦੇ ਪ੍ਰਸਿੱਧ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚਅਰਮੈਨ ਵਜੋਂ ਨਿਯੁਕਤ ਕਰਨ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਇਸਨੂੰ ਇੱਕ ਇਤਿਹਾਸਕ ਕਦਮ ਦੱਸਿਆ। ਗੁਰਪੁਰਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਰਿੰਦਰ ਸਿੰਘ, ਜਨਰਲ ਸਕੱਤਰ ਇੰਦਰ ਪਾਲ ਸਿੰਘ ਨੇ ਜਥੇਦਾਰ ਦਾਦੂਵਾਲ ਨੂੰ ਵਧਾਈ ਦਿੱਤੀ।



ਉਨ੍ਹਾਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਧਰਮ ਪ੍ਰਚਾਰ ਕਮੇਟੀ ਦਾ ਚੇਅਰਮੈਨ ਬਣਾਏ ਜਾਣ 'ਤੇ ਇਸ ਕਦਮ ਨੂੰ ਇਤਿਹਾਸਕ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਇਸ ਲਈ ਕਮੇਟੀ ਮੈਂਬਰ ਵਧਾਈ ਦੇ ਹੱਕਦਾਰ ਹਨ। ਇਸ ਮੌਕੇ ਵਧਾਈ ਦੇਣ ਵਾਲਿਆਂ ਵਿੱਚ ਗੁਰਪਾਲ ਸਿੰਘ ਢੋਨੀ, ਹਰਪ੍ਰੀਤ ਸਿੰਘ ਨਰੂਲਾ, ਹਰਮੀਤ ਸਿੰਘ ਹੈਪੀ, ਤਜਿੰਦਰ ਸਿੰਘ ਡਿੰਪੀ ਆਦਿ ਸ਼ਾਮਲ ਹਨ।

# ਹੁਣ ਸਿਰ਼ਫ 559 ਰੁਪਏ 'ਚ ਡਾਕਘਰ ਤੋਂ ਮਿਲੇਗਾ 10 ਲੱਖ ਦਾ ਦੁਰਘਟਨਾ/ਅਪੰਗਤਾ/ਅਧਰੰਗ ਬੀਮਾ

ਗੁਰਦਾਸਪੁਰ, 15 ਜੂਨ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਮੁੱਖ ਡਾਕਘਰ ਗੁਰਦਾਸਪੁਰ ਵਿਖੇ ਆਈ.ਪੀ.ਪੀ.ਬੀ. ਵੱਲੋਂ ਐਸ ਦੁਰਘਟਨਾ ਬੀਮਾ ਯੋਜਨਾ 'ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ, ਜਿਸ ਵਿਚ ਸੀਨੀਅਰ ਸੁਪਰਡੈਂਟ ਪੋਸਟ (ਗੁਰਦਾਸਪੁਰ ਡਵੀਜ਼ਨ) ਚਰਨਜੀਤ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਨੇ ਦੁਰਘਟਨਾ ਬੀਮਾ ਯੋਜਨਾ ਦੀਆਂ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਸਿਰਫ਼ 559 ਰੁਪਏ ਵਿੱਚ ਡਾਕਘਰ ਤੋਂ 10 ਲੱਖ ਦਾ ਦੁਰਘਟਨਾ/ਅਪੰਗਤਾ/ਅਧਰੰਗ ਬੀਮਾ ਕਰਵਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਇਸ ਬੀਮਾ ਯੋਜਨਾ ਦਾ ਲਾਭ ਆਪਣੇ ਨਜ਼ਦੀਕੀ ਡਾਕਘਰ ਤੋਂ ਲੈ ਸਕਦਾ ਹੈ। ਸੀਨੀਅਰ ਸੁਪਰਡੈਂਟ ਪੋਸਟ ਚਰਨਜੀਤ ਸਿੰਘ ਨੇ ਦੱਸਿਆ ਕਿ ਦੁਰਘਟਨਾ ਦੌਰਾਨ ਮੌਤ/ਸਥਾਈ ਅਪੰਗਤਾ ਹੋਣ 'ਤੇ 10,00,000/- ਰੁਪਏ, ਦੁਰਘਟਨਾ ਕਰਕੇ ਅੰਸ਼ਕ ਅਪੰਗਤਾ/ਅੰਗ ਵਢਾਈ/ਕੋਮਾ/ਅਧਰੰਗ ਹੋਣ 'ਤੇ 10,00,000/ ਰੁਪਏ, ਬੱਚਿਆਂ ਦੀ ਪੜ੍ਹਾਈ ਦਾ ਸਿੱਖਿਆ ਖਰਚ 50,000/-ਰੁਪਏ ਤੱਕ ਦਾ ਕਵਰ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦੁਰਘਟਨਾ ਕਰਕੇ ਹਸਪਤਾਲ ਦਾਖਲ ਹੋਣ 'ਤੇ ਮੈਡੀਕਲ ਆਈ.ਪੀ.ਡੀ. ਖਰਚ 60,000, ਮੈਡੀਕਲ ਓ.ਪੀ.ਡੀ. ਖਰਚ 10,000/-ਰੁਪਏ, ਐਂਬੂਲੈਂਸ ਕਿਰਾਇਆ 9000/- ਰੁਪਏ, ਖ਼ੂਨ ਬਲੱਡ ਖਰੀਦ 9000/- ਰੁਪਏ, ਸਿਹਤ ਲਾਭ (ਦੁੱਧ ਫਲ, ਜੂਸ) 10000/-ਰੁਪਏ ਤੱਕ ਦੀ ਕਵਰੇਜ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਦੁਰਘਟਨਾ ਗ੍ਰਸਤ ਮਰੀਜ਼ ਕੋਲ ਪਰਿਵਾਰ ਨੂੰ ਪਹੁੰਚਣ ਲਈ ਕਿਰਾਇਆ ਭਾੜਾ ਕਵਰ 25000/- ਰੁਪਏ ਤੇ ਅੰਤਿਮ ਸਸਕਾਰ ਰਸਮ ਖਰਚ 5000/- ਰੁਪਏ ਦੀ ਕਵਰੇਜ ਵੀ ਸ਼ਾਮਲ ਹੈ। ਇਸ ਮੌਕੇ 'ਤੇ ਸਹਾਇਕ ਨਿਰਦੇਸ਼ਕ ਗੁਰਦਾਸਪੁਰ ਸਤਨਾਮ ਸਿੰਘ, ਦਲਵੀਰ ਸਿੰਘ ਤੇ ਇੰਡੀਆ ਪੋਸਟ ਪੇਮੈਂਟਸ ਬੈਂਕ ਦੇ ਸੀਨੀਅਰ ਪ੍ਰਬੰਧਕ ਸੰਨੀ ਦਿਓਲ ਮੌਜੂਦ ਸਨ।



# ਸੁਖਬੀਰ ਸਿੰਘ ਬਾਦਲ ਮੁੜ ਭਾਜਪਾ ਨਾਲ ਹੱਥ ਮਿਲਾਉਣ ਲਈ ਹੋ ਰਹੇ ਨੇ ਤਰਲੋ-ਮੱਛੀ

ਚੰਡੀਗੜ੍ਹ, 15 ਜੂਨ (ਚ.ਨ.ਸ): ਆਪਣੀ ਖ਼ਤਮ ਹੋ ਰਹੀ ਸਾਖ ਬਚਾਉਣ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੁੜ ਭਾਜਪਾ ਨਾਲ ਹੱਥ ਮਿਲਾਉਣ ਲਈ ਤਰਲੋ-ਮੱਛੀ ਹੋ ਰਹੇ ਹਨ ਅਤੇ ਪਾਰਟੀ ਅੰਦਰਲੇ ਸੂਤਰਾਂ ਦੀ ਗੱਲ ਮੰਨੀਏ ਤਾਂ ਅੰਦਰ ਖ਼ਾਤੇ ਭਾਜਪਾ ਨਾਲ ਮੁੜ ਗਠਜੋੜ ਲਈ ਗੈਰ-ਰਸਮੀ ਗੱਲਬਾਤ ਵੀ ਸ਼ੁਰੂ ਹੋ ਚੁੱਕੀ ਹੈ। ਅੱਜ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਬਾਦਲ ਅਕਾਲੀ ਦਲ ਵਿਚ ਵਾਪਸੀ ਤੋਂ ਬਾਅਦ ਵੀ ਇਸ ਬਾਰੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਹਨ। ਭਾਵੇਂ ਭਾਜਪਾ ਦਾਅਵੇ ਕਰ ਰਹੀ ਹੈ ਕਿ ਉਹ 117 ਸੀਟਾਂ ਲੜਨ ਦੀ ਤਿਆਰੀ ਕਰ ਰਹੀ ਹੈ ਪਰ ਪਿਛਲੇ ਦਿਨੀਂ ਅੰਦਰੂਨੀ ਸਿਆਸੀ ਸਮੀਕਰਨ ਅਤੇ ਲੋਕਾਂ ਦੇ ਰੁਖ਼ ਨੂੰ ਦੇਖ ਕੇ ਭਾਜਪਾ ਦੇ ਪ੍ਰਮੁੱਖ ਆਗੂਆਂ ਦੀ ਵੀ ਅਕਾਲੀ ਦਲ ਨਾਲ 2027 ਦੀਆਂ ਚੋਣਾਂ ਲਈ ਮਜਬੂਰੀ ਬਣ ਰਹੀ ਹੈ।



ਜ਼ਿਕਰਯੋਗ ਹੈ ਕਿ ਮਲੂਕਾ ਤੋਂ ਪਹਿਲਾਂ ਇੱਕ ਹੋਰ ਸਾਬਕਾ ਅਕਾਲੀ ਮੰਤਰੀ ਸੋਹਣ ਸਿੰਘ ਠੰਡਲ ਵੀ ਭਾਜਪਾ ਛੱਡ ਕੇ ਬਾਦਲ ਦਲ ਵਿਚ ਵਾਪਸੀ ਕਰ ਚੁੱਕੇ ਹਨ। ਇਹ ਵੀ ਦਸਣਯੋਗ ਹੈ ਕਿ ਮਲੂਕਾ ਅਤੇ ਠੰਡਲ ਦੋਵੇਂ ਹੀ ਭਾਜਪਾ ਨਾਲ ਗਠਜੋੜ ਲਈ ਖੁੱਲ੍ਹ ਕੇ ਵਕਾਲਤ ਕਰਦੇ ਰਹੇ ਹਨ। ਹੁਣ ਇਨ੍ਹਾਂ ਆਗੂਆਂ ਦੀ ਬਾਦਲ ਦਲ ਵਿਚ ਵਾਪਸੀ ਵੀ ਮੁੜ ਗਠਜੋੜ ਦੀਆਂ ਕੋਸ਼ਿਸ਼ਾਂ ਬਾਅਦ ਹੀ ਹੋਈ ਹੈ। ਜ਼ਿਕਰਯੋਗ ਹੈ ਕਿ ਮਲੂਕਾ ਦੇ ਪੁੱਤਰ ਗੁਰਪ੍ਰੀਤ ਸਿੰਘ ਤੇ ਨੂੰਹ ਪਰਮਪਾਲ ਕੌਰ ਇਸ ਸਮੇਂ ਵੀ ਭਾਜਪਾ ਵਿਚ ਹਨ ਅਤੇ ਪਰਮਪਾਲ ਕੌਰ ਭਾਜਪਾ ਵੱਲੋਂ ਲੋਕ ਸਭਾ ਦੀ ਚੋਣ ਵੀ ਲੜ ਚੁੱਕੀ ਹੈ। ਜੇਕਰ ਭਾਜਪਾ ਨਾਲ ਬਾਦਲ ਦਲ ਦਾ ਗਠਜੋੜ ਹੁੰਦਾ ਹੈ ਤਾਂ ਮਲੂਕਾ ਪਰਿਵਾਰ ਦਾ ਸੁਫ਼ਨਾ ਦੋ ਸੀਟਾਂ ਲੜਨ ਦਾ ਵੀ ਪੂਰਾ ਹੋ ਸਕਦਾ ਹੈ। ਅਕਾਲੀ ਦਲ ਪ੍ਰਧਾਨ ਨਾਲ ਵੀ ਉਨ੍ਹਾਂ ਦੇ ਅਸਲ ਵਿਚ ਮਤਭੇਦ ਦੋ ਸੀਟਾਂ ਉਤੇ ਟਿਕਟ ਨਾ ਮਿਲਣ ਕਾਰਨ ਹੀ ਪੈਦਾ ਹੋਏ ਸਨ।

# ਚੌਰਾਸੀ ਕਤਲੇਆਮ ਦੇ ਪੀੜਤ ਪਰਿਵਾਰਾਂ ਵੱਲੋਂ 'ਆਪ' ਉਮੀਦਵਾਰ ਦੇ ਦਫ਼ਤਰ ਬਾਹਰ ਧਰਨਾ

ਲੁਧਿਆਣਾ, 15 ਜੂਨ (ਚ.ਨ.ਸ): ਚੁਰਾਸੀ ਕਤਲੇਆਮ ਦੇ ਪੀੜਤ ਪਰਿਵਾਰਾਂ ਵੱਲੋਂ 'ਆਪ' ਉਮੀਦਵਾਰ ਸੰਜੀਵ ਅਰੋੜਾ ਦੇ ਦਫ਼ਤਰ ਬਾਹਰ ਦਿੱਤੇ ਜਾਣ ਵਾਲੇ ਧਰਨੇ ਦੇ ਮੱਦੇਨਜ਼ਰ ਪੁਲਿਸ ਨੇ ਅੱਜ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਸਮੇਤ ਕੁਝ ਆਗੂਆਂ ਨੂੰ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ। ਇਸ ਤੋਂ ਦੁਖੀ ਹੋ ਕੇ ਪੀੜਤ ਪਰਿਵਾਰਾਂ ਦੀਆਂ ਪੰਜ ਬੀਬੀਆਂ ਨੇ ਆਤਮਦਾਹ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਉਨ੍ਹਾਂ ਤੋਂ ਤੇਲ ਦੀਆਂ ਕੈਨੀਆਂ ਖੋਹ ਲਈਆਂ। ਘਰ ਵਿੱਚ ਨਜ਼ਰਬੰਦੀ ਬਾਰੇ ਪਤਾ ਲੱਗਣ 'ਤੇ ਸੈਂਕੜਿਆਂ ਦੀ ਗਿਣਤੀ ਵਿੱਚ ਪੀੜਤ ਪਰਿਵਾਰਾਂ ਨੇ ਬੀਬੀ ਗੁਰਦੀਪ ਕੌਰ ਦੇ ਘਰ ਪੁੱਜ ਕੇ ਪੁਲਿਸ ਦਾ ਘਿਰਾਓ ਕੀਤਾ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪੀੜਤ ਪਰਿਵਾਰਾਂ ਵੱਲੋਂ ਆਪਣੇ ਮਸਲੇ ਸਰਕਾਰ ਅੱਗੇ ਰੱਖਣ ਲਈ ਅੱਜ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਦਫ਼ਤਰ ਬਾਹਰ ਧਰਨਾ ਲਗਾਉਣ ਦਾ ਐਲਾਨ ਕੀਤਾ ਗਿਆ



ਸੀ। ਸੀਆਰਪੀਐੱਫ ਕਲੋਨੀ ਸਥਿਤ ਬੀਬੀ ਗੁਰਦੀਪ ਕੌਰ ਦੇ ਘਰ ਸਵੇਰੇ ਕੁਝ ਆਗੂ ਇਕੱਠੇ ਹੋਏ ਤਾਂ ਦੁੱਗਰੀ ਦੀ ਪੁਲਿਸ ਨੇ ਪੁੱਜ ਕੇ ਘਰ ਘੇਰ ਲਿਆ ਤੇ ਆਗੂਆਂ ਨੂੰ ਬਾਹਰ ਨਾ ਆਉਣ ਦਾ ਹੁਕਮ ਦਿੱਤਾ। ਇਸ ਦੌਰਾਨ ਬੀਬੀ ਗੁਰਦੀਪ ਕੌਰ ਦੀ ਅਗਵਾਈ ਹੇਠ ਪੰਜ ਬੀਬੀਆਂ ਆਪਣੇ ਗਲਾਂ ਵਿੱਚ ਟਾਇਰ ਪਾ ਕੇ ਤੇ ਤੇਲ ਦੀਆਂ ਕੈਨੀਆਂ ਲੈ ਕੇ ਘਰੋਂ ਬਾਹਰ ਆਈਆਂ ਤੇ ਉਨ੍ਹਾਂ ਸਰਕਾਰ ਦੇ ਮਾੜੇ ਵਤੀਰੇ ਖ਼ਿਲਾਫ਼ ਆਤਮਦਾਹ ਦੀ ਧਮਕੀ ਦਿੱਤੀ। ਮੌਕੇ 'ਤੇ ਹਾਜ਼ਰ ਏਸੀਪੀ ਦੀ ਅਗਵਾਈ ਹੇਠ ਪੁਲਿਸ ਮੁਲਾਜ਼ਮਾਂ ਨੇ ਤੇਲ ਦੀਆਂ ਕੈਨੀਆਂ ਖੋਹ ਕੇ ਬੀਬੀਆਂ ਨੂੰ ਘੇਰਾ ਪਾ ਲਿਆ। ਬਾਅਦ ਵਿੱਚ ਪੀੜਤ ਪਰਿਵਾਰਾਂ ਨੇ ਦੁੱਗਰੀ ਰੋਡ ਪੁੱਜ ਕੇ ਸਰਕਾਰ ਖ਼ਿਲਾਫ਼ ਧਰਨਾ ਦਿੱਤਾ। ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਨੇ ਦੱਸਿਆ ਕਿ ਬੀਤੀ ਰਾਤ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦੀ ਮੀਟਿੰਗ ਅੱਜ ਮੁੱਖ ਮੰਤਰੀ ਨਾਲ ਕਰਵਾਈ ਜਾਵੇਗੀ ਤੇ ਧਰਨਾ ਨਾ ਦਿੱਤਾ ਜਾਵੇ। ਉਨ੍ਹਾਂ ਵੱਲੋਂ ਸਹਿਮਤੀ ਦਿੱਤੇ ਜਾਣ ਦੇ ਬਾਵਜੂਦ ਅੱਜ ਸਵੇਰੇ ਮੁੱਖ ਮੰਤਰੀ ਨਾਲ ਮੀਟਿੰਗ ਰੱਦ ਕਰ ਦਿੱਤੀ ਗਈ। ਇਸ ਕਾਰਨ ਉਨ੍ਹਾਂ ਧਰਨਾ ਦੇਣ ਦਾ ਫ਼ੈਸਲਾ ਕੀਤਾ ਸੀ ਪਰ ਪੁਲਿਸ ਵੱਲੋਂ ਉਨ੍ਹਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਮਿਲਣ ਦਾ ਸਮਾਂ ਨਾ ਦਿੱਤਾ ਤਾਂ ਸੁਸਾਇਟੀ ਦੀ ਸੂਬਾਈ ਵਰਕਿੰਗ ਕਮੇਟੀ ਦੀ ਮੀਟਿੰਗ ਕਰਕੇ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ। ਇਸ ਤਹਿਤ ਮੁੱਖ ਮੰਤਰੀ ਦੀ ਚੰਡੀਗੜ੍ਹ ਕੋਠੀ ਬਾਹਰ ਧਰਨਾ ਦਿੱਤਾ ਜਾਵੇਗਾ।

# ਸੇਵਾ ਕੇਂਦਰਾਂ 'ਚ ਮਾਲ ਵਿਭਾਗ ਤੇ ਟਰਾਂਸਪੋਰਟ ਵਿਭਾਗ ਦੀਆਂ ਨਵੀਆਂ ਸੇਵਾਵਾਂ ਸ਼ੁਰੂ

ਬਟਾਲਾ, 15 ਜੂਨ (ਜਗੀਰ ਸਿੰਘ ਮੰਡ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਈ-ਗਵਰਨੈਂਸ ਵਿਭਾਗ ਵੱਲੋਂ ਸੇਵਾ ਕੇਂਦਰਾਂ ਵਿੱਚ ਮਾਲ ਵਿਭਾਗ ਦੀਆਂ 6 ਨਵੀਆਂ ਸੇਵਾਵਾਂ ਤੇ ਟਰਾਂਸਪੋਰਟ ਵਿਭਾਗ ਦੀਆਂ 29 ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਈ-ਗਵਰਨੈਂਸ ਵਿੱਚ ਲਗਾਤਾਰ ਤੇਜ਼ੀ ਨਾਲ ਕੰਮ ਕਰਦੇ ਹੋਏ ਸੇਵਾ ਕੇਂਦਰਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਉਨ੍ਹਾਂ ਮਾਲ ਵਿਭਾਗ ਸਬੰਧੀ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਲ ਵਿਭਾਗ ਦੀਆਂ 6 ਨਵੀਆਂ ਸੇਵਾਵਾਂ ਸੇਵਾ ਕੇਂਦਰ ਰਾਹੀਂ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਹੁਣ ਡਿਜੀਟਲ ਫਰਦ ਸੇਵਾ ਕੇਂਦਰਾਂ ਵਿੱਚੋਂ ਲਈ ਜਾ ਸਕਦੀ ਹੈ ਤੇ ਇਹ ਫਰਦ ਬਿਨੈਕਰਤਾ ਦੇ ਫੋਨ 'ਤੇ ਵਟਸਐਪ ਨੰਬਰ 'ਤੇ ਵੀ ਭੇਜੀ ਜਾਵੇਗੀ। ਇਸੇ ਤਰ੍ਹਾਂ ਦੂਜੀ ਸੇਵਾ ਵਿੱਚ ਵਿਰਾਸਤੀ ਇੰਤਕਾਲ ਲਈ ਸੇਵਾ ਕੇਂਦਰ ਵਿੱਚ ਅਰਜ਼ੀ ਦਿੱਤੀ ਜਾ ਸਕਦੀ ਹੈ, ਤੀਜੀ ਸੇਵਾ ਵਿੱਚ ਰਜਿਸਟਰਡ ਵਸੀਕੇ ਦੇ ਆਧਾਰ ਇੰਤਕਾਲ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ, ਚੌਥੀ ਸੇਵਾ ਵਿੱਚ ਫਰਦ ਦੀ ਐਂਟਰੀ ਕਰਵਾਈ ਜਾ ਸਕਦੀ ਹੈ, ਜਿਸ ਵਿੱਚ ਫਰਦ ਦੇ ਰਿਕਾਰਡ ਵਿੱਚ ਦਰੁਸਤੀ ਕਰਵਾਈ ਜਾ ਸਕਦੀ ਹੈ। ਇਸੇ ਤਰ੍ਹਾਂ ਪੰਜਵੀਂ ਸੇਵਾ ਵਿੱਚ ਰਪਟ ਦੀ ਐਂਟਰੀ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ ਜਿਸ ਦੀ ਲੋਨ ਤੇ ਕੋਰਟ ਕੇਸਾਂ ਸਬੰਧੀ ਜ਼ਰੂਰਤ ਪੈਂਦੀ ਹੈ। ਉਨ੍ਹਾਂ ਦੱਸਿਆ ਕਿ ਛੇਵੀਂ ਸੇਵਾ ਵਿੱਚ ਸਬਸਕ੍ਰਿਪਸ਼ਨ ਦੀ ਨਵੀਂ ਸਰਵਿਸ ਦਿੱਤੀ ਗਈ ਹੈ, ਜਿਸ ਵਿੱਚ ਬਿਨੈਕਰਤਾ ਆਪਣਾ ਜ਼ਮੀਨ ਦਾ ਖਾਤਾ ਇੰਟਰ ਕਰਵਾ ਕੇ ਉਸਨੂੰ ਸਕਿਓਰ ਕਰ ਸਕਦਾ ਹੈ ਕਿਉਂਕਿ ਇਸ ਨਾਲ ਬਿਨੈਕਰਤਾ ਦੇ ਫੋਨ 'ਤੇ ਵਟਸੈਪ ਮੈਸੇਜ ਤੇ ਈਮੇਲ ਆਵੇਗੀ ਜੇ ਕੋਈ ਵੀ ਉਨ੍ਹਾਂ ਦੀ ਜ਼ਮੀਨ ਦੇ ਇਸ ਖਾਤੇ ਨਾਲ ਛੇੜਛਾੜ ਕਰਦਾ ਹੈ-ਭਾਵ ਕੋਈ ਟ੍ਰਾਂਜੈਕਸ਼ਨ ਕਰਦਾ ਹੈ -ਤਾਂ ਉਸ ਬਾਰੇ ਪਤਾ ਲੱਗ ਜਾਵੇਗਾ। ਇਸ ਤਰ੍ਹਾਂ ਲੋਕ ਕਿਤੇ ਵੀ ਬੈਠੇ ਆਪਣੀ ਜ਼ਮੀਨ ਦੇ ਰਿਕਾਰਡ ਸਬੰਧੀ ਅੱਪਡੇਟ ਪ੍ਰਾਪਤ ਕਰ ਸਕਣਗੇ।



# ਸਿਮਰਜੀਤ ਸਿੰਘ ਨੇ ਚੋਣ ਉਮੀਦਵਾਰ ਸੰਜੀਵ ਅਰੋੜਾ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

ਗੁਰਦਾਸਪੁਰ, 15 ਜੂਨ (ਜਸਵਿੰਦਰ ਸਿੰਘ): ਸਿਮਰਜੀਤ ਸਿੰਘ ਡਿਸਟ੍ਰਿਕ ਵਾਅਸ ਪ੍ਰਧਾਨ ਟਰੇਡ ਵਿੰਗ ਆਮ ਆਦਮੀ ਪਾਰਟੀ ਗੁਰਦਾਸਪੁਰ ਦੀ ਅਗਵਾਈ ਵਿੱਚ ਲੁਧਿਆਣਾ ਵਿੱਚ ਹੋਣ ਵਾਲੀ ਜ਼ਿਮਨੀ ਚੋਣ ਲਈ ਜਿੱਤ ਦਾ ਦਾਅਵਾ ਕੀਤਾ। ਲੁਧਿਆਣਾ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿੱਚ ਵੋਟ ਪਾਉਣ ਲਈ ਅਪੀਲ ਕੀਤੀ। ਤੇ ਲੁਧਿਆਣਾ ਵਾਸੀਆਂ ਵੱਲੋਂ ਵੀ ਭਰਵਾਂ ਹੁੰਗਾਰਾ ਮਿਲਿਆ। ਉਨ੍ਹਾਂ ਨੇ ਕੇਜਰੀਵਾਲ ਤੇ ਭਗਵੰਤ ਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਹ ਵਧੀਆ ਪਾਰਟੀ ਹੈ ਤੇ ਇਨ੍ਹਾਂ ਦੀ ਜਿੱਤ ਯਕੀਨੀ ਹੈ।



# ਨਗਰ ਕੌਂਸਲ ਨੇ ਸ਼ਹਿਰ ਦੀਆਂ ਨਾਲੀਆਂ ਦੀ ਸਫ਼ਾਈ ਲਈ ਸੂਪਰ ਸੱਕਰ ਮਸ਼ੀਨ ਰਵਾਨਾ ਕੀਤੀ



ਕਾਦੀਆਂ, 15 ਜੂਨ (ਸਲਾਮ ਤਾਰੀ): ਪੰਜਾਬ ਵਿੱਚ ਮਾਨਸੂਨ ਆਉਣ ਤੋਂ ਪਹਿਲਾਂ ਹੀ ਨਗਰ ਕੌਂਸਲ ਕਾਦੀਆਂ ਨੇ ਆਪਣੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਅੱਜ ਨਗਰ ਕੌਂਸਲ ਕਾਦੀਆਂ ਵੱਲੋਂ ਸ਼ਹਿਰ ਦੇ ਨਾਲੀਆਂ ਦੀ ਸਫਾਈ ਲਈ ਸੂਪਰ ਸੱਕਰ ਮਸ਼ੀਨ ਰਵਾਨਾ ਕੀਤੀ ਗਈ। ਨਗਰ ਕੌਂਸਲ ਕਾਦੀਆਂ ਦੀ ਪ੍ਰਧਾਨ ਨੇਹਾ ਨੇ ਇਸ ਮਸ਼ੀਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਿਹਾ ਨੇ ਕਿਹਾ ਕਿ ਹਰ ਸਾਲ ਲੋਕਾਂ ਨੂੰ ਬਰਸਾਤ ਦੇ ਮੌਸਮ ਵਿੱਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਪ੍ਰੇਸ਼ਾਨੀ ਨੂੰ ਦੂਰ ਕਰਨ ਲਈ ਕਮੇਟੀ ਵੱਲੋਂ ਮਤਾ ਪਾਸ ਕਰਕੇ ਇਹ ਕੰਮ ਸ਼ੁਰੂ ਕੀਤਾ ਗਿਆ ਹੈ। ਇਹ ਸਫਾਈ ਦਾ ਕੰਮ ਤਕਰੀਬਨ 12 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤਾ ਜਾਵੇਗਾ। ਇਸ ਮੌਕੇ ਨਗਰ ਕੌਂਸਲ ਦੀ ਪ੍ਰਧਾਨ ਨੇ ਕਿਹਾ ਕਿ ਕੁੱਝ ਦੂਜੀ ਪਾਰਟੀ ਦੇ ਲੋਕ ਇਸ ਮਸ਼ੀਨ ਨਾਲ ਫੋਟੋ ਖਿਚਾ ਕੇ ਮੁਫਤ ਦੀ ਵਾਹ-ਵਾਹੀ ਲੁੱਟ ਰਹੇ ਹਨ ਜਦ ਕਿ ਇਹ ਕੰਮ ਹਲਕਾ ਕਾਦੀਆਂ ਦੇ ਐੱਮ.ਐੱਲ.ਏ. ਪ੍ਰਤਾਮ ਸਿੰਘ ਬਾਜਵਾ ਦੀ ਰਹਿਨੁਮਾਈ ਹੇਠ ਨਗਰ ਕੌਂਸਲ ਵੱਲੋਂ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਜੋਗਿੰਦਰ ਕੁਮਾਰ ਨੰਦੂ, ਗੁਰਬਚਨ ਸਿੰਘ ਕੌਂਸਲਰ, ਪਰਸ਼ੋਤਮ ਲਾਲ ਕੌਂਸਲਰ, ਚੌਧਰੀ ਅਬਦੁਲ ਵਾਸੇ ਕੌਂਸਲਰ, ਮਹਿੰਦਰ ਪਾਲ, ਸੁਸ਼ੀਲ ਕੁਮਾਰ ਅਬਰੋਲ, ਕਮਲਪ੍ਰੀਤ ਸਿੰਘ ਸੈਨੇਟਰੀ ਇੰਚਾਰਜ, ਇੰਦਰਪ੍ਰੀਤ ਸਿੰਘ, ਰੋਹਿਤ ਕੁਮਾਰ ਭਾਟੀਆ, ਗੁਰਬਾਜ ਸਿੰਘ, ਰਾਹੁਲ ਕੁਮਾਰ, ਅਵੀਨਾਸ਼ ਕੁਮਾਰ, ਰੋਣਕੀ ਰਾਮ, ਸੰਜੀਵ ਕੁਮਾਰ, ਡੈਨੀਅਲ, ਸੋਨੂੰ, ਰਾਮ ਨਾਥ, ਪੂਰਨ ਚੰਦ, ਚੌਧਰੀ ਸਪੇਅਰ ਪਾਰਟਸ ਵਾਲੇ ਹਾਜ਼ਰ ਸਨ।

# ਅਹਿਮਦਾਬਾਦ ਜਹਾਜ਼ ਹਾਦਸਾ ਬੇਹੱਦ ਦੁਖਦਾਈ ਘਟਨਾ : ਬੱਦੋਵਾਲ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ ਘੁਮਾਣ, 15 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਡਾ. ਸਰਬਜੀਤ ਸਿੰਘ ਭਿੰਡਰ): ਕਾਂਗਰਸ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸੀਨੀਅਰ ਆਗੂ ਤੇ ਜ਼ਿਲ੍ਹਾ ਜਨਰਲ ਸਕੱਤਰ ਹਰਦੇਵ ਸਿੰਘ ਬੱਦੋਵਾਲ ਨੇ ਬੀਤੇ ਦਿਨ ਅਹਿਮਦਾਬਾਦ 'ਚ ਏਅਰ ਇੰਡੀਆ ਦਾ ਜਹਾਜ਼ ਜੋ ਕਿ ਦਰਦਨਾਕ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਜਹਾਜ਼ ਵਿੱਚ ਸਵਾਰ ਯਾਤਰੀਆਂ, ਜਹਾਜ਼ ਦੇ ਪਾਇਲਟ ਸਮੇਤ ਕ੍ਰੂ ਮੈਂਬਰ ਤੇ ਹੋਸਟਲ ਦੇ ਡਾਕਟਰਾਂ ਸਮੇਤ 265 ਦੇ ਕਰੀਬ ਜਾਨਾਂ ਚਲੀਆਂ ਗਈਆਂ ਸਨ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ 'ਚ ਮੇਰੀਆਂ ਸੰਵੇਦਨਾਵਾਂ ਸਾਰੇ ਪੀੜਤ ਪਰਿਵਾਰਾਂ ਨਾਲ ਹਨ। ਉਨ੍ਹਾਂ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਪੰਜਾਬ ਦੇ ਇੰਚਾਰਜ ਵਿਜੇ ਰੂਪਾਨੀ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ, ਜਿਨ੍ਹਾਂ ਦੀ ਅਹਿਮਾਦਾਬਾਦ ਜਹਾਜ਼ ਹਾਦਸੇ 'ਚ ਮੌਤ ਹੋ ਗਈ ਹੈ। ਉਨ੍ਹਾਂ ਹਾਦਸੇ ਦਾ ਸ਼ਿਕਾਰ ਹੋਣ ਵਾਲੇ ਜ਼ਖ਼ਮੀਆਂ ਦੇ ਜਲਦੀ ਸਿਹਤਮੰਦ ਹੋਣ ਦੀ ਕਾਮਨਾ ਕੀਤੀ ਤੇ ਪਰਮਾਤਮਾ ਅੱਗੇ ਅਰਦਾਸ ਕੀਤੀ। ਉਹ ਇਸ ਘਟਨਾ ਵਿਚ ਜਾਨਾਂ ਗੁਆਉਣ ਵਾਲਿਆਂ ਦੀਆਂ ਆਤਮਾਵਾਂ ਨੂੰ ਸ਼ਾਂਤੀ ਪੀੜਤਾਂ ਦੇ ਪਰਿਵਾਰਾਂ ਨੂੰ ਇਸ ਘਾਟੇ ਨੂੰ ਸਹਿਣ ਕਰਨ ਦੀ ਪ੍ਰਮਾਤਮਾ ਤਾਕਤ ਬਖਸ਼ੇ।



# ਕਾਦੀਆਂ ਮੰਡਲ 'ਚ ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਗੁਲਸ਼ਨ ਵਰਮਾ ਦੀ ਅਗਵਾਈ 'ਚ ਬੈਠਕ



ਕਾਦੀਆਂ, 15 ਜੂਨ (ਸਲਾਮ ਤਾਰੀ/ਸਿਕੰਦਰ ਸੰਧੂ): ਅੱਜ ਕਾਦੀਆਂ ਮੰਡਲ ਵਿੱਚ ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਗੁਲਸ਼ਨ ਵਰਮਾ ਦੀ ਅਗਵਾਈ ਵਿੱਚ ਅਸ਼ਵਨੀ ਵਰਮਾ ਦੇ ਨਿਵਾਸ ਸਥਾਨ 'ਤੇ ਵਿਸ਼ੇਸ਼ ਬੈਠਕ ਹੋਈ। ਜਿਸ ਵਿੱਚ ਬੀਜੇਪੀ ਦੇ ਮੰਡਲ ਜਨਰਲ ਸੈਕਟਰੀ ਰਹਿ ਚੁੱਕੇ ਅਸ਼ਵਨੀ ਵਰਮਾ ਕੁਝ ਸਮੇਂ ਤੋਂ ਬੀਜੇਪੀ ਵਿੱਚ ਕਿਸੇ ਕਾਰਨ ਕਰਕੇ ਨਜ਼ਰ ਨਹੀਂ ਆ ਰਹੇ ਸਨ, ਜਿਸ ਕਰਕੇ ਅੱਜ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਧਰਮ ਪਤਨੀ ਅਤੇ ਬਾਕੀ ਪਰਿਵਾਰ ਨੂੰ ਕਾਦੀਆਂ ਦੀ ਸੀਨੀਅਰ ਲੀਡਰਸ਼ਿਪ ਸਾਬਕਾ ਮੰਡਲ ਪ੍ਰਧਾਨ ਅਸ਼ੋਕ ਪੰਡਿਤ, ਸਾਬਕਾ ਮੰਡਲ ਪ੍ਰਧਾਨ ਵਰਿੰਦਰ ਖੋਸਲਾ, ਸਾਬਕਾ ਮੰਡਲ ਪ੍ਰਧਾਨ ਜੋਗਿੰਦਰ ਪਾਲ, ਗੁਰਜੀਤ ਕੁਮਾਰ, ਅਸ਼ੋਕ ਨਈਅਰ ਤੇ ਹੋਰ ਬੀਜੀਪੀ ਦੇ ਅਨੇਕਾਂ ਹੀ ਕਾਰਜ ਕਰਤਾਵਾਂ ਨਾਲ ਅਸ਼ਵਨੀ ਦੀ ਘਰ ਵਾਪਸੀ ਹੋਈ। ਜਿੱਥੇ ਕਿ ਕੁਲਵਿੰਦਰ ਕੌਰ ਜ਼ਿਲ੍ਹਾ ਉਪ-ਪ੍ਰਧਾਨ ਗੁਰਦਾਸਪੁਰ ਵੱਲੋਂ ਅਸ਼ਵਨੀ ਤੇ ਪਰਿਵਾਰ ਨੂੰ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

# ਬੀਬੀਆਂ ਦੇ ਜਥੇ ਨੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਚੜ੍ਹਦੀਕਲਾ ਦੀ ਅਰਦਾਸ ਬੇਨਤੀ ਕੀਤੀ

ਭੋਗਪੁਰ, 15 ਜੂਨ (ਅਮਰਜੀਤ ਸਿੰਘ ਸੈਣੀ ਜੰਡੀਰ): ਗੁਰਦੁਆਰਾ ਸ੍ਰੀ ਨਦੋਣ ਸਾਹਿਬ ਅੰਬ ਸ਼ਹਿਰ ਤੋਂ 40 ਕਿਲੋਮੀਟਰ ਦੀ ਦੂਰੀ 'ਤੇ ਗੁਰਦੁਆਰਾ ਸਾਹਿਬ ਸਥਿਤ ਹੈ, ਸੰਗਤਾਂ ਨੂੰ ਇਸ ਸਥਾਨ ਦੀ ਬਹੁਤ ਘੱਟ ਜਾਣਕਾਰੀ ਹੋਣ ਕਰਕੇ ਇਸ ਸਥਾਨ 'ਤੇ ਸੰਗਤਾਂ ਘੱਟ ਗਿਣਤੀ ਵਿੱਚ ਪਹੁੰਚਦੀਆਂ ਹਨ। ਅੱਜ ਇਥੋਂ ਦੇ ਹੈੱਡ ਗ੍ਰੰਥੀ ਸਿਮਰਨਜੀਤ ਜੋ ਕਿ ਪੰਜਾਬ ਟਾਂਡੇ ਦੇ ਰਹਿਣ ਵਾਲੇ ਹਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ 8 ਦਿਨ ਇਸ ਸਥਾਨ 'ਤੇ ਠਹਿਰੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਲਾਸਪੁਰ ਦੇ ਰਾਜਾ ਭੀਮ ਚੰਦ ਦੀ ਬੇਨਤੀ ਨੂੰ ਸਵੀਕਾਰ ਕੀਤਾ ਸੀ ਤੇ ਰਾਜਿਆਂ ਦੀ ਮਦਦ ਕਰਨ ਵਾਸਤੇ ਮੁਗਲ ਸੈਨਾਪਤੀ ਅਲਫ ਖਾਂ ਦੇ ਵਿਰੁੱਧ 1690 ਈਸਵੀ ਵਿੱਚ ਜੰਗ ਲੜੀ ਤੇ ਅਲਫ ਖਾਨ ਨੂੰ ਇਥੋਂ ਭਜਾ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੰਗ ਜਿੱਤ ਕੇ ਇਸ ਸਥਾਨ ਤੋਂ ਇੱਕ ਤੀਰ ਛੱਡਿਆ ਸੀ ਅਤੇ ਉਹ ਤੀਰ ਇੱਥੋਂ 5 ਕਿਲੋਮੀਟਰ ਦੂਰੀ 'ਤੇ ਜਾ ਕੇ ਡਿੱਗਿਆ ਸੀ, ਉਸ ਸਥਾਨ ਨੂੰ ਫਤਿਹ ਪੁਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਵਾਪਸ ਚਲੇ ਗਏ ਤੇ ਇਸ ਜੰਗ ਦਾ ਜ਼ਿਕਰ ਬਚਿੱਤਰ ਨਾਟਕ ਵਿੱਚ ਵੀ ਕੀਤਾ ਗਿਆ ਹੈ। ਅੱਜ ਇਸ ਅਸਥਾਨ 'ਤੇ ਭੋਗਪੁਰ ਤੋਂ ਪਹੁੰਚਿਆ ਬੀਬੀਆਂ ਦਾ ਜੱਥੇ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਗੁਰੂ ਸਾਹਿਬ ਦੇ ਚਰਨਾਂ ਵਿੱਚ ਚੜ੍ਹਦੀਕਲਾ ਦੀ ਅਰਦਾਸ ਬੇਨਤੀ ਕੀਤੀ। ਇਸ ਮੌਕੇ 'ਤੇ ਸੁਖਵਿੰਦਰ ਸਿੰਘ ਸਾਂਘਾ, ਹਰਪਾਲ ਸਿੰਘ ਸੈਣੀ, ਗੁਰਦੀਪ ਸਿੰਘ ਸੈਣੀ, ਅੰਮ੍ਰਿਤ ਪਾਲ ਸਿੰਘ ਜੰਡੀਰ, ਅਮਰਜੀਤ ਸਿੰਘ, ਜਗਜੀਤ ਸਿੰਘ ਜੱਟ, ਨੀਤੂ, ਸੋਨੀਆ, ਸੁਖਵਿੰਦਰ ਕੌਰ, ਗਗਨ ਆਦਿ ਹਾਜ਼ਰ ਸਨ।



# ਏਅਰ ਇੰਡੀਆ ਜਹਾਜ਼ ਹਾਦਸੇ 'ਤੇ 'ਆਪ' ਆਗੂ ਬੱਬਲੂ ਟੀਵੀਐੱਸ ਘੁਮਾਣ ਨੇ ਜਤਾਇਆ ਗਹਿਰਾ ਦੁੱਖ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 15 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਬੀਤੇ ਦਿਨੀਂ ਅਹਿਮਦਾਬਾਦ ਵਿਖੇ ਹੋਏ ਭਿਆਨਕ ਏਅਰ ਇੰਡੀਆ ਜਹਾਜ਼ ਹਾਦਸੇ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਹਾਦਸੇ ਨੇ ਕਈ ਕੀਮਤੀ ਜਾਨਾਂ ਨੂੰ ਨਿਗਲ ਲਿਆ ਹੈ। ਸੌ ਸੈਂਕੜੇ ਪਰਿਵਾਰ ਦੀਆਂ ਜ਼ਿੰਦਗੀਆਂ ਅਜਾਈਂ ਚਲੀਆਂ ਗਈਆਂ ਹਨ, ਜਿਸ ਨੇ ਲੋਕਾਂ ਵਿੱਚ ਸਹਿਮ ਪੈਦਾ ਕਰ ਦਿੱਤਾ ਹੈ। ਇਸ ਦਰਦ ਭਰੇ ਹਾਦਸੇ 'ਤੇ 'ਆਪ' ਦੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸੀਨੀਅਰ ਆਗੂ ਰਾਜਵਿੰਦਰ ਸਿੰਘ ਬਬਲੂ ਟੀਵੀਐੱਸ ਘੁਮਾਣ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਹਿਰਾ ਦੁੱਖ ਪ੍ਰਗਟ ਕਰਦਿਆਂ ਇਸ ਨੂੰ ਮਾਨਤਾ ਲਈ ਇੱਕ ਵੱਡੀ ਤਬਾਹੀ ਕਰਾਰ ਦਿੱਤਾ ਹੈ। ਬਬਲੂ ਟੀਵੀਐੱਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਾਦਸਾ ਕੇਵਲ ਏਅਰ ਇੰਡੀਆ ਦੀ ਉਡਾਣ ਦੀ ਅਸਫਲਤਾ ਨਹੀਂ ਸੀ ਸਗੋਂ ਇਹ ਪੂਰੇ ਹਵਾਈ ਯਾਤਰਾ ਪ੍ਰਣਾਲੀ ਉੱਤੇ ਸਵਾਲ ਚੁੱਕਣ ਵਾਲੀ ਘਟਨਾ ਹੈ। ਇੰਨੀਆਂ ਜਾਨਾਂ ਦੀ ਹਾਨੀ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਮਾਮਲਾ ਸਿਰਫ ਸਗੋਂ ਭਾਰਤੀਆਂ ਦੀ ਮੌਤ ਨਾਲ ਨਹੀਂ ਸਗੋਂ ਹਰ ਨਾਗਰਿਕ ਦੀ ਸੁਰੱਖਿਆ ਨਾਲ ਜੁੜਿਆ ਹੈ। ਉਨ੍ਹਾਂ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਪੀੜਤ ਪਰਿਵਾਰਾਂ ਪ੍ਰਤੀ ਹਮਦਰਦੀ ਜਤਾਈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸੰਭਵ ਮਦਦ ਲਈ ਪੀੜਤ ਪਰਿਵਾਰਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਇਹ ਸਮਾਂ ਰਾਜਨੀਤਿਕ ਤੇ ਨੁਕਤਾ ਚੀਨੀ ਦੀ ਗੱਲ ਕਰਨ ਦਾ ਨਹੀਂ ਸਗੋਂ ਪੀੜਤ ਪਰਿਵਾਰਾਂ ਲਈ ਹਮਦਰਦੀ ਤੇ ਸਹਿਯੋਗ ਵਿਖਾਉਣ ਵਾਲਾ ਹੈ। ਆਖਿਰ ਵਿੱਚ ਬਬਲੂ ਟੀਵੀਐੱਸ ਨੇ ਕਿਹਾ ਕਿ ਇਹ ਸਮਾਂ ਪੀੜਤ ਪਰਿਵਾਰਾਂ ਨੂੰ ਹੌਸਲਾ ਦੇਣ ਦਾ ਬਣਦਾ ਹੈ। ਮੈਂ ਹਰ ਭਾਰਤ ਨੂੰ ਅਪੀਲ ਕਰਦਾ ਹਾਂ ਕਿ ਹਾਦਸੇ ਵਿੱਚ ਜਾਨ ਗਵਾਉਣ ਵਾਲਿਆਂ ਲਈ ਦੁਆ ਕਰੋ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਖੜ੍ਹੇ ਹੋਵੋ ਤੇ ਕੇਂਦਰ ਸਰਕਾਰ ਨੂੰ ਦਬਾਅ ਪਾਓ ਕਿ ਆਪਣਾ ਫਰਜ਼ ਨਿਭਾਏ। ਉਨ੍ਹਾਂ ਇਸ ਹਾਦਸੇ ਵਿੱਚ ਜਾਨਾਂ ਗਵਾਉਣ ਵਾਲੇ ਨਾਗਰਿਕਾਂ ਦੀ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਉਨ੍ਹਾਂ ਪ੍ਰਮਾਤਮਾ ਅੱਗੇ ਇਹ ਵੀ ਅਰਦਾਸ ਕੀਤੀ ਕਿ ਵਾਹਿਗੁਰੂ ਇਸ ਹਾਦਸੇ ਵਿੱਚ ਜ਼ਖ਼ਮੀ ਹੋਏ ਨੌਜਵਾਨ ਨੂੰ ਜਲਦੀ ਤੋਂ ਜਲਦੀ ਤੰਦਰੁਸਤੀ ਬਖਸ਼ਣ।



# ਸਾਲਾਨਾ ਸਭਿਆਚਾਰਕ ਮੇਲਾ ਕਰਵਾਇਆ



ਬਟਾਲਾ/ਊਧਨਵਾਲ, 15 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਸੁਖਅੰਮ੍ਰਿਤ ਸਿੰਘ ਸੋਨੂੰ ਘੁਮਾਣ/ਡਾ. ਸਰਬਜੀਤ ਸਿੰਘ ਭਿੰਡਰ): ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪਿੰਡ ਕੰਡੀਲਾ ਵਿਖੇ ਅੱਜ ਬਾਬਾ ਬੇਰਾਗੇ ਸ਼ਾਹ ਜੀ ਦੇ ਦਰਗਾਹ ਉੱਪਰ ਸਾਲਾਨਾ ਸਭਿਆਚਾਰਕ ਤੇ ਖੇਡ ਮੇਲਾ ਕਰਵਾਇਆ ਗਿਆ। ਇਸ ਸਭਿਆਚਾਰਕ ਮੇਲਾ ਵਿੱਚ ਪੰਜਾਬ ਦੇ ਮਸ਼ਹੂਰ ਨਾਮਵਰ ਪੰਜਾਬੀ ਗਾਇਕ ਅਮਰ ਅਰਸ਼ੀ ਤੇ ਨਰਿੰਦਰਜੀਤ ਨੇ ਪੰਜਾਬੀ ਗੀਤਾਂ ਰਾਹੀਂ ਆਪਣੇ ਸਰੋਤਿਆਂ ਦਾ ਮੋਨਰੋਜਨ ਕੀਤਾ। ਇਸ ਸਭਿਆਚਾਰਕ ਖੇਡ ਮੇਲੇ ਵਿੱਚ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸੀਨੀਅਰ ਆਗੂ ਤੇ ਸਾਬਕਾ ਆਬਜ਼ਰਵਰ ਡਾ. ਕਮਲਜੀਤ ਸਿੰਘ ਕੇ.ਜੇ. ਨੇ ਉਚੇਚੇ ਤੌਰ 'ਤੇ ਆਪਣੀ ਟੀਮ ਸਮੇਤ ਮੇਲੇ ਦਾ ਆਨੰਦ ਮਾਣਿਆ। ਇਸ ਮੌਕੇ 'ਤੇ ਡਾ. ਕੇ.ਜੇ. ਨੇ ਆਖਿਆ ਕਿ ਸਾਨੂੰ ਆਪਣੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨੂੰ ਬਚਾਉਣ ਲਈ ਹਰ ਪਿੰਡ ਵਿੱਚ ਸੱਭਿਆਚਾਰਕ ਮੇਲੇ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਸਮੂਹ ਸੱਭਿਆਚਾਰਕ ਮੇਲਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਮੇਟੀ ਦਾ ਬਹੁਤ ਵਧੀਆ ਉਪਰਾਲਾ ਹੈ। ਇਸ ਮੌਕੇ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਡਾ. ਕੇ.ਜੇ. ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮੇਲਾ ਕਮੇਟੀ ਦੇ ਪ੍ਰਧਾਨ ਜਗਤਾਰ ਸਿੰਘ ਕੰਡੀਲਾ, ਲੱਕੀ ਭੁੱਲਰ ਕੰਡੀਲਾ, ਵਿੱਕੀ ਭੁੱਲਰ ਕੰਡੀਲਾ, ਮਲਕੀਤ ਸਿੰਘ ਕੰਡੀਲਾ, ਸੁਖਦੇਵ ਸਿੰਘ ਕੰਡੀਲਾ, ਹੀਰਾ ਸਿੰਘ ਕੰਡੀਲਾ, ਜਸਪਾਲ ਸਿੰਘ ਕੰਡੀਲਾ ਸਤਨਾਮ ਸਿੰਘ ਕੰਡੀਲਾ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਜੱਚੇ-ਬੱਚੇ ਦੀ ਮੌਤ ਦਰ ਨੂੰ ਘਟਾਉਣ ਲਈ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਨੇ: ਡੀ.ਸੀ.

ਗੁਰਦਾਸਪੁਰ, 15 ਜੂਨ (ਜਗੀਰ ਸਿੰਘ ਮੰਡ): ਸਿਹਤ ਮੰਤਰੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤੇ ਡਾਇਰੈਕਟਰ ਸਿਹਤ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਗਰਭਵਤੀ ਮਾਵਾਂ ਦੀ ਦੇਖਭਾਲ ਤੇ ਪਰਿਵਾਰ ਨਿਯੋਜਨ ਵਿਸ਼ੇ 'ਤੇ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫਸਰਾਂ ਦੀ ਇੱਕ ਦਿਨਾ ਟ੍ਰੇਨਿੰਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ। ਇਸ ਟ੍ਰੇਨਿੰਗ ਵਿੱਚ ਗਰਭਵਤੀ ਮਾਵਾਂ ਦੀ ਦੇਖਭਾਲ ਤੇ ਪਰਿਵਾਰ ਨਿਯੋਜਨ ਨਾਲ ਜੁੜੇ ਪ੍ਰੋਗਰਾਮਾਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਮਾਵਾਂ ਦੀ ਮੌਤ ਦਰ ਨੂੰ ਘਟਾਉਣ ਲਈ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਥਾਗਤ ਜਣੇਪੇ ਨੂੰ ਵਧਾਇਆ ਜਾ ਰਿਹਾ ਹੈ। ਸਮੂਹ ਸਿਹਤ ਸੰਸਥਾਵਾਂ ਜਿੱਥੇ ਜਣੇਪਾ ਹੁੰਦਾ ਹੈ, ਉੱਥੇ ਕੁਸ਼ਲ ਸਟਾਫ ਦੇ ਨਾਲ ਵਧੀਆ ਸਮਾਨ ਤੇ ਦਵਾਈਆਂ ਉਪਲਬਧ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਜਣੇਪਾ ਮੁਫ਼ਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਸਮੂਹ ਸਟਾਫ ਕਿਸੇ ਵੀ ਐਮਰਜੈਂਸੀ ਹਾਲਾਤਾਂ ਨਾਲ ਨਜਿੱਠਣ ਦੇ ਕਾਬਲ ਹੈ। ਘਰ ਵਿੱਚ ਅਜਿਹੀ ਸੁਵਿਧਾ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਘਰ ਵਿੱਚ ਜਣੇਪਾ ਗਰਭਵਤੀ ਮਾਂ ਤੇ ਨਵਜੰਮੇ ਬੱਚੇ ਦੀ ਮੌਤ ਦਾ ਕਾਰਨ ਬਣ ਸਕਦਾ ਹੈ, ਇਸ ਲਈ ਅਜਿਹਾ ਨਹੀਂ ਕਰਨਾ ਚਾਹੀਦਾ। ਟ੍ਰੇਨਿੰਗ ਦੌਰਾਨ ਸਮੂਹ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫਸਰਾਂ ਨੂੰ ਗਰਭਵਤੀ ਮਾਵਾਂ ਦੀ ਦੇਖਭਾਲ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਇਨ੍ਹਾਂ ਡਾਕਟਰਾਂ ਨੂੰ ਸਲਾਹ ਦਿੱਤੀ ਗਈ ਕਿ ਗਰਭਵਤੀ ਮਾਵਾਂ ਨੂੰ ਆ ਰਹੀ ਮੁਸ਼ਕਿਲ 'ਤੇ ਤੁਰੰਤ ਟੈਲੀਮੈਡੀਸਨ ਰਾਹੀਂ ਜਨਾਨਾਂ ਰੋਗਾਂ ਦੇ ਮਾਹਿਰ ਤੋਂ ਰਾਏ ਲਈ ਜਾਵੇ। ਇਸ ਮੌਕੇ 'ਤੇ ਡਾ. ਅੰਕੁਰ ਕੌਸ਼ਲ, ਡਾ. ਪ੍ਰੀਤੀ ਅਤਰੀ, ਬੀ.ਈ.ਈ. ਹਰਪ੍ਰੀਤ ਸਿੰਘ ਹਾਜ਼ਰ ਸਨ।



## ਸਿਰਲੇਖਵਾਰ ਇਸ਼ਤਿਹਾਰ/Classified Advertisements

**In the Court of Sh. RaviPal Singh, PCS, Addl. Civil Judge (Sr. Divn.)-Cum-SDJM, Batala**
CNR No. PBGDA0-000980-2024
Next Date: 24.07.2025
Regd. No. CS/685/2024
1. Jagir Singh S/o Swaran Singh, R/o Village Udhanwal, Teh. Batala, Distt. Gurdaspur Punjab-143505
Versus
1.Harjit Singh S/o Swaran Singh, R/o Village Udhanwal, Teh. Batala, Distt. Gurdaspur Punjab-143505 2. Kashmir Singh S/o Piara Singh R/o Village Udhanwal, Teh. Batala, Distt. Gurdaspur Punjab-143505 3. Gurmeet Singh S/o Prem Chand, R/o Village Ajaypur Tanda, Distt. Hoshiarpur. 4. Tarlok Chand S/o Daya Ram S/o Karam Chand R/o Village Salowal, Teh. Batala Distt. Gurdaspur
Notice to: 3. Gurmeet Singh S/o Prem Chand R/o Village Aiyapur Tanda, Distt. Hoshiarpur. 4. Tarlok Chand S/o Daya Ram S/o Karam Chand R/o Village Salowal, Teh. Batala Distt. Gurdaspur
In above titled case the respondent(s) could not be served. It is ordered that respondent(s) should appear in person or through counsel on 24.07.2025 at 10:00 A.M.
**Sd/- Addl. Civil Judge (Sr. Divn.)-Cum-SDJM, Batala. 10/06/2025**

---

**(U/o 5 Rule 20 CPC)**
**In the Court of Ms. Simranpreet Kaur Civil Judge Junior Division-5,Rajpura,**
CNR No. PBPTA0-001082-2021
Next Date: 24.07.2025
Canara Bank
Versus
Anita Rani
**Suit For Recovery**
Notice to:Defendant No.1- Anita Rani W/o Parvesh Kumar R/o Guru Amardass Colony, Teh. Rajpura Distt. Patiala, Defendant No.2- Veena Rani w/o Naresh Kumar R/o Chistian wala Mohalla, Rajpura, Teh. Rajpura, Distt. Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 24.07.2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 31.05.2025
**Sd/- Civil Judge Jr. Divn.-5, Rajpura.**

---

**(U/o 5 Rule 20 CPC)**
**In the Court of Sh. Akbar Khan Additional Civil Judge (Senior Divn.), Guruharsahai**
CNR No. PBFZD0-000016-2024
Next Date: 21.07.2025
Punjab and Sind Bank Branch office at Guruharsahai through its principal officer Gurjit Singh
Versus
Satnam Singh
Notice to : Satnam Singh S/o Anokh Singh R/o Village Chak Shikargarh Teh. Guruharsahai,Distt.Ferozepur
In above titled case the defendant(s)/respondent(s)could not be served. It is ordered that defendant(s)/respondent(s)should appear in person or through counsel on 21.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09.06.2025
**Sd/- Addl. Civil Judge (Sr. Divn.), Guruharsahai**

---

**(U/o 5 Rule 20 CPC)**
**In the Court of Ms. Priyanka Sondhi Civil Judge Junior Divn.-3, Phagwara**
CNR No. PBKPA0-000499-2024
Next Date: 21.07.2025
Pushpa Rani d/o Bhagat Ram S/o Ragja Ram aged about 47 years W/o Baldev Raj, R/o Village baghana, tehsil, tehsil phagwara, district kapurthala
Versus
Kaur Chand S/o Bhagat Ram S/o Raja Ram R/o Village baghana, Tehsil phagwara, district kapurthala and others
**Suit for partition and permanent injunction**
Notice to: 1.Kaur Chand S/o Bahagat Ram S/o Raja Ram, 2. Om Parkash S/o Bhagat Ram S/o Raja Ram, 3. Parshotam Lal S/o Bhagat Ram S/o Raja Ram, 4. Husan Lal S/o Bhagat Ram S/o Raja Ram, 12. Faqir Chand S/o Raja Ram, 17. Malkit Singh S/o Dalip Singh, All Rs/o Village Baghana, Tehsil Phagwara, District Kapurthala.
In above titled case the defendant(s)/respondent(s)could not be served. It is ordered that defendant(s)/respondent(s)should appear in person or through counsel on 21.07.2025 at 10:00 A.M.
For details logon to https://highcourtchd.gov.in/?mod=district_notice&district=Kapurthala.
Dated, this day of 09.06.2025
**Sd/- Civil Judge Jr. Divn.-3, Phagwara.**

---

**(U/o 5 Rule 20 CPC)**
**In the Court of Ms. Himanshi Galhotra Additional Civil Judge Senior Division-1, Fazilka.**
CNR No. PBFZC1-000579-2025
Next Date: 21.07.2025
Gagandeep Kaur
Versus
General Public
Notice to: General Public, Fazilka: Fazilka.
In above titled case the defendant(s)/respondent(s)could not be served. It is ordered that defendant(s)/respondent(s)should appear in person or through counsel on 21.07.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 02.06.2025
**Sd/- Addl. Civil Judge Sr. Divn.-1, Fazilka.**

---

**(U/o 5 Rule 20 CPC)**
**In the Court of Sh. Amandeep Singh, Civil Judge (Senior Division), Tarn Taran.**
**Next Date, Purpose of case, orders and judgments as well as other case information is available on http://districts.ecourts.gov.in**
CNR No. PBTT02-000499-2025
Next Date: 24.07.2025
Sharanjit Madaan (Widow)
Versus
General Public
Notice to: General Public: Tarn Taran.
In above titled case the defendant(s)/respondent(s)could not be served. It is ordered that defendant(s)/respondent(s)should appear in person or through counsel on 24.07.2025 at 10:00 A.M.
For details logon to https://highcourtchd.gov.in/?trs=district_notice&district=Tarn Taran.
Dated, this day of 06.06.2025
**Sd/- Civil Judge (Sr. Divn.), Tarn Taran.**

---

**(U/o 5 Rule 20 CPC)**
**In the Court of Sh. Muneesh Arora, Additional District and Sessions Judge-2, Moga.**
CNR No. PBMO01-004715-2023
Next Date: 19.07.2025
Punjab State Civil Supplies Corporation Ltd.
Versus
M/s Mukhtiar Singh and Sons
Notice to: M/s Mukhtiar Singh and Sons: Patto Road, Nihal Singh Wala, Distt. Moga through its Prop.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19. 07.2025 at 10:00 A.M.
For details logon to https://www.highcourtchd.gov.in?mod=district_notice&district=mogacourt
Dated, this day of 06.06.2025
**Sd/- Addl. District and Sessions Judge-2, Moga.**

---

**(U/o 5 Rule 20 CPC)**
**In the Court of Sh. Akbar Khan Additional Civil Judge (Senior Division), Guruharsahai.**
CNR No. PBFZD0-000135-2025
Next Date: 21.07.2025
State Bank of India Branch office at Bank Street, Guruharsahai, Tehsil Guruharsahai, Distt. Ferozepur.
Versus
Dhano Devi
**Cs3772023**
Notice to: 1. Dhano Devi deceased W/o Lal Bahdar through legal heir Kamal Kumar S/o Rajesh Kumar, H. No. 214, Ward No. 14, Railway Basti, Guruharsahai, 2. Kamal Kumar S/o Rajesh Kumar, R/o H. No. 214, Ward No. 14, Railway Basti, Guruharsahai, Distt. Ferozepur.
In above titled case the defendant(s)/respondent(s)could not be served. It is ordered that defendant(s)/respondent(s) should appear in person or through counsel on 21.07.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 21.05.2025
**Sd/- Addl. Civil Judge (Sr. Divn.), Guruharsahai.**

---

**In the Court of Sh. Abhay Rajan Shukla Judicial Magistrate 1st Class-3**
CNR No. PBSA03-005589-2024
Next Date:- 31.07.2025
NACT 525/2024
WG. CDR Tejinder Singh
Versus
M/s Iqbal Batteries
Notice to: 1. M/s Iqbal Batteries through its Authorized Signatory Inderjit Singh Bay Shop No. 104, Sector 7-C, Chandigarh, Mobile-9915228313, 2. Inderjit Singh, Authorised Signatory M/s Iqbal Batteries, Bay Shop No. 104, Sector 7/C, Chandigarh, Mobile No. 9915228313
In above titled case the accused could not be served. It is ordered that accused should appear in person or through counsel on 31.07.2025 at 10:00 A.M.
For details logon to https://highcourtchd.gov.in/?mod=district_notice&district=mogacourt.
Dated, this day of 12.06.2025
**Sd/- JMIC-3**

---

**(U/o 5 Rule 20 CPC)**
**In the Court of Sh. Akbar Khan, Additional Civil Judge (Senior Division) Guruharsahai.**
CNR No. PBFZD0-000551-2021
Next Date: 22.07.2025
Cs 380/2021
Pardeep Kumar S/o Rekha Rani D/o Om Parkash and W/o Rajinder Kumar, R/o Village House No. 1869, Gopal Nagar, Bangali Gate, Majitha Road, Amritsar.
Versus
Chaman Lal Mehta
Notice to: 3. Manohar Lal Mehta (since deceased) S/o Kashmiri Lal through its Legal heirs: a) Surinder Kaur (since deceased) Wd/o Manohar Lal, b) Anil Mehta S/o Manohar Lal, c) Pardeep S/o Manohar Lal All R/o Village Shashtri Nagar Nan, Gali Ashram Wali, Mandi Gobindgarh, Tehsil Amloh, District Fatehgarh Sahib, d) Sonia Rani daughter of Manohar Lal, e) Puja Rani daughter of Manohar Lal Both R/o 238, Sector 4-C, Shashtri Nagar, Mandi gobindgarh, Tehsil Amloh District Fatehgarh Sahib, 5. Roshan Lal (since deceased) son of Kashmiri Lal son of Ranjha Mal R/o Veer Nagar, Church Wali Gali, Ferozepur city through his Lr: d) Mamta Rani daughter of Roshan Lal and wife of Sushil Kumar R/o Gora Mohalla, Talwandi Road, Zira, Tehsil Zira District Ferozepur, 6. Rekha Rani daughter of Om Parkash S/o Kashmiri Lal and wife of Rajinder Kumar son of Des Raj R/o House No. 1869, Gopal Nagar, Bengali Gate, Majitha Road Amritsar.
In above titled case the defendant(s)/respondent(s)could not be served. It is ordered that defendant(s)/respondent(s)should appear in person or through counsel on 22.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 11.06.2025
**Sd/- Addl. Civil Judge (Sr. Divn.), Guruharsahai.**

## ਡਿੱਗੇ ਦਰੱਖਤਾਂ ਦੀ ਬੋਲੀ

ਗ੍ਰਾਮ ਪੰਚਾਇਤ ਠਸਕਾ ਵੱਲੋਂ ਹਰ ਇਕ ਆਮ ਅਤੇ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੇ ਦਿਨੀਂ ਆਏ ਮੀਂਹ-ਝੱਖੜ ਕਾਰਨ ਛੱਪੜ 'ਤੇ ਲੱਗੇ ਦਰੱਖਤ ਡਿਗ ਪਏ ਸਨ। ਜਿਨ੍ਹਾਂ ਦੀ ਬੋਲੀ 17.06.2025 ਦਿਨ ਬੁੱਧਵਾਰ ਨੂੰ ਸਵੇਰੇ10 ਵਜੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਗਰਾਊਂਡ ਵਿਚ ਰੱਖੀ ਗਈ ਹੈ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਚਾਹਵਾਨ ਵਿਅਕਤੀ ਨੋਟ ਕਰਨ।

**ਵੱਲੋਂ - ਸਰਪੰਚ/ਗ੍ਰਾਮ ਪੰਚਾਇਤ ਠਸਕਾ, ਬਲਾਕ ਅਨਦਾਨਾ ਐਟ ਮੂਨਕ , ਫੋਨ ਨੰ. 7087227581**

## ਆਮ ਸੂਚਨਾ

ਰਾਮ ਤੀਰਥ ਉਰਫ਼ ਰਾਮ ਤੀਰਥ ਭਾਰਦਵਾਜ ਪੁੱਤਰ ਸ਼੍ਰੀ ਸੰਤ ਰਾਮ, ਵਾਸੀ ਮ. ਨੰ. 316 ਗਲੀ ਨੰ. 3 ਦਰਸ਼ਨ ਸਿੰਘ ਨਗਰ ਪਟਿਆਲਾ ਪੰਜਾਬ ਭਵਿੱਖ ਵਿਚ ਰਾਮ ਤੀਰਥ ਦੇ ਨਾਮ ਨਾਲ ਜਾਣਿਆ ਜਾਵੇਗਾ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

-ਇਸ਼ਤਿਹਾਰ ਮੈਨੇਜਰ

# ਸੰਜੀਵ ਅਰੋੜਾ ਦੀ ਚੋਣ ਮੁਹਿੰਮ ਦੇ ਸਮਰਥਨ 'ਚ 'ਪੰਜਾਬ ਰਾਈਜ਼ਿੰਗ' ਸੰਵਾਦ ਕਰਵਾਇਆ

ਲੁਧਿਆਣਾ, 15 ਜੂਨ (ਵਿਸ਼ਾਲ ਸ਼ਰਮਾ): 'ਆਪ' ਪੰਜਾਬ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਹੋਰ ਪਾਰਟੀ ਆਗੂਆਂ ਨਾਲ ਮਿਲ ਕੇ ਸ਼ੁੱਕਰਵਾਰ ਦੇਰ ਸ਼ਾਮ ਲੁਧਿਆਣਾ ਦੇ ਅਗਰ ਨਗਰ ਸਥਿਤ ਬੀ-ਬਲਾਕ ਸਥਿਤ ਕਮਿਊਨਿਟੀ ਸੈਂਟਰ ਵਿਖੇ 'ਪੰਜਾਬ ਰਾਈਜ਼ਿੰਗ' ਵਿਸ਼ੇ 'ਤੇ ਇੱਕ ਸੰਵਾਦ ਵਿੱਚ ਹਿੱਸਾ ਲਿਆ। ਇਹ ਸਮਾਗਮ ਰਾਜ ਸਭਾ ਮੈਂਬਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਦੀ ਲੁਧਿਆਣਾ (ਪੱਛਮੀ) ਵਿਧਾਨ ਸਭਾ ਉਪ ਚੋਣ ਲਈ ਚੱਲ ਰਹੀ ਚੋਣ ਮੁਹਿੰਮ ਦਾ ਹਿੱਸਾ ਸੀ। ਸੰਵਾਦ ਦੌਰਾਨ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਸਿਹਤ ਤੇ ਸਿੱਖਿਆ ਖੇਤਰ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਜਿਸ ਨੂੰ ਪਿਛਲੀਆਂ ਸੂਬਾ ਸਰਕਾਰਾਂ ਨੇ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਰੁਜ਼ਗਾਰ ਪੈਦਾ ਕਰਨ 'ਤੇ ਵੀ ਧਿਆਨ ਕੇਂਦਰਿਤ ਕਰ ਰਹੀ ਹੈ ਅਤੇ ਪੰਜਾਬ ਭਰ ਵਿੱਚ 60,000 ਤੋਂ ਵੱਧ ਨੌਕਰੀਆਂ ਪਹਿਲਾਂ ਹੀ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ। 'ਆਪ' ਦੇ ਸੂਬਾ ਪ੍ਰਧਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਸੂਬੇ ਵਿੱਚ ਨਕਾਰਾਤਮਕਤਾ ਦਾ ਮਾਹੌਲ ਸੀ। ਹਾਲਾਂਕਿ 'ਆਪ' ਦੀ ਅਗਵਾਈ ਵਾਲੀ ਸਰਕਾਰ ਨੇ ਉਸ ਨਕਾਰਾਤਮਕਤਾ ਨੂੰ ਸਕਾਰਾਤਮਕਤਾ 'ਚ ਬਦਲ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਵੇਂ ਉਹ ਇਹ ਦਾਅਵਾ ਨਹੀਂ ਕਰਨਗੇ ਕਿ ਸਰਕਾਰ ਨੇ ਅਜੇ 100% ਸਫਲਤਾ ਪ੍ਰਾਪਤ ਕੀਤੀ ਹੈ, ਪਰ ਬਦਲਾਅ ਜ਼ਰੂਰ ਆ ਰਿਹਾ ਹੈ।




ਡਾ. ਮਿੱਤਲ ਨੇ ਅੱਗੇ ਕਿਹਾ ਕਿ ਅਰੋੜਾ ਭਾਰਤੀ ਰਾਜਨੀਤੀ ਵਿੱਚ ਇੱਕ ਨਵਾਂ ਰੁਝਾਨ ਸਥਾਪਤ ਕਰ ਰਹੇ ਹਨ। 'ਆਪ' ਦੀਆਂ ਨੀਤੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਤੇ ਅਰੋੜਾ ਵਰਗੇ ਕਾਰੋਬਾਰੀਆਂ ਨੂੰ ਰਾਜ ਸਭਾ ਲਈ ਨਾਮਜ਼ਦ ਕਰਕੇ ਇੱਕ ਪਲੇਟਫਾਰਮ ਦਿੱਤਾ ਹੈ ਅਜਿਹਾ ਕੁਝ ਜਿਸ ਬਾਰੇ ਕਿਸੇ ਹੋਰ ਰਾਜਨੀਤਿਕ ਪਾਰਟੀ ਨੇ ਕਦੇ ਸੋਚਿਆ ਵੀ ਨਹੀਂ ਸੀ। ਅਰੋੜਾ ਦੀ ਜਿੱਤ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਵੋਟਰਾਂ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਉਹ ਭਾਰੀ ਬਹੁਮਤ ਨਾਲ ਜਿੱਤਣ। ਘੱਟੋ-ਘੱਟ 70 ਪ੍ਰਤੀਸ਼ਤ ਵੋਟਾਂ ਅਰੋੜਾ ਨੂੰ ਜਾਣੀਆਂ ਚਾਹੀਦੀਆਂ ਹਨ ਉਨ੍ਹਾਂ ਕਿਹਾ। ਪੰਜਾਬ ਦੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਡ, ਕੁਲਦੀਪ ਸਿੰਘ ਧਾਲੀਵਾਲ, ਹਰਜੋਤ ਸਿੰਘ ਬੈਂਸ, ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ, ਵਿਧਾਇਕ ਦਲਜੀਤ ਸਿੰਘ ਗਰੇਵਾਲ ਤੇ ਨਿਤਿਨ ਕੋਲੀ, ਰਾਜੇਸ਼ ਗਰਗ, ਜੇ.ਆਰ. ਸਿੰਘਲ ਤੇ ਗਗਨ ਖੰਨਾ ਵੀ ਮੌਜੂਦ ਸਨ। ਇਹ ਸਮਾਗਮ ਸਿੰਘਲ ਪਰਿਵਾਰ (ਈਸਟਮੈਨ ਗਰੁੱਪ) ਤੇ ਨਿਊ ਹਾਈ ਸਕੂਲ ਐਲੂਮਨੀ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ ਸੀ। ਗੱਲਬਾਤ ਦੌਰਾਨ ਇੱਕ ਸਵਾਲ-ਜਵਾਬ ਸੈਸ਼ਨ ਵੀ ਆਯੋਜਿਤ ਕੀਤਾ ਗਿਆ।

# ਰੋਜ਼ ਗਾਰਡਨ 'ਚ ਬਣਿਆ ਸਿਆਸੀ ਮਾਹੌਲ, ਅਰੋੜਾ ਮਿਲੇ ਸੈਰ ਕਰਨ ਵਾਲਿਆਂ ਨੂੰ



ਲੁਧਿਆਣਾ, 15 ਜੂਨ (ਵਿਸ਼ਾਲ ਸ਼ਰਮਾ): ਲੁਧਿਆਣਾ (ਪੱਛਮੀ) ਵਿਧਾਨ ਸਭਾ ਉਪ ਚੋਣ ਲਈ ਵੋਟਿੰਗ ਦਾ ਦਿਨ ਨੇੜੇ ਆਉਣ ਦੇ ਨਾਲ, ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਆਪਣੀ ਚੋਣ ਮੁਹਿੰਮ ਨੂੰ ਨਵੇਂ ਜੋਸ਼ ਨਾਲ ਤੇਜ਼ ਕਰ ਦਿੱਤਾ ਹੈ। ਲੋਕਾਂ ਨੂੰ ਪਹਿਲ ਦੇਣ ਦੇ ਆਪਣੇ ਇਰਾਦੇ ਨੂੰ ਦਰਸਾਉਂਦੇ ਹੋਏ, ਅਰੋੜਾ ਨੇ ਐਤਵਾਰ ਨੂੰ ਰੋਜ਼ ਗਾਰਡਨ ਵਿਖੇ ਸਵੇਰ ਦੀ ਸੈਰ ਲਈ ਇੱਕ ਵਿਲੱਖਣ ਪਹਿਲ ਕੀਤੀ, ਜਿੱਥੇ ਉਨ੍ਹਾਂ ਨੇ ਸਵੇਰ ਦੀ ਸੈਰ ਅਤੇ ਫਿਟਨੈਸ ਰੁਟੀਨ ਦੌਰਾਨ ਨਿਵਾਸੀਆਂ ਨਾਲ ਗੱਲਬਾਤ ਕੀਤੀ। ਅਰੋੜਾ ਨੇ ਆਪਣੇ ਸਮਰਥਕਾਂ ਅਤੇ ਸਥਾਨਕ ਪਾਰਟੀ ਨੇਤਾਵਾਂ ਦੇ ਨਾਲ ਸਵੇਰ ਦੀ ਸੈਰ ਕਰਨ ਵਾਲਿਆਂ ਅਤੇ ਫਿਟਨੈਸ ਪ੍ਰੇਮੀਆਂ ਨਾਲ ਗੱਲਬਾਤ ਕੀਤੀ। ਲੋਕਾਂ ਨੇ ਉਤਸ਼ਾਹ ਨਾਲ ਉਨ੍ਹਾਂ ਦਾ ਸਵਾਗਤ ਕੀਤਾ, ਉਨ੍ਹਾਂ 'ਤੇ ਫੁੱਲਾਂ ਦੀਆਂ ਪੱਤੀਆਂ ਵਰ੍ਹਾਈਆਂ ਅਤੇ ਪਿਆਰ ਅਤੇ ਸਮਰਥਨ ਦੇ ਪ੍ਰਤੀਕ ਵਜੋਂ ਉਨ੍ਹਾਂ ਨੂੰ ਹਾਰ ਪਹਿਨਾਏ। ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਨਾਲ ਸੈਲਫੀ ਲੈਂਦੇ ਦੇਖਿਆ ਗਿਆ ਜੋ ਵੋਟਰਾਂ ਵਿੱਚ ਉਨ੍ਹਾਂ ਦੀ ਵਧਦੀ ਪ੍ਰਸਿੱਧੀ ਨੂੰ ਦਰਸਾਉਂਦਾ ਹੈ। ਇੱਕ ਦਿਲ ਨੂੰ ਛੂਹ ਲੈਣ ਵਾਲੇ ਅੰਦਾਜ਼ ਵਿੱਚ ਅਰੋੜਾ ਪਾਰਕ ਵਿੱਚ ਭਜਨ ਗਾਉਂਦੇ ਲੋਕਾਂ ਦੇ ਇੱਕ ਸਮੂਹ ਵਿੱਚ ਵੀ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਬੈਠ ਕੇ ਉਨ੍ਹਾਂ ਨੇ ਭਜਨ ਗਾਇਨ ਵਿੱਚ ਹਿੱਸਾ ਲਿਆ, ਜਿਸ ਨਾਲ ਮੌਜੂਦ ਲੋਕਾਂ ਨਾਲ ਇੱਕ ਮਜ਼ਬੂਤ ਭਾਵਨਾਤਮਕ ਸਬੰਧ ਬਣਿਆ। ਸਮੂਹ ਨੇ ਅਰੋੜਾ ਨੂੰ ਆਉਣ ਵਾਲੀ ਉਪ ਚੋਣ ਵਿੱਚ ਉਨ੍ਹਾਂ ਦੇ ਪੂਰੇ ਸਮਰਥਨ ਦਾ ਭਰੋਸਾ ਦਿੱਤਾ। ਗੱਲਬਾਤ ਦੌਰਾਨ, ਅਰੋੜਾ ਨੇ ਸਾਰਿਆਂ ਨੂੰ 19 ਜੂਨ ਨੂੰ ਵੱਡੀ ਗਿਣਤੀ ਵਿੱਚ ... ਵੋਟਾਂ ਪਾਉਣ ਅਤੇ ਵੋਟਰਾਂ ਦੀ ਵੋਟਿੰਗ ਵਿੱਚ ਇੱਕ ਨਵਾਂ ਮਾਪਦੰਡ ਸਥਾਪਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਅਪੀਲ ਕੀਤੀ ਕਿਰਪਾ ਕਰਕੇ ਇਸ ਮੌਕੇ ਨੂੰ ਨਾ ਗੁਆਓ। ਵੋਟ ਪਾਉਣਾ ਸਾਡਾ ਲੋਕਤੰਤਰੀ ਅਧਿਕਾਰ ਹੈ ਤੇ ਸਹੀ ਨੇਤਾ ਚੁਣਨ ਲਈ ਇੱਕ ਸ਼ਕਤੀਸ਼ਾਲੀ ਸਾਧਨ ਹੈ। ਆਪਣੇ ਦੋਸਤਾਂ ਗੁਆਂਢੀਆਂ ਤੇ ਰਿਸ਼ਤੇਦਾਰਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰੋ। ਅਰੋੜਾ ਨੇ ਕਿਹਾ ਸਵੇਰ ਦੀ ਤਾਜ਼ੀ ਹਵਾ ਅਤੇ ਲੋਕਾਂ ਦੇ ਪਿਆਰ ਦੀ ਨਿੱਘ ਮੈਨੂੰ ਦਿਨ ਭਰ ਊਰਜਾ ਦਿੰਦੀ ਹੈ। ਨਾਗਰਿਕਾਂ ... ਅਜਿਹੀ ਸਾਂਝ ਸਾਡੀ ਮੁਹਿੰਮ ਨੂੰ ਮਜ਼ਬੂਤ ਕਰਦੀ ਹੈ ਤੇ ਉਨ੍ਹਾਂ ਦੀ ਬਿਹਤਰ ਸੇਵਾ ਕਰਨ ਦੇ ਮੇਰੇ ਇਰਾਦੇ ਨੂੰ ਵਧਾਉਂਦੀ ਹੈ। ਵਿਧਾਇਕ ਜਗਦੀਪ ਕੰਬੋਜ, ਮਨੀਸ਼ ਸ਼ਾਹ ਤੇ ਬਿੱਟੂ ਭੁੱਲਰ ਸਮੇਤ ਕਈ 'ਆਪ' ਨੇਤਾ ਇਸ ਮੌਕੇ ਮੌਜੂਦ ਸਨ।

# ਦਿੱਲੀ ਦੀ ਮੁੱਖ ਮੰਤਰੀ ਨੇ ਕਥਿਤ ਭ੍ਰਿਸ਼ਟਾਚਾਰ ਤੇ ਕੁਪ੍ਰਸ਼ਾਸਨ ਨੂੰ ਲੈ ਕੇ 'ਆਪ' ਉੱਤੇ ਹੱਲਾ ਬੋਲਿਆ




ਲੁਧਿਆਣਾ, 15 ਜੂਨ (ਰਵਿੰਦਰ ਸਿੰਘ ਨਿੱਝਰ): ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਆਮ ਆਦਮੀ ਪਾਰਟੀ (ਆਪ) ਅਤੇ ਇਸਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਦਿੱਲੀ ਵਿੱਚ ਆਪਣੇ ਦਸ ਸਾਲਾਂ ਦੇ ਸ਼ਾਸਨ ਦੌਰਾਨ ਵਿਆਪਕ ਭ੍ਰਿਸ਼ਟਾਚਾਰ ਅਤੇ ਕੁਪ੍ਰਬੰਧਨ ਦਾ ਦੋਸ਼ ਲਗਾਉਂਦੇ ਹੋਏ ਤਿੱਖਾ ਹਮਲਾ ਕੀਤਾ। ਲੁਧਿਆਣਾ ਵਿੱਚ ਪਾਰਟੀ ਉਮੀਦਵਾਰ ਜੀਵਨ ਗੁਪਤਾ ਲਈ ਪ੍ਰਚਾਰ ਕਰਦੇ ਹੋਏ, ਦਿੱਲੀ ਦੀ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਕੇਜਰੀਵਾਲ ਤੇ ਉਨ੍ਹਾਂ ਦੀ ਟੀਮ ਵਿਰੁੱਧ ਨਵੇਂ ਮਾਮਲੇ ਦਰਜ ਕੀਤੇ ਗਏ ਹਨ ਤੇ ਜ਼ੋਰ ਦੇ ਕੇ ਕਿਹਾ ਕਿ ਜੋ ਲੋਕ ਵਰਤਮਾਨ ਵਿੱਚ ਜ਼ਮਾਨਤ 'ਤੇ ਹਨ, ਉਨ੍ਹਾਂ ਨੂੰ ਜਲਦੀ ਹੀ ਜੇਲ੍ਹ ਹੋ ਸਕਦੀ ਹੈ। ਗੁਪਤਾ ਨੇ ਦਿੱਲੀ 'ਚ 'ਆਪ' ਸਰਕਾਰ ਦੀ ਆਲੋਚਨਾ ਕੀਤੀ ਕਿ ਉਸਨੇ ਪਿਛਲੇ ਇੱਕ ਦਹਾਕੇ ਵਿੱਚ ਵਿਧਾਨ ਸਭਾ ਵਿੱਚ ਇੱਕ ਵੀ ਕੰਪਟਰੋਲਰ ਐਂਡ ਆਡੀਟਰ ਜਨਰਲ ਦੀ ਰਿਪੋਰਟ ਪੇਸ਼ ਨਹੀਂ ਕੀਤੀ, ਜਦੋਂ ਕਿ ਉਨ੍ਹਾਂ ਦੀ ਆਪਣੀ ਸਰਕਾਰ ਨੇ ਛੇ ਰਿਪੋਰਟਾਂ ਪੇਸ਼ ਕੀਤੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ "ਭ੍ਰਿਸ਼ਟਾਚਾਰ ਵਿਰੁੱਧ ਕਾਨੂੰਨ ਆਪਣਾ ਕੰਮ ਕਰੇਗਾ" ਤੇ ਸਾਬਕਾ ਦਿੱਲੀ ਮੰਤਰੀ ਮਨੀਸ਼ ਸਿਸੋਦੀਆ ਦੇ ਸੰਮਨ ਦਾ ਜਵਾਬ ਦੇਣ 'ਚ ਕਥਿਤ ਅਸਫਲਤਾ ਵੱਲ ਵੀ ਇਸ਼ਾਰਾ ਕੀਤਾ।

ਉਨ੍ਹਾਂ ਕਿਹਾ, "ਦਿੱਲੀ ਦੇ ਲੋਕਾਂ ਨੂੰ ਕੇਜਰੀਵਾਲ ਨੂੰ ਸੱਤਾ ਤੋਂ ਬਾਹਰ ਕਰਨ ਵਿੱਚ 10 ਸਾਲ ਲੱਗੇ, ਪਰ ਪੰਜਾਬੀ ਇੱਕ ਚੰਗਾ ਵਿਕਲਪ ਬਣਾਉਣ ਲਈ ਕਾਫ਼ੀ ਸਮਝਦਾਰ ਹਨ, ਤੇ ਉਹ ਪੂਰੀ ਤਰ੍ਹਾਂ ਸਮਝ ਗਏ ਹਨ ਕਿ ਹੁਣ 'ਆਪ' ਸਰਕਾਰ ਨੂੰ ਇੱਥੋਂ ਵੀ ਵਿਦਾਈ ਦੇਣ ਦਾ ਸਮਾਂ ਆ ਗਿਆ ਹੈ।" ਉਨ੍ਹਾਂ ਭਵਿੱਖਬਾਣੀ ਕੀਤੀ ਕਿ ਲੁਧਿਆਣਾ ਪੱਛਮੀ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਇੱਕ "ਟ੍ਰੇਲਰ" ਵਜੋਂ ਕੰਮ ਕਰੇਗਾ, ਜਿਸ ਵਿੱਚ ਵੋਟਰ ਜੀਵਨ ਗੁਪਤਾ ਨੂੰ ਵਿਧਾਇਕ ਵਜੋਂ ਚੁਣਨਗੇ। ਅੰਤ ਵਿੱਚ, ਉਹ 2027 ਵਿੱਚ ਪੰਜਾਬ ਵਿੱਚ ਮੋਦੀ ਸਰਕਾਰ ਦੇ ਚੁਣੇ ਜਾਣ ਦੀ ਉਮੀਦ ਕਰਦੀ ਹੈ, ਜਿਸ ਨਾਲ ਰਾਜ ਦੇ ਨਾਗਰਿਕਾਂ ਨੂੰ ਸਾਰੀਆਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਯਕੀਨੀ ਹੋਵੇਗਾ। ਮੌਕਾ ਦੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ, ਭਾਜਪਾ ਉਮੀਦਵਾਰ ਜੀਵਨ ਗੁਪਤਾ, ਭਾਜਪਾ ਦੇ ਸੂਬਾ ਸਹਿ ਪ੍ਰਭਾਰੀ ਡਾਕਟਰ ਨਰਿੰਦਰ ਰਾਣਾ ਲੁਧਿਆਣਾ ਦੇ ਚੁਣਾਵ ਪ੍ਰਭਾਰੀ ਅਵਿਨਾਸ਼ ਰਾਏ ਖੰਨਾ, ਅਨਿਲ ਸਰੀਨ, ਜਤਿੰਦਰ ਮਿੱਤਲ, ਵਿਨੀਤ ਜੋਸ਼ੀ, ਡਾਕਟਰ ਸਤੀਸ਼ ਕੁਮਾਰ ਆਦਿ ਹਾਜ਼ਰ ਸਨ।

# ਆਯੂਸ਼ਮਾਨ ਅਰੋਗਿਆ ਕੇਂਦਰਾਂ ਦੇ ਡਾਕਟਰਾਂ ਨੂੰ ਗਰਭਅਵਸਥਾ ਸੰਭਾਲ, ਪਰਿਵਾਰ ਨਿਯੋਜਨ ਦੀ ਦਿੱਤੀ ਸਿਖਲਾਈ




ਫ਼ਿਰੋਜ਼ਪੁਰ, 15 ਜੂਨ (ਤਿਵਾੜੀ): ਪੰਜਾਬ ਸਰਕਾਰ ਵਲੋਂ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਗਰਭਵਤੀ ਮਹਿਲਾਵਾਂ ਦੀ ਸਿਹਤ ਸੰਭਾਲ ਤੇ ਪਰਿਵਾਰ ਨਿਯੋਜਨ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਆਯੂਸ਼ਮਾਨ ਅਰੋਗਿਆ ਕੇਂਦਰ ਵਿਖੇ ਤਾਇਨਾਤ ਮੈਡੀਕਲ ਅਫਸਰਾਂ ਨੂੰ ਗਰਭਅਵਸਥਾ ਦੇਖਭਾਲ ਤੇ ਪਰਿਵਾਰ ਨਿਯੋਜਨ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਗਈ, ਜਿਸ 'ਚ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਲਈ ਆਯੂਸ਼ਮਾਨ ਅਰੋਗਿਆ ਕੇਂਦਰ ਵਰਦਾਨ ਸਾਬਤ ਹੋਏ ਹਨ। ਗਰਭਵਤੀ ਮਹਿਲਾਵਾਂ ਦੀ ਮਿਆਰੀ ਮੈਡੀਕਲ ਦੇਖਭਾਲ ਲਈ ਆਯੂਸ਼ਮਾਨ ਅਰੋਗਿਆ ਕੇਂਦਰਾਂ ਦੇ ਡਾਕਟਰਾਂ ਨੂੰ ਦਿੱਤੀ ਟ੍ਰੇਨਿੰਗ ਨਾਲ ਲੋਕਾਂ ਨੂੰ ਕਾਫੀ ਫਾਇਦਾ ਹੋਵੇਗਾ ਤੇ ਸਿਹਤ ਸਹੂਲਤਾਂ ਵਿਚ ਵਾਧਾ ਹੋਵੇਗਾ। ਇਹ ਟਰੇਨਿੰਗ ਸੈਸ਼ਨ ਦਫਤਰ ਸਿਵਲ ਸਰਜਨ ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਆਯੂਸ਼ਮਾਨ ਅਰੋਗਿਆ ਕੇਂਦਰਾਂ ਤੋਂ ਆਏ ਡਾਕਟਰਾਂ ਨੇ ਹਿੱਸਾ ਲਿਆ। ਸੈਸ਼ਨ ਦੌਰਾਨ ਡਾਕਟਰਾਂ ਨੂੰ ਐਂਟੀਨੈਟਲ ਕੇਅਰ, ਜਿਸ ਵਿੱਚ ਚੈੱਕਅੱਪ ਦੌਰਾਨ ਬੀਪੀ, ਭਾਰ ਤੋਲਣਾ ਤੇ ਹਾਈ ਰਿਸਕ ਕੇਸ ਦੀ ਪਹਿਚਾਣ ਕਰਨਾ (ਗਰਭਵਤੀ ਮਹਿਲਾਵਾਂ ਦੀ ਸਿਹਤ ਦੀ ਨਿਗਰਾਨੀ), ਪੋਸ਼ਣ, ਟੀਕਾਕਰਨ, ਖ਼ਤਰਨਾਕ ਲੱਛਣਾਂ ਦੀ ਪਛਾਣ ਅਤੇ ਜਨੇਪੇ ਉਪਰੰਤ ਸੇਵਾਵਾਂ ਬਾਰੇ ਜਾਣੂੰ ਕਰਵਾਇਆ ਗਿਆ। ਇਸ ਦੌਰਾਨ ਡਿਪਟੀ ਮੈਡੀਕਲ ਕਮਿਸ਼ਨਰ ਡਾ. ਗੁਰਮੇਜ ਰਾਮ, ਸਹਾਇਕ ਸਿਵਲ ਸਰਜਨ ਡਾ. ਸੁਸ਼ਮਾ, ਜ਼ਿਲ੍ਹਾ ਟੀਕਾਕਰਣ ਅਫ਼ਸਰ ਡਾ. ਮਿਨਾਕਸ਼ੀ ਅਬਰੋਲ, ਜ਼ਿਲ੍ਹਾ ਮਹਾਂਮਾਰੀ ਅਫਸਰ ਡਾ. ਸਮਿੰਦਰ ਕੌਰ, ਸਿਵਲ ਹਸਪਤਾਲ ਦੇ ਇਸਤਰੀ ਰੋਗਾਂ ਦੇ ਮਾਹਿਰ ਡਾ. ਰਿਚਾ, ਸੁਪਰਡੰਟ ਪਰਮਵੀਰ ਮੋਂਗਾ, ਸਟੈਨੋ ਵਿਕਾਸ ਕਾਲੜਾ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਹਰੀਸ਼ ਕਟਾਰੀਆ ਵੀ ਹਾਜ਼ਰ ਸਨ ।

ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਸ਼ਰਮਾ ਤੇ ਡਿਪਟੀ ਮਾਸ ਮੀਡੀਆ ਅਫ਼ਸਰ ਅੰਕੁਸ਼ ਭੰਡਾਰੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਟ੍ਰੇਨਿੰਗ ਸੈਸ਼ਨ ਦੌਰਾਨ ਪਰਿਵਾਰ ਨਿਯੋਜਨ ਦੀਆਂ ਵਿਧੀਆਂ ਦੀ ਵਰਤੋਂ, ਲਾਭ ਤੇ ਸਾਈਡ ਇਫੈਕਟਸ ਬਾਰੇ ਵੀ ਵਿਸਥਾਰ ਨਾਲ ਦੱਸਿਆ ਗਿਆ। ਟਰੇਨਿੰਗ ਦਾ ਉਦੇਸ਼ ਮਹਿਲਾਵਾਂ ਤੇ ਯੋਗ ਜੋੜਿਆਂ ਨੂੰ ਸਹੀ ਜਾਣਕਾਰੀ ਤੇ ਸੇਵਾਵਾਂ ਦੇਣਾ ਹੈ ਤਾਂ ਜੋ ਉਹ ਸੁਚੇਤ ਅਤੇ ਸਿਹਤਮੰਦ ਨਿਰਣੇ ਲੈ ਸਕਣ। ਡਿਪਟੀ ਕਮਿਸ਼ਨਰ ਨੇ ਉਮੀਦ ਜਤਾਈ ਕਿ ਇਹ ਟ੍ਰੇਨਿੰਗ ਡਾਕਟਰਾਂ ਨੂੰ ਮਿਹਨਤੀ, ਜਾਣੂੰ ਤੇ ਸੰਵੇਦਨਸ਼ੀਲ ਬਣਾਏਗੀ ਜੋ ਕਿ ਗਰਭਵਤੀ ਮਹਿਲਾਵਾਂ ਅਤੇ ਪਰਿਵਾਰ ਨਿਯੋਜਨ ਸੇਵਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ 'ਚ ਮਦਦਗਾਰ ਸਾਬਤ ਹੋਵੇਗੀ। ਇਸ ਦੇ ਨਾਲ-ਨਾਲ ਡਾਕਟਰਾਂ ਨੂੰ ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ, ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਅਭਿਆਨ, ਫੈਮਿਲੀ ਪਲਾਨਿੰਗ ਦੇ ਵੱਖ-ਵੱਖ ਸਾਧਨਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਜੁਡੀਸ਼ੀਅਲ ਤਹਿਸੀਲ ਕੰਪਲੈਕਸ 'ਚ ਬੂਟੇ ਲਗਾਏ




ਫਿਰੋਜ਼ਪੁਰ, 15 ਜੂਨ (ਤਿਵਾੜੀ): ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਮੋਹਾਲੀ ਦੇ ਦਿਸ਼ਾਂ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਦੀ ਰਹਿਨੁਮਾਈ ਹੇਠ 'ਰੁੱਖ ਲਗਾਓ' ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੀ ਸ਼ੁਰੂਆਤ ਆਪ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਸੁਮੀਤ ਮਲਹੋਤਰਾ ਨੇ ਵਾਤਾਵਰਣ ਦਿਵਸ ਦੇ ਮੌਕੇ 'ਤੇ ਕੀਤੀ।

ਇਸ ਮੁਹਿੰਮ ਦੇ ਚੱਲਦੇ ਹੋਏ ਜ਼ਿਲ੍ਹਾ ਤੇ ਸੈਸ਼ਨ ਜੱਜ ਸੁਮੀਤ ਮਲਹੋਤਰਾ ਦੀ ਰਹਿਨੁਮਾਈ ਹੇਠ ਅੱਜ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਜੁਡੀਸ਼ੀਅਲ ਤਹਿਸੀਲ ਕੰਪਲੈਕਸ ਜ਼ੀਰਾ 'ਚ ਪੌਦੇ ਲਗਾਏ। ਇਸ ਮੌਕੇ 'ਤੇ ਜੁਡੀਸ਼ੀਅਲ ਮੈਜਿਸਟ੍ਰੇਟ ਦੀਪਾਲ ਛੀਨਾ ਤੇ ਗੁਰਪ੍ਰੀਤ ਕੌਰ ਤੇ ਸਟਾਫ ਵੀ ਮੌਜੂਦ ਸੀ। ਇਸ ਮੌਕੇ 'ਤੇ ਜੱਜ ਸਾਹਿਬ ਨੇ ਸਭ ਨੂੰ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੰਦੇ ਹੋਏ ਕਿਹਾ ਕਿ ਉਹ ਆਪਣੇ ਵਾਤਾਵਰਣ ਨੂੰ ਸਾਫ ਅਤੇ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਰੁੱਖ-ਬੂਟੇ ਲਗਾਉਣ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੇ ਤਹਿਤ ਪੈਨਲ ਐਡਵੋਕੇਟ, ਪੈਰਾ ਲੀਗਲ ਵਲੰਟੀਅਰਾਂ ਤੇ ਜੰਗਲਾਤ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਥਾਵਾਂ, ਪਿੰਡਾਂ ਤੇ ਕਸਬਿਆਂ 'ਚ ਰੁੱਖ ਬੂਟੇ ਲਗਾਏ ਜਾਣਗੇ ਤੇ ਉਨ੍ਹਾਂ ਦੀ ਸਾਂਭ-ਸੰਭਾਲ ਦਾ ਕੰਮ ਕੀਤਾ ਜਾਵੇਗਾ।

# ਅਹਿਮਦਾਬਾਦ ਜਹਾਜ਼ ਹਾਦਸੇ 'ਚ ਮਾਰੇ ਲੋਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਕੇਂਦਰ ਸਰਕਾਰ ਯੋਗ ਮੁਆਵਜ਼ਾ ਦੇਵੇ : ਬਾਬਾ ਦਿਲਬਾਗ ਮੁਹੰਮਦ ਸ਼ਾਹ



ਸ੍ਰੀ ਕੀਰਤਪੁਰ ਸਾਹਿਬ, 15 ਜੂਨ (ਬੀ ਐਸ ਰਾਣਾ): ਉੱਤਰੀ ਭਾਰਤ ਦੀ ਪ੍ਰਸਿੱਧ ਦਰਗਾਹ ਪੀਰ ਸਾਈਂ ਬਾਬਾ ਬੁੱਢਣ ਸ਼ਾਹ ਜੀ ਦੇ ਮੁੱਖ ਪ੍ਰਬੰਧਕ ਮਹੰਤ ਮੋਹਤਮਿਮ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਘੱਟ ਗਿਣਤੀ ਸੈਲ ਦੇ ਜਨਰਲ ਸਕੱਤਰ ਬਾਬਾ ਦਿਲਬਾਗ ਮੁਹੰਮਦ ਸ਼ਾਹ ਵੱਲੋਂ 12 ਜੂਨ ਨੂੰ ਗੁਜਰਾਤ ਦੇ ਅਹਿਮਦਾਬਾਦ ਵਿਖੇ ਹੋਏ ਜਹਾਜ਼ ਹਾਦਸੇ 'ਚ ਮਾਰੇ ਗਏ 241 ਯਾਤਰੀਆਂ, 34 ਡਾਕਟਰਾਂ ਤੇ ਹੋਰ ਲੋਕਾਂ ਲਈ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਹਾਦਸੇ 'ਚ ਕੁੱਲ 275 ਲੋਕਾਂ ਦੀ ਮੌਤ ਹੋਈ ਹੈ, ਜਿਸ 'ਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਣੀ ਵੀ ਸ਼ਾਮਲ ਸਨ। ਇਹ ਹਾਦਸਾ ਪੂਰੇ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਝੰਜੋੜ ਕੇ ਰੱਖ ਗਿਆ ਹੈ।

ਬਾਬਾ ਦਿਲਬਾਗ ਸ਼ਾਹ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਵੱਧ ਤੋਂ ਵੱਧ ਆਰਥਿਕ ਸਹਾਇਤਾ ਦਿੱਤੀ ਜਾਵੇ ਤੇ ਤਕਨੀਕੀ ਮਾਹਿਰਾਂ ਰਾਹੀਂ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਵਾਈ ਜਾਵੇ ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੇ ਵੱਡੇ ਹਾਦਸਿਆਂ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਪੀੜਤ ਪਰਿਵਾਰਾਂ ਨਾਲ ਪੂਰੀ ਹਮਦਰਦੀ ਪ੍ਰਗਟਾਉਂਦੇ ਹਨ ਅਤੇ ਆਪਣੀ ਕਾਂਗਰਸ ਪਾਰਟੀ ਵੱਲੋਂ ਕੇਂਦਰ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕੀਤੀ ਜਾਵੇ।

# 30 ਨਸ਼ੀਲੀਆਂ ਗੋਲ਼ੀਆਂ ਸਣੇ ਦੋਸ਼ੀ ਕਾਬੂ

ਜਗਰਾਉਂ, 15 ਜੂਨ (ਦਵਿੰਦਰ ਜੈਨ): ਡਾ. ਅੰਕੁਸ਼ ਗੁਪਤਾ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ (ਦਿਹਾਤੀ) ਦੇ ਦਿਸ਼ਾ ਨਿਰਦੇਸ਼ਾਂ ਹੇਠ ਜਸਜਯੋਤ ਸਿੰਘ ਪੀ.ਪੀ.ਐਸ. ਉੱਪ ਕਪਤਾਨ ਪੁਲਿਸ ਸਬ ਡਵੀਜ਼ਨ ਜਗਰਾਉਂ ਵੱਲੋਂ ਜਾਰੀ ਦਿਸ਼ਾਂ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਜ਼ੇਰ ਸਿਰਕਰਦਗੀ ਇੰਸਪੈਕਟਰ ਮੁੱਖ ਅਫਸਰ, ਥਾਣਾ ਸਿਟੀ ਜਗਰਾਉਂ ਦੀ ਨਿਗਰਾਨੀ ਹੇਠ ਏ.ਐਸ.ਆਈ. ਸੁਖਵਿੰਦਰ ਸਿੰਘ ਦਿਓਲ ਇੰਚਾਰਜ ਚੌਕੀ ਬੱਸ ਸਟੈਂਡ ਜਗਰਾਉਂ ਦੀ ਪੁਲਿਸ ਪਾਰਟੀ ਨੇ ਦੌਰਾਨੇ ਗਸ਼ਤ ਦੋਸ਼ੀ ਅਕਾਸ਼ਦੀਪ ਸਿੰਘ ਉਰਫ ਅਕਾਸ਼ ਪੁੱਤਰ ਮਾਣਕ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਮੁਹੱਲਾ ਮਾਈ ਜੀਨਾ, ਨੇੜੇ ਚੁੰਗੀ ਨੰ. 5 ਜਗਰਾਉਂ, ਥਾਣਾ ਸਿਟੀ ਜਗਰਾਉਂ, ਜ਼ਿਲ੍ਹਾ ਲੁਧਿਆਣਾ ਨੂੰ ਕਾਬੂ ਕਰਕੇ ਇਸ ਪਾਸੋਂ 3 ਪੱਤੇ ਨਸ਼ੀਲੀਆਂ ਗੋਲੀਆਂ ਮਾਰਕਾ Trekem-100 Tramadol Hydrochloride Tablets 100 mg. fo Batch No., MFG Date, Exp Date ਮਿਟਾਇਆ ਹੋਇਆ, ਹਰੇਕ ਪੱਤੇ ਵਿੱਚ 10/10 ਗੋਲੀਆਂ ਕੁੱਲ 30 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਕੇ, ਇਸਦੇ ਖਿਲਾਫ ਮੁਕੱਦਮਾ ਨੰਬਰ ਮੁੱਕਦਮਾ ਨੰਬਰ 128 ਮਿਤੀ 12.06.2025 ਅ/ਧ 22-61-85 ਐਨਡੀਪੀਐਸ ਐਕਟ ਥਾਣਾ ਸਿਟੀ ਜਗਰਾਉਂ ਦਰਜ ਰਜਿਸਟਰ ਕੀਤਾ ਗਿਆ, ਜਿਸਦੀ ਤਫਤੀਸ਼ ਜਾਰੀ ਹੈ, ਜੋ ਹੋਰ ਵੀ ਅਹਿਮ ਸੁਰਾਗ ਲੱਗਣ ਦੀ ਆਸ ਹੈ।

## SHRIRAM Finance

**ਸ਼੍ਰੀਰਾਮ ਫਾਈਨੈਂਸ ਲਿਮਟਿਡ**
**CIN No- L65191TN1979PLC007874**
ਰਜਿ. ਦਫਤਰ ਸ਼੍ਰੀ ਟਾਵਰ, ਪਲਾਟ ਨੰ. 14ਏ, ਦੱਖਣੀ ਫੇਜ਼, ਇੰਡਸਟ੍ਰੀਅਲ ਅਸਟੇਟ, ਗਿੰਡੀ, ਚੇਨੱਈ-600032
ਪ੍ਰਬੰਧਕੀ ਦਫਤਰ : ਪੱਧਰ 2, 6ਵੀਂ ਮੰਜ਼ਿਲ, ਬਿਲਡਿੰਗ ਨੰ. ਕਿਊ2 ਔਰਮ ਕਿਊ ਪਾਰਕ, ਜੈਨ 4/1, ਟੀਟੀਸੀ, ਥਾਣੇ ਬੇਲਾਪੁਰ ਰੋਡ, ਘਨਸੋਲੀ, ਨਵੀ ਮੁੰਬਈ-400710

**ਸੋਨੇ ਦੇ ਕਰਜ਼ੇ ਦੀ ਨਿਲਾਮੀ ਦਾ ਸੂਚਨਾ**

ਹੇਠਾਂ ਦੱਸੇ ਗਏ ਕਰਜ਼ਦਾਰਾਂ ਨੂੰ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਤੋਂ ਪ੍ਰਾਪਤ ਸੋਨੇ ਦੇ ਗਹਿਣਿਆਂ ("ਸਹੂਲਤ") ਦੇ ਵਿਰੁੱਧ ਕਰਜ਼ੇ ਲਈ ਆਪਣੀਆਂ ਬਕਾਇਆ ਰਕਮਾਂ ਦਾ ਭੁਗਤਾਨ ਕਰਨ ਲਈ ਨੋਟਿਸ ਜਾਰੀ ਕੀਤੇ ਗਏ ਹਨ। ਕਿਉਂਕਿ ਕਰਜ਼ਦਾਰ ਇਸ ਸਹੂਲਤ ਦੇ ਤਹਿਤ ਆਪਣੇ ਬਕਾਏ ਵਾਪਸ ਕਰਨ ਵਿੱਚ ਅਸਫਲ ਰਹੇ ਹਨ, ਇਸ ਲਈ ਅਸੀਂ 26.06.2025 (**ਨਿਲਾਮੀ ਦੀ ਮਿਤੀ**) ਨੂੰ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਕਰਾਂਗੇ। ਜੇਕਰ ਇਸ ਨਿਲਾਮੀ ਤੋਂ ਕੋਈ ਵਾਧੂ ਰਕਮ ਪ੍ਰਾਪਤ ਹੁੰਦੀ ਹੈ, ਤਾਂ ਉਹ ਸਬੰਧਤ ਕਰਜ਼ਦਾਰ ਨੂੰ ਵਾਪਸ ਕਰ ਦਿੱਤੀ ਜਾਵੇਗੀ ਅਤੇ ਜੇਕਰ ਨਿਲਾਮੀ ਤੋਂ ਬਾਅਦ ਕੋਈ ਘਾਟਾ ਹੁੰਦਾ ਹੈ, ਤਾਂ ਬਕਾਇਆ ਰਕਮ ਉਚਿਤ ਕਾਨੂੰਨੀ ਕਾਰਵਾਈਆਂ ਰਾਹੀਂ ਕਰਜ਼ਦਾਰ ਤੋਂ ਵਸੂਲ ਕੀਤੀ ਜਾਵੇਗੀ। SFL ਕੋਲ ਪਹਿਲਾਂ ਤੋਂ ਸੂਚਿਤ ਕੀਤੇ ਬਿਨਾਂ ਨਿਲਾਮੀ ਵਿੱਚੋਂ ਹੇਠ ਲਿਖਿਆਂ ਵਿੱਚੋਂ ਕਿਸੇ ਵੀ ਖਾਤਿਆਂ ਨੂੰ ਹਟਾਉਣ ਦਾ ਅਧਿਕਾਰ ਹੈ। ਇਸ ਤੋਂ ਇਲਾਵਾ, SFL ਅਣਕਿਆਸੀ ਘਟਨਾ ਦੀ ਸਥਿਤੀ ਵਿੱਚ, ਬਿਨਾਂ ਕਿਸੇ ਪੂਰਵ ਸੂਚਨਾ ਦੇ ਨਿਲਾਮੀ ਦੀ ਮਿਤੀ ਨੂੰ ਬਦਲਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

| ਕਰਜ਼ ਨੰ. | ਧਿਰ ਦਾ ਨਾਮ | ਕਰਜ਼ ਨੰ. | ਧਿਰ ਦਾ ਨਾਮ | ਕਰਜ਼ ਨੰ. | ਧਿਰ ਦਾ ਨਾਮ |
|---|---|---|---|---|---|
| MANBHRE2409160005 | ਦਰਸ਼ਨ ਸਿੰਘ | MANBHRE2411040005 | ਸੁਖਪ੍ਰੀਤ ਕੌਰ | MANBHPJ2410180005 | ਲੱਛੂ ਰਾਮ |
| MANBHPJ2411270001 | ਰਣਜੀਤ ਕੌਰ | MANBHRE2412040002 | ਸਤਨਾਮ ਸਿੰਘ | MANBHPJ2408240003 | ਸੁਖਮਿੰਦਰ ਸਿੰਘ |
| MANBHRE2412130002 | ਚੰਦਨ ਕੁਮਾਰ | MANBHRE2408090004 | ਗੁਰਵਿੰਦਰ ਸਿੰਘ | MANBHRE2410180002 | ਜਗਸੀਰ ਸਿੰਘ |
| MANBHPJ2409130002 | ਭਾਗ ਸਿੰਘ | MANBHPJ2406120003 | ਵਿੱਕੀ | MANBHPJ2409090004 | ਹਰਵਿੰਦਰ ਸਿੰਘ |
| MANBHRE2410090001 | ਗੁਰਪ੍ਰੀਤ ਸਿੰਘ | MANBHPJ2403180003 | ਗੁਰਮੀਤ ਕੌਰ | MANBHRE2411200018 | ਜੀਤ ਸਿੰਘ |
| MANBHRE2412160006 | ਬਲਜੀਤ ਕੌਰ | MANBHPJ2411300009 | ਗੁਰਦੇਵ ਸਿੰਘ | MANBHPJ2408090005 | ਜਗਤਾਰ ਸਿੰਘ |
| MANBHPJ2402090001 | ਸਰਜੀਵਨ ਸਿੰਘ | MANBHPJ2401220002 | ਸਤਪਾਲ ਸਿੰਘ | MANBHPJ2409050005 | ਜਸਪ੍ਰੀਤ |
| MANBHPJ2408300001 | ਰਮਨਪ੍ਰੀਤ ਕੌਰ | MANBHPJ2408170002 | ਕੁਲਵਿੰਦਰ ਸਿੰਘ | MANBHPJ2404180002 | ਗਗਨਦੀਪ ਸਿੰਘ |
| MANBHRE2412040009 | ਵਰਿੰਦਰ ਸਿੰਘ | MANBHPJ2401180001 | ਮਲਕੀਅਤ ਸਿੰਘ | MANBHRE2411050006 | ਕਿਰਪਾਲ ਕੌਰ |
| MANBHPJ2406060004 | ਗਗਨਦੀਪ ਸਿੰਘ | MANBHPJ2407230001 | ਪਰਵੀਨ ਮਲਿਕ | MANBHPJ2501080007 | ਸੁਖਮਨੀ ਕੌਰ |
| MANBHPJ2405270003 | ਕੁਲਦੀਪ ਸਿੰਘ | MANBHRE2501090005 | ਜਨਵੀਰ ਕੌਰ | MANBHRE2411200006 | ਗੁਰਪ੍ਰਿਆਰ ਸਿੰਘ |
| MANBHPJ2411110004 | ਬੱਬਰਜੀਤ ਸਿੰਘ | MANBHPJ2409100004 | ਪਵਨ ਕੁਮਾਰ | MANBHPJ2412110008 | ਗੁਰਮੀਤ ਸਿੰਘ |
| MANBHPJ2403260004 | ਰਾਮ ਸਿੰਘ | MANBHPJ2408290004 | ਕੁਲਵਿੰਦਰ ਸਿੰਘ | MANBHPJ2404020002 | ਪਰਮਜੀਤ ਕੌਰ |
| MANBHPJ2408190001 | ਟਿੱਕੀ | MANBHPJ2312210003 | ਪ੍ਰੇਮ ਸਿੰਘ | MANBHPJ2409200002 | ਜਸਵੀਰ ਕੌਰ |
| MANBHRE2409160007 | ਰਮਨਦੀਪ ਸਿੰਘ | MANBHPJ2404170001 | ਗੁਰਮੇਲ ਕੌਰ | MANBHRE2409100006 | ਅਮਨਦੀਪ ਕੌਰ |
| MANBHPJ2403220003 | ਹਰਦੀਪ ਸਿੰਘ | MANBHRE2411140002 | ਸੁਰਿੰਦਰ ਸਿੰਘ | MANBHPJ2405100003 | ਕੁਲਵੀਰ ਕੌਰ |
| MANBHPJ2501080001 | ਸ਼ਿੰਦਰਪਾਲ ਸਿੰਘ | MANBHRE2410100005 | ਸੁਮਿਤ ਸਿੰਘ | MANBHRE2409280002 | ਜਸਬੀਰ ਸਿੰਘ |
| MANBHPJ2401240001 | ਰਮਨਦੀਪ ਸਿੰਘ | MANBHPJ2411080004 | ਕੁਲਦੀਪ ਸਿੰਘ | MANBHPJ2409260006 | ਅਮਰੀਕ ਰਾਮ |
| MANBHRE2409190004 | ਰਮਨਦੀਪ ਸਿੰਘ | MANBHPJ2403270002 | ਗਗਨਦੀਪ ਸਿੰਘ | MANBHPJ2403060001 | ਗੁਰਮੇਲ ਕੌਰ |
| MANBHPJ2404120003 | ਵੀਰ ਪਾਲ | | | | |

**ਨਿਲਾਮੀ ਹੇਠ ਲਿਖੇ ਪਤੇ 'ਤੇ ਹੋਵੇਗੀ: ਸ਼੍ਰੀਰਾਮ ਫਾਇਨੈਂਸ ਲਿਮ, ਅਰਵਿੰਦ ਨਗਰ, ਨਹਿਰੂ ਕਾਲਜ ਰੋਡ, ਐਚਡੀਐਫਸੀ ਬੈਂਕ ਦੇ ਉਪਰ ਮਾਨਸਾ-151505**
**ਨਿਲਾਮੀ ਦਾ ਸਮਾਂ: ਦੁਪਹਿਰ ਬਾ.ਦੁ. 01.00 ਵਜੇ**
ਕਿਰਪਾ ਕਰਕੇ ਧਿਆਨ ਦਿਓ ਕਿ ਜੇਕਰ ਸਮਾਂ ਸੀਮਾ ਜਾਂ ਕਿਸੇ ਹੋਰ ਕਾਰਨ ਕਰਕੇ ਨਿਲਾਮੀ ਉਸੇ ਦਿਨ ਪੂਰੀ ਨਹੀਂ ਹੁੰਦੀ ਹੈ, ਤਾਂ ਨਿਲਾਮੀ ਅਗਲੇ ਕੰਮਕਾਜੀ ਦਿਨ ਵੀ ਉਸੇ ਨਿਯਮਾਂ ਅਤੇ ਸ਼ਰਤਾਂ 'ਤੇ ਜਾਰੀ ਰਹੇਗੀ।
ਜੇਕਰ ਗ੍ਰਾਹਕ ਦੀ ਮੌਤ ਹੋ ਗਈ ਹੈ, ਤਾਂ ਨਿਲਾਮੀ ਨਾਲ ਸਬੰਧਤ ਸਾਰੀਆਂ ਸ਼ਰਤਾਂ ਉਸਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।
**ਹੋਰ ਜਾਣਕਾਰੀ, ਨਿਯਮਾਂ ਅਤੇ ਸ਼ਰਤਾਂ ਲਈ ਅਤੇ ਨਿਲਾਮੀ ਵਿੱਚ ਹਿੱਸਾ ਲੈਣ ਲਈ ਰਜਿਸਟਰ ਹੋਣ ਲਈ, ਇਛੁੱਕ ਬੋਲੀਕਾਰ ਸ਼੍ਰੀ ਵਨੀਤ ਸ਼ਰਮਾ (9815599337) ਐਸਐਫਐਲ, ਸ਼੍ਰੀ ਵਰਦਾਨ (9910330356) ਸਾਮਿਲ, ਸ਼੍ਰੀ ਨਰਿੰਦਰ ਕੁਮਾਰ (9872076349) ਐਸਐਫਐਲ, ਹਰਮੀਤ ਸਿੰਘ (9216720007) ਨਾਲ ਸੰਪਰਕ ਕਰ ਸਕਦੇ ਹਨ।**

**ਮਿਤੀ : 16.06.2025**
**ਸਥਾਨ : ਮਾਨਸਾ**

ਸਹੀ/-
**ਸ਼੍ਰੀਰਾਮ ਆਟੋਮਾਲ ਇੰਡੀਆ ਲਿਮਿਟਡ**
**ਨਿਲਾਮੀਕਰਤਾ**
**ਵਾਸਤੇ ਸ਼੍ਰੀਰਾਮ ਫਾਇਨਾਂਸ ਲਿਮ.**

## IIFL FINANCE

**CIN: L67100MH1995PLC093797**
**Regd. Office:** IIFL House, Sun Infotech Park, Road No. 16V, Plot No.B-23, Thane Industrial Area, Wagle Estate, Thane - 400604
Tel: (91-22) 41035000 • Fax: (91-22) 25806654
E-mail: reach@iifl.com • Website: www.iifl.com

### ਸੋਨੇ ਦੇ ਗਹਿਣਿਆਂ ਦੀ ਨਿਲਾਮੀ ਦਾ ਜਨਤਕ ਨੋਟਿਸ

ਇਸ ਨੋਟਿਸ ਦੁਆਰਾ ਜਨਤਾ ਅਤੇ ਖਾਸ ਤੌਰ 'ਤੇ ਸੰਬਧਿਤ ਕਰਜ਼ਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ, ਆਈਆਈਐਫਐਲ ਫਾਈਨਾਂਸ ਲਿਮਿਟੇਡ ("IIFL") ਡਿਫਾਲਟਰ ਗਾਹਕਾਂ ਦੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਕਰ ਰਹੇ ਹਾਂ ਜਿਨ੍ਹਾਂ ਨੇ ਰਜਿਸਟਰਡ ਨਿਲਾਮੀ ਨੋਟਿਸਾਂ ਅਤੇ ਵਾਰ-ਵਾਰ ਰੀਮਾਈਂਡਰ ਦੁਆਰਾ ਸੂਚਿਤ ਕੀਤੇ ਜਾਣ ਦੇ ਬਾਵਜੂਦ, ਨਾ ਤਾਂ ਆਪਣੇ ਕਰਜ਼ਿਆਂ ਨੂੰ ਨਿਯਮਤ ਕੀਤਾ ਹੈ ਅਤੇ ਨਾ ਹੀ ਰਕਮ ਦਾ ਭੁਗਤਾਨ ਕੀਤਾ ਹੈ। ਨਿਮਨਲਿਖਤ ਕਰਜ਼ਾ ਖਾਤਿਆਂ ਵਿੱਚ ਗਿਰਵੀ ਰੱਖੇ ਗਏ ਸੋਨੇ ਦੇ ਗਹਿਣਿਆਂ ਦੀ ਸਰਵਜਨਕ ਨੀਲਾਮੀ **ਈ-ਪ੍ਰੋਕਿਊਰਮੈਂਟ ਟੈਕਨੋਲੋਜੀਜ਼ ਲਿਮਿਟਿਡ** ਦੇ ਮਾਧਿਅਮ ਨਾਲ ਉਹਨਾਂ ਦੇ ਔਨਲਾਈਨ ਨੀਲਾਮੀ ਮੰਚ **https://egold.auctiontiger.net** 'ਤੇ **23.06.2025 ਨੂੰ ਦੁਪਹਿਰ 02:00 ਵਜੇ ਤੋਂ ਸ਼ਾਮ 05:00 ਵਜੇ ਤੱਕ** ਵਿਚਾਲੇ ਔਨਲਾਈਨ ਆਯੋਜਿਤ ਕੀਤੀ ਜਾਵੇਗੀ। ਮਿਤੀ ਜਾਂ ਸਥਾਨ ਵਿੱਚ ਕਿਸੇ ਵੀ ਤਬਦੀਲੀ ਦੀ ਘੋਸ਼ਣਾ ਨਿਲਾਮੀ ਕੇਂਦਰ ਵਿੱਚ ਕੀਤੀ ਜਾਵੇਗੀ। ਜੇਕਰ ਕਿਸੇ ਕਾਰਨ ਕਰਕੇ ਉਪਰੋਕਤ ਮਿਤੀ ਨੂੰ ਔਨਲਾਈਨ ਨਿਲਾਮੀ ਨਹੀਂ ਕੀਤੀ ਜਾ ਸਕਦੀ ਜਾਂ ਉਸੇ ਦਿਨ ਨਿਲਾਮੀ ਪੂਰੀ ਨਹੀਂ ਹੁੰਦੀ ਤਾਂ ਆਈਆਈਐਫਐਲ ਕੋਲ ਕਿਸੇ ਵੀ ਅਗਲੀ ਮਿਤੀ ਨੂੰ ਔਨਲਾਈਨ ਨਿਲਾਮੀ ਮੰਚ ਜਾਂ ਨਿਲਾਮੀ ਕੇਂਦਰ ਤੇ, ਉਹਨਾਂ ਸ਼ਰਤਾਂ ਤਹਿਤ ਹੀ ਉਪਰੋਕਤ ਨਿਲਾਮੀ ਕਰਨ ਜਾਂ ਅੱਗੇ ਵਧਣ ਦਾ ਅਧਿਕਾਰ ਹੈ । ਨਿਲਾਮੀ ਨਹੀਂ ਹੋਏ ਸੋਨੇ ਦੇ ਗਹਿਣੇ ਅਗਲੇ ਕਿਸੇ ਵੀ ਕੰਮ ਕਾਜੀ ਦਿਨ ਤੇ ਔਨਲਾਈਨ ਨਿਲਾਮੀ ਮੰਚ ਜਾਂ ਨਿਲਾਮੀ ਕੇਂਦਰ ਉੱਤੇ ਵੇਰਵੇ ਪ੍ਰਦਰਸ਼ਿਤ ਕਰਕੇ ਨਿਲਾਮ ਕੀਤੇ ਜਾਣਗੇ । ਜੇਕਰ ਬ੍ਰਾਂਚ ਪੱਧਰ 'ਤੇ ਨਿਲਾਮੀ ਫੇਲ ਹੋ ਜਾਂਦੀ ਹੈ, ਤਾਂ ਬਿਨਾਂ ਕਿਸੇ ਹੋਰ ਸੂਚਨਾ ਦੇ **10.07.2025** ਨੂੰ ਜ਼ਿਲ੍ਹਾ ਪੱਧਰ 'ਤੇ ਨਿਰਧਾਰਤ ਜ਼ਿਲ੍ਹਾ ਕੇਂਦਰ ਵਿਖੇ ਦੁਬਾਰਾ ਨਿਲਾਮੀ ਕੀਤੀ ਜਾਵੇਗੀ। ਜੇਕਰ ਕਿਸੇ ਕਾਰਨ ਜਿਲਾ ਪੱਧਰੀ ਨਿਲਾਮੀ ਉਪਰੋਕਤ ਮਿਤੀ ਤੇ ਨਹੀਂ ਕੀਤੀ ਜਾ ਸਕਦੀ ਜਾਂ ਨਿਲਾਮੀ ਉਸ ਦਿਨ ਪੂਰੀ ਨਹੀਂ ਹੁੰਦੀ ਤਾਂ ਆਈਆਈਐਫਐਲ ਕੋਲ ਕਿਸੇ ਵੀ ਅਗਲੀ ਮਿਤੀ ਨੂੰ, ਉਹਨਾਂ ਸ਼ਰਤਾਂ ਤਹਿਤ ਹੀ ਜ਼ਿਲਾ ਪੱਧਰੀ ਨਿਲਾਮੀ ਕਰਨ ਜਾਂ ਅੱਗੇ ਵਧਣ ਦਾ ਅਧਿਕਾਰ ਹੈ । ਗਾਹਕ ਦੀ ਮੌਤ ਹੋ ਜਾਣ ਦੀ ਸਥਿਤੀ ਵਿੱਚ, ਨਾਮਜ਼ਦ ਜਾਂ ਕਾਨੂੰਨੀ ਵਾਰਸ ਨਿਲਾਮੀ ਦੀਆਂ ਸਾਰੀਆਂ ਸ਼ਰਤਾਂ ਦੇ ਅਧੀਨ ਹੋਵੇਗਾ।

ਜ਼ਿਲਾ ਕੇਂਦਰ: ਪਟਿਆਲਾ ਲੀਲਾ ਭਵਨ ਜੀ.ਐਲ - ਆਈ.ਆਈ.ਐੱਫ.ਐੱਲ ਫਾਈਨਾਂਸ, ਐਸ.ਸੀ.ਓ ਨੰਬਰ ੨, ਓਪੋ ਇਨਕਮ ਟੈਕਸ ਆਫਿਸ, ਲੀਲਾਭਵਨ , ਪਟਿਆਲਾ ੧੪੭੦੦੧.

**ਸਾਖਾ ਦਾ ਨਾਮ: ਅਮਲੋਹ-ਖੰਨਾ ਰੋਡ ਜੀ.ਐਲ, ਤਾਲੁਕਾ - ਅਮਲੋਹ (ਪੀ)**
**ਗੋਲਡ ਲੋਨ ਖਾਤਾ ਨੰਬਰ:** GL26402903, GL29082654, GL32107051, GL32123268, GL32367711, GL32646153, GL32647840, GL32661231, GL32663025, GL32791559, GL32802985, GL33253534, GL33270789, GL33573235, GL33821784, GL34162092, GL34184628, GL34276114, GL34345066.

**ਸਾਖਾ ਦਾ ਨਾਮ: ਦੇਵੀਗੜ੍ਹ -ਮੇਨ ਪਿਹੋਵਾ ਰੋਡ ਜੀ.ਐਲ, ਤਾਲੁਕਾ -ਪਟਿਆਲਾ**
**ਗੋਲਡ ਲੋਨ ਖਾਤਾ ਨੰਬਰ:** GL34066194.

**ਸਾਖਾ ਦਾ ਨਾਮ: ਘਨੌਰ -ਅਨਾਜ ਮੰਡੀ ਜੀ.ਐਲ, ਤਾਲੁਕਾ - ਪਟਿਆਲਾ**
**ਗੋਲਡ ਲੋਨ ਖਾਤਾ ਨੰਬਰ:** GL28802813.

**ਸਾਖਾ ਦਾ ਨਾਮ: ਨਾਭਾ - ਸਰਕੂਲਰ ਰੋਡ ਜੀ.ਐਲ , ਤਾਲੁਕਾ -ਨਾਭਾ**
**ਗੋਲਡ ਲੋਨ ਖਾਤਾ ਨੰਬਰ:** GL25863891, GL32851709, GL33105723, GL34006936, GL34021115, GL34064028, GL34080971, GL34173361, GL34179055, GL34192016, GL34335570, GL34344787.

**ਸਾਖਾ ਦਾ ਨਾਮ: ਨਾਭਾ - ਪਟਿਆਲਾ ਰੋਡ ਜੀ.ਐਲ, ਤਾਲੁਕਾ - ਨਾਭਾ**
**ਗੋਲਡ ਲੋਨ ਖਾਤਾ ਨੰਬਰ:** GL33552094, GL33569645, GL34007090, GL34178378, GL34246245, GL34267121, GL35152511.

**ਸਾਖਾ ਦਾ ਨਾਮ: ਪਟਿਆਲਾ ਲੀਲਾ ਭਵਨ ਜੀ.ਐਲ, ਤਾਲੁਕਾ - ਪਟਿਆਲਾ**
**ਗੋਲਡ ਲੋਨ ਖਾਤਾ ਨੰਬਰ:** GL26436885, GL27264883, GL32488685, GL32881334, GL32963108, GL33421520, GL33907900, GL34340974, GL34415696.

**ਸਾਖਾ ਦਾ ਨਾਮ: ਪਾਤੜਾਂ-ਜਾਖਲ ਰੋਡ ਜੀ.ਐਲ, ਤਾਲੁਕਾ - ਸਮਾਣਾ**
**ਗੋਲਡ ਲੋਨ ਖਾਤਾ ਨੰਬਰ:** GL25952506, GL30582338, GL30601917, GL31820308, GL32647726, GL32662028.

**ਸਾਖਾ ਦਾ ਨਾਮ: ਰਾਜਪੁਰਾ-ਰਾਜਪੁਰਾ ਜੀ.ਐਲ, ਤਾਲੁਕਾ - ਰਾਜਪੁਰਾ**
**ਗੋਲਡ ਲੋਨ ਖਾਤਾ ਨੰਬਰ:** GL32163415, GL32171727, GL33493625, GL33517676, GL33951770, GL33968716, GL34004366, GL34340027, GL34340195.

**ਸਾਖਾ ਦਾ ਨਾਮ: ਸਮਾਣਾ - ਪੁਰਾਣਾ ਬੱਸ ਸਟੈਂਡ ਨੇੜੇ ਜੀ.ਐਲ , ਤਾਲੁਕਾ - ਪਟਿਆਲਾ**
**ਗੋਲਡ ਲੋਨ ਖਾਤਾ ਨੰਬਰ:** GL33167189, GL33177200, GL33450581, GL33463463, GL34623814.

ਉਪਰੋਕਤ ਸੋਨੇ ਦੇ ਗਹਿਣਿਆਂ ਦੀ ਗੁਣਵੱਤਾ, ਸ਼ੁੱਧਤਾ, ਕੈਰੇਟੇਜ, ਭਾਰ ਅਤੇ ਮੁਲਾਂਕਣ ਦੇ ਸੰਬੰਧ ਵਿੱਚ, ਆਈਆਈਐਫਐਲ ਕੋਈ ਪ੍ਰਤੀਨਿਧਤਾ ਜਾਂ ਵਾਰੰਟੀ ਨਹੀਂ ਦਿੰਦਾ ਹੈ। ਈ-ਨਿਲਾਮੀ ''ਜਿਵੇਂ ਹੈ ਜਿੱਥੇ ਹੈ'', ''ਜਿਵੇਂ ਹੈ ਜੋ ਹੈ'', ਅਤੇ ''ਜੋ ਵੀ ਹੈ'' ਦੇ ਆਧਾਰ 'ਤੇ ਆਯੋਜਿਤ ਕੀਤੀ ਜਾਵੇਗੀ। ਈ-ਨਿਲਾਮੀ ਪ੍ਰਕਿਰਿਆ ਅਤੇ ਇਸਦੇ ਨਤੀਜੇ ਵਜੋਂ ਹੋਣ ਵਾਲੀ ਵਿਕਰੀ (ਜੋ ਕੋਈ ਹੈ) ਉਹ ਨਿਯਮ ਅਤੇ ਸ਼ਰਤਾਂ ਅਧੀਨ ਹੋਵੇਗੀ, ਜੋ ਆਈਆਈਐਫਐਲ ਆਪਣੀ ਪੂਰੀ ਮਰਜ਼ੀ ਨਾਲ, ਲਾਗੂ ਕਰਨ ਦਾ ਫੈਸਲਾ ਕਰ ਸਕਦੀ ਹੈ। ਆਪਣੇ ਇਕੱਲੇ ਅਤੇ ਸੰਪੂਰਨ ਵਿਵੇਕ ਵਿੱਚ, ਆਈਆਈਐਫਐਲ ਕੋਲ ਅਤੇ ਨਿਲਾਮੀ ਸੂਚੀ ਵਿੱਚੋਂ ਕਿਸੇ ਵੀ ਖਾਤੇ ਨੂੰ ਮੁਲਤਵੀ ਕਰਨ ਜਾਂ ਹਟਾਉਣ ਦਾ ਅਧਿਕਾਰ ਹੈ ਅਤੇ ਕੋਈ ਵੀ ਪੂਰਵ ਸੂਚਨਾ ਪ੍ਰਦਾਨ ਕੀਤੇ ਬਿਨਾਂ ਤੇ ਬਿਨਾ ਕਾਰਨ ਦੱਸੇ ਕਿਸੇ ਵੀ ਜਾਂ ਸਾਰੀਆਂ ਬੋਲੀ ਜਾਂ ਪੇਸ਼ਕਸ਼ਾਂ ਨੂੰ ਰੱਦ ਕਰਨ ਦਾ ਅਧਿਕਾਰ ਹੈ। ਸੰਬੰਧਿਤ ਸ਼ਾਖਾ 'ਤੇ, ਗਿਰਵੀ ਰੱਖੇ ਗਹਿਣਿਆਂ ਬਾਰੇ ਜਾਣਕਾਰੀ, ਡਿਫਾਲਟ ਕਰਜ਼ਦਾਰਾਂ ਅਤੇ ਹੋਰ ਵੇਰਵੇ ਡਿਸਪਲੇ 'ਤੇ ਹਨ। ਇਸ ਨੋਟਿਸ ਨੂੰ ਪ੍ਰਕਾਸ਼ਿਤ ਕਰਨ ਤੋਂ ਬਾਅਦ ਵੀ, ਡਿਫਾਲਟ ਕਰਜ਼ਦਾਰਾਂ ਕੋਲ ਵਿਆਜ ਅਤੇ ਲਾਗੂ ਹੋਣ ਵਾਲੇ ਖਰਚਿਆਂ ਸਮੇਤ ਪੂਰੀ ਬਕਾਇਆ ਰਕਮ ਦਾ ਭੁਗਤਾਨ ਕਰਨ ਅਤੇ ਆਪਣੇ ਲੋਨ ਖਾਤੇ ਨੂੰ ਬੰਦ ਜਾਂ ਨਿਯਮਤ ਕਰਨ ਦਾ ਵਿਕਲਪ ਹੁੰਦਾ ਹੈ। ਨਿਲਾਮੀ ਦੀ ਮਿਤੀ ਤੱਕ ਜੋ ਉਹ ਭੁਗਤਾਨ ਨਹੀਂ ਕਰਦੇ, ਤਾਂ ਗਿਰਵੀ ਰੱਖੇ ਸੋਨੇ ਦੇ ਗਹਿਣੇ ਵੇਚੇ ਜਾਣਗੇ ਅਤੇ ਕੋਈ ਵੀ ਬਕਾਇਆ (ਜੋ ਕੋਈ ਹੈ) ਨੂੰ ਵਿਆਜ ਅਤੇ ਲਾਗਤਾਂ ਸਮੇਤ ਬਰਾਮਦ ਕੀਤਾ ਜਾਵੇਗਾ। ਫਿਰ ਵੀ, ਇਸ ਪ੍ਰਕਾਸ਼ਨ 'ਤੇ ਜਾਂ ਇਸ ਤੋਂ ਬਾਅਦ ਬੰਦ ਜਾਂ ਨਿਯਮਤ ਕੀਤੇ ਗਏ ਡਿਫਾਲਟਰ ਲੋਨ ਤੇ ਪ੍ਰਸਤਾਵਿਤ ਪ੍ਰਕਾਸ਼ਿਤ ਖਰਚਾ ਚਾਰਜ ਕੀਤਾ ਜਾਵੇਗਾ। ਕਿਸੇ ਵੀ ਨਿਲਾਮੀ ਦੀ ਵਾਧੂ ਕਮਾਈ ਦੀ ਅਦਾਇਗੀ ਪ੍ਰਾਪਤ ਕਰਨ ਲਈ, ਲੋਨ ਲੈਣ ਵਾਲਿਆਂ ਨੂੰ ਉਹਨਾਂ ਦੀ ਸਭ ਤੋਂ ਤਾਜ਼ਾ ਬੈਂਕ ਖਾਤੇ ਦੀ ਜਾਣਕਾਰੀ ਦੇਣ ਜਾਂ ਅਪਡੇਟ ਕਰਨ ਲਈ ਕਿਹਾ ਜਾਂਦਾ ਹੈ।

**ਵਿਸਤਰਿਤ ਜਾਣਕਾਰੀ, ਨਿਯਮਾਂ ਅਤੇ ਸ਼ਰਤਾਂ ਲਈ ਆਈਆਈਐਫਐਲ ਫਾਈਨਾਂਸ ਲਿਮਿਟੇਡ ਦੇ ਸਬੰਧਿਤ ਸ਼ਾਖਾ ਦਫ਼ਤਰ ਨਾਲ ਸੰਪਰਕ ਕਰੋ।**

**ਤਾਰੀਖ਼: 16.06.2025**
**ਸਥਾਨ: ਪਟਿਆਲਾ**

Sd/
**ਅਧਿਕਾਰਤ ਹਸਤਾਖਰਿਤ**
**ਆਈਆਈਐਫਐਲ ਫਾਈਨਾਂਸ ਲਿਮਿਟੇਡ**

## ਮਲੂਕਾ ਦੇ ਮੁੜ ਪਾਰਟੀ 'ਚ ਸ਼ਾਮਲ ਹੋਣ 'ਤੇ ਅਕਾਲੀ ਵਰਕਰਾਂ ਤੇ ਆਗੂਆਂ 'ਚ ਖ਼ੁਸ਼ੀ ਦੀ ਲਹਿਰ



ਭਗਤਾ ਭਾਈ ਕਾ, 15 ਜੂਨ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਤੇ ਨਿਧੜਕ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ 'ਚ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਕਰਨ ਨਾਲ ਹਲਕਾ ਰਾਮਪੁਰਾ ਫੂਲ ਦੇ ਅਕਾਲੀ ਵਰਕਰਾਂ 'ਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਸਿਕੰਦਰ ਸਿੰਘ ਮਲੂਕਾ ਦੀ ਘਰ ਵਾਪਸੀ ਤੇ ਸਥਾਨਕ ਸ਼ਹਿਰ ਵਿਖੇ ਅਕਾਲੀ ਆਗੂਆਂ ਤੇ ਵਰਕਰਾਂ ਨੇ ਲੱਡੂ ਵੰਡ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਰਾਕੇਸ਼ ਕੁਮਾਰ ਸਾਬਕਾ ਪ੍ਰਧਾਨ ਨਗਰ ਪੰਚਾਇਤ, ਗਗਨਦੀਪ ਸਿੰਘ ਗਰੇਵਾਲ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਭਗਤਾ, ਜਗਮੋਹਨ ਲਾਲ ਕੌਂਸਲਰ, ਸਤਵਿੰਦਰਪਾਲ ਸਿੰਘ ਪਿੰਦਰ, ਸੁਖਜਿੰਦਰ ਸਿੰਘ ਖਾਨਦਾਨ, ਗੁਰਚਰਨ ਸਿੰਘ ਪੂਰੀ ਕੌਂਸਲਰ, ਹਰਦੇਵ ਸਿੰਘ ਗੋਗੀ ਬਰਾੜ, ਲਾਲ ਸਿੰਘ ਮਾਸਟਰ ਆਦਿ ਤੋਂ ਇਲਾਵਾ ਹਰਿੰਦਰ ਸਿੰਘ ਦਿਓਣ ਮਹਿਰਾਜ,ਹਰਭਗਵਾਨ ਸਿੰਘ ਭੁੱਲਰ ਮੈਨੇਜਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਸੁਖਦੀਪ ਸਿੰਘ ਸਿੱਪੀ ਸਿਰੀਏਵਾਲਾ, ਕਰਮਜੀਤ ਸਿੰਘ ਕਾਂਗੜ, ਮਨਜੀਤ ਸਿੰਘ ਧੁੰਨਾ, ਹਰਪਾਲ ਸਿੰਘ ਖਹਿਰਾ, ਸੁਖਜਿੰਦਰ ਸਿੰਘ ਖਹਿਰਾ, ਡਾਕਟਰ ਪ੍ਰਨੀਤ ਕੌਰ ਦਿਓਲ, ਸਤਨਾਮ ਸਿੰਘ ਭਾਈ ਰੂਪਾ, ਕੁਲਵੰਤ ਸਿੰਘ ਘੰਡਾਬੰਨਾ, ਗੁਰਪ੍ਰੀਤ ਸਿੰਘ ਘੰਡਾਬੰਨਾ, ਡਾਕਟਰ ਜਸਪਾਲ ਸਿੰਘ ਦਿਆਲਪੁਰਾ ਮਿਰਜ਼ਾ, ਜਸਪਾਲ ਸਿੰਘ ਭੱਟੀ, ਗੁਲਾਬ ਚੰਦ ਸਿੰਗਲਾ ਜਲਾਲ, ਜਸਵਿੰਦਰ ਸਿੰਘ ਜਲਾਲ ਸੁਰਿੰਦਰ ਸਿੰਘ ਦੁੱਲੇਵਾਲਾ, ਗੁਰਬਚਨ ਸਿੰਘ ਕਲੇਰ ਅਤੇ ਹਰਜੀਤ ਸਿੰਘ ਮਲੂਕਾ ਮੀਡੀਆ ਇੰਚਾਰਜ ਰਤਨ ਸ਼ਰਮਾ ਮਲੂਕਾ ਆਦਿ ਨੇ ਮਲੂਕਾ ਦੀ ਘਰ ਵਾਪਸੀ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

## ਆਪ ਲੁਧਿਆਣਾ ਜਿਮਨੀ ਚੋਣ 'ਚ ਸ਼ਾਨਦਾਰ ਜਿੱਤ ਹਾਸਲ ਕਰੇਗੀ : ਰਮਨਦੀਪ ਸਿੰਘ ਮਾਨਸ਼ਾਹੀਆ



ਸਰਦੂਲਗੜ੍ਹ, 15 ਜੂਨ (ਲਛਮਣ ਸਿੱਧੂ):ਆਮ ਆਦਮੀ ਪਾਰਟੀ ਸਰਦੂਲਗੜ੍ਹ ਦੇ ਸੀਨੀਅਰ ਯੂਥ ਆਗੂ ਰਮਨਦੀਪ ਸਿੰਘ ਮਾਨਸ਼ਾਹੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਹੈ ਕਿ ਆਮ ਆਦਮੀ ਪਾਰਟੀ ਲੁਧਿਆਣਾ ਪੱਛਮੀ ਜਿਮਨੀ ਚੋਣ 'ਚ ਸ਼ਾਨਦਾਰ ਜਿੱਤ ਹਾਸਲ ਕਰੇਗੀ। ਉਹਨਾਂ ਕਿਹਾ ਕਿ ਯੁੱਧ ਨਸ਼ਾ ਵਿਰੁੱਧ ਅਤੇ ਸਿੱਖਿਆ ਕ੍ਰਾਂਤੀ ਮੁਹਿੰਮ ਦੇ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ ਅਤੇ ਵਿਧਾਨ ਸਭਾ ਚੋਣਾਂ ਮੌਕੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੜਾਅ ਦਰ ਪੂਰਾ ਕੀਤਾ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਲੁਧਿਆਣਾ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਵੱਡੇ ਫਰਕ ਨਾਲ ਜਿੱਤ ਹਾਸਲ ਕਰਨਗੇ।

## ਸਵੀਟ ਬਲੌਸਮਸ ਸਕੂਲ, ਸਰਦੂਲਗੜ੍ਹ ਦੇ ਵਿਦਿਆਰਥੀ ਰੁਪੇਸ਼ ਗਰਗ ਨੂੰ ਐਨ.ਈ.ਈ.ਟੀ. 'ਚ ਸ਼ਾਨਦਾਰ ਸਫ਼ਲਤਾ



ਸਰਦੂਲਗੜ੍ਹ, 15 ਜੂਨ (ਲਛਮਣ ਸਿੱਧੂ):ਸਵੀਟ ਬਲੌਸਮਸ ਸਕੂਲ ਦੇ ਬਾਰਵੀਂ ਜਮਾਤ ਦੇ ਵਿਦਿਆਰਥੀ ਰੁਪੇਸ਼ ਗਰਗ ਪੁੱਤਰ ਸ੍ਰੀ ਸੁਰੇਸ਼ ਕੁਮਾਰ ਨੇ NEET (ਨੈਸ਼ਨਲ ਐਲੀਜੀਬਿਲਿਟੀ ਕਮ ਐਂਟਰੈਂਸ ਟੈਸਟ) 2025 ਵਿੱਚ ਆਲ ਇੰਡੀਆ ਵਿੱਚ 97 ਵਾਂ ਰੈਂਕ, 68 ਵਾਂ ਜਨਰਲ ਕੈਟਾਗਰੀ ਰੈਂਕ, 9 ਵਾਂ ਸਟੇਟ ਰੈਂਕ ਪੰਜਾਬ ਵਿੱਚ ਹਾਸਲ ਕਰਕੇ ਸਕੂਲ, ਮਾਪਿਆਂ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਹ ਉਪਲੱਬਧੀ ਸਖ਼ਤ ਮਿਹਨਤ, ਸਮਰਪਣ ਅਤੇ ਅਧਿਆਪਕਾਂ ਦੀ ਰਹਿਨੁਮਾਈ ਦਾ ਨਤੀਜਾ ਹੈ। ਸਕੂਲ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਵੱਲੋਂ ਵਿਦਿਆਰਥੀ ਅਤੇ ਉਸ ਦੇ ਮਾਪਿਆਂ ਨੂੰ ਦਿਲੋਂ ਵਧਾਈਆਂ ਦਿੱਤੀਆਂ ਗਈਆਂ ਹਨ। ਸਕੂਲ ਮੈਨੇਜਮੈਂਟ ਨੇ ਕਿਹਾ ਕਿ "ਇਸ ਤਰ੍ਹਾਂ ਦੀ ਕਾਮਯਾਬੀ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ।"

## ਛੇਵੀਂ ਜੂਨੀਅਰ ਲੜਕੇ ਪੰਜਾਬ ਮੁੱਕੇਬਾਜ਼ੀ ਚੈਂਪੀਅਨਸ਼ਿਪ ਸੁਨਾਮ ਵਿਖੇ ਸਮਾਪਤ



ਸੁਨਾਮ, 15 ਜੂਨ (ਮੋਹਣ ਸ਼ਰਮਾ/ਰਾਊਵਿੰਦਰ ਮਠਾੜੂ): 13, 14 ਅਤੇ 15 ਜੂਨ ਨੂੰ ਸੁਨਾਮ ਦੇ ਸ਼ਿਵ ਨਿਕੇਤਨ ਧਰਮਸ਼ਾਲਾ ਵਿਖੇ ਆਯੋਜਿਤ 6ਵੀਂ ਜੂਨੀਅਰ ਲੜਕੇ ਪੰਜਾਬ ਮੁੱਕੇਬਾਜ਼ੀ ਚੈਂਪੀਅਨਸ਼ਿਪ ਅੱਜ ਸਫਲਤਾਪੂਰਵਕ ਸਮਾਪਤ ਹੋਈ। ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਖਿਡਾਰੀਆਂ ਨੇ ਭਾਗ ਲਿਆ, ਜਿਸ ਵਿੱਚ ਸੂਬੇ ਦੀ ਅਮੀਰ ਮੁੱਕੇਬਾਜ਼ੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਗਿਆ। ਹਾਲਾਂਕਿ ਕੈਬਨਿਟ ਮੰਤਰੀ ਪੰਜਾਬ, ਸ੍ਰੀ ਅਮਨ ਅਰੋੜਾ ਨੇ ਇਨਾਮ ਵੰਡ ਸਮਾਰੋਹ ਵਿੱਚ ਸ਼ਾਮਲ ਹੋਣਾ ਸੀ, ਪਰ ਕੁਝ ਅਣਸੁਖਾਵੇਂ ਹਾਲਾਤਾਂ ਕਾਰਨ ਉਹ ਅਜਿਹਾ ਨਹੀਂ ਕਰ ਸਕੇ। ਉਨ੍ਹਾਂ ਦੀ ਮਾਰਕਿਟ ਕਮੇਟੀ ਸੁਨਾਮ ਦੇ ਚੇਅਰਮੈਨ ਸ੍ਰੀ ਮੁਕੇਸ਼ ਜੁਨੇਜਾ, ਮੀਡੀਆ ਇੰਚਾਰਜ ਸ੍ਰੀ ਜਤਿੰਦਰ ਜੈਨ ਅਤੇ ਮੰਤਰੀ ਦੇ ਨਿੱਜੀ ਸਹਾਇਕ ਸ੍ਰੀ ਸੰਜੀਵ ਕੁਮਾਰ ਨੇ ਸਮਾਰੋਹ ਵਿੱਚ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਇਨਾਮ ਵੰਡੇ। ਸਮਾਗਮ ਦੌਰਾਨ, ਪਤਵੰਤਿਆਂ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਇੱਕ ਸਫਲ ਸਮਾਗਮ ਦੀ ਮੇਜ਼ਬਾਨੀ ਲਈ ਪ੍ਰਬੰਧਕਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਦੇ ਉਪਰਾਲਿਆਂ 'ਤੇ ਚਾਨਣਾ ਪਾਇਆ। ਨੌਜਵਾਨ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਉਨ੍ਹਾਂ ਦੀਆਂ ਸਬੰਧਤ ਖੇਡਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨ ਦੇ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਪਤਵੰਤਿਆਂ ਨੇ ਚੈਂਪੀਅਨਸ਼ਿਪ ਦੇ ਆਯੋਜਨ ਅਤੇ ਭਾਗੀਦਾਰਾਂ ਦੁਆਰਾ ਦਿਖਾਏ ਗਏ ਉਤਸ਼ਾਹ 'ਤੇ ਆਪਣੀ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਨੇ ਨੌਜਵਾਨਾਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਨੂੰ ਮੁੱਕੇਬਾਜ਼ੀ ਪ੍ਰਤੀ ਆਪਣੇ ਜਨੂੰਨ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਜੇਤੂਆਂ ਨੂੰ ਇਨਾਮਾਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ, ਭਾਗੀਦਾਰ ਅਤੇ ਦਰਸ਼ਕ ਭਵਿੱਖ ਵਿੱਚ ਅਜਿਹੇ ਹੋਰ ਸਮਾਗਮਾਂ ਦੀ ਉਮੀਦ ਕਰ ਰਹੇ ਸਨ। ਇਸ ਮੌਕੇ ਪ੍ਰਬੰਧਕ ਸੁਨੀਲ ਵਰਮਾ ਪੀਐਸਪੀਸੀਐਲ, ਸੁਰਿੰਦਰ ਸਿੰਘ ਪੀਐਸਪੀਸੀਐਲ, ਸੰਦੀਪ ਕੁਮਾਰ ਪੀਐਸਪੀਸੀਐਲ, ਸੁਖਜੀਤ ਸ਼ਰਮਾ, ਸੁਸ਼ਮਾ ਚੌਹਾਨ ਅਤੇ ਹੋਰ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਸਿਟੀ ਪ੍ਰੈਸ ਕਲੱਬ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕੀਤੀ ਮੀਟਿੰਗ



ਸੁਨਾਮ ਊਧਮ ਸਿੰਘ ਵਾਲਾ, 15 ਜੂਨ ( ਮੋਹਣ ਸ਼ਰਮਾ / ਰਾਊਵਿੰਦਰ ਮਠਾੜੂ): ਸਿਟੀ ਪ੍ਰੈਸ ਕਲੱਬ ਸੁਨਾਮ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਤਰੁਣ ਬਾਂਸਲ ਦੀ ਅਗਵਾਈ ਹੇਠ ਅਰਬਨ ਕਰੇਵ ਰੈਸਟੋਰੈਂਟ ਵਿਖੇ ਹੋਈ, ਜਿਸ ਦੌਰਾਨ ਡੀ.ਐਸ.ਪੀ. ਸੁਨਾਮ ਹਰਵਿੰਦਰ ਸਿੰਘ ਖਹਿਰਾ ਅਤੇ ਐਸ ਐਚ ਓ ਪ੍ਰਤੀਕ ਜਿੰਦਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਦੌਰਾਨ ਹਾਜ਼ਰੀਨ ਵੱਲੋਂ ਪਿਛਲੇ ਦਿਨੀਂ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਮਾਰੇ ਗਏ ਯਾਤਰੀਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਦੌਰਾਨ ਕਲੱਬ ਸਕੱਤਰ ਆਰ ਐਨ ਕਾਂਸਲ ਨੇ ਹਾਜ਼ਰੀਨ ਕਲੱਬ ਆਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਡੀ ਐਸ ਪੀ ਹਰਵਿੰਦਰ ਸਿੰਘ ਖਹਿਰਾ ਅਤੇ ਐਸ ਐਚ ਓ ਪ੍ਰਤੀਕ ਜਿੰਦਲ ਦਾ ਸਵਾਗਤ ਕੀਤਾ ਅਤੇ ਕਲੱਬ ਮੈਂਬਰਾਂ ਨਾਲ ਜਾਣ-ਪਛਾਣ ਕਰਵਾਈ ਅਤੇ ਕਲੱਬ ਦੀਆਂ ਪ੍ਰਾਪਤੀਆਂ ਤੋਂ ਜਾਣੂ ਵੀ ਕਰਵਾਇਆ। ਇਸ ਦੌਰਾਨ ਡੀ ਐਸ ਪੀ ਹਰਵਿੰਦਰ ਸਿੰਘ ਖਹਿਰਾ ਅਤੇ ਐਸ ਐਚ ਓ ਪ੍ਰਤੀਕ ਜਿੰਦਲ ਨੇ ਆਖਿਆ ਕਿ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਕ੍ਰਾਈਮ ਨੂੰ ਰੋਕਣ ਲਈ ਪ੍ਰੈਸ ਅਤੇ ਪ੍ਰਸ਼ਾਸਨ ਦਾ ਸਾਥ ਬਹੁਤ ਜ਼ਰੂਰੀ ਹੈ ਅਤੇ ਪੁਲਿਸ ਪ੍ਰਸ਼ਾਸਨ ਅਮਨ-ਪਸੰਦ ਸਮਾਜ ਦੀ ਸਮੱਸਿਆ ਦੇ ਹੱਲ ਲਈ ਹਰ ਸਮੇਂ ਤੱਤਪਰ ਹੈ। ਉਹਨਾਂ ਭਰੋਸਾ ਦਿਵਾਇਆ ਕਿ ਜੇਕਰ ਸ਼ਹਿਰ ਵਾਸੀਆਂ ਦੇ ਧਿਆਨ ਵਿੱਚ ਕੋਈ ਵਿਅਕਤੀ ਗ਼ਲਤ ਕੰਮ ਕਰਦਾ ਨਜ਼ਰ ਆਉਂਦਾ ਹੈ ਤਾਂ ਉਹ ਇਸ ਸਬੰਧੀ ਪੁਲਿਸ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਅਤੇ ਜਾਣਕਾਰੀ ਦੇਣ ਵਾਲੇ ਸ਼ਹਿਰੀ ਦਾ ਨਾਂਅ ਗੁਪਤ ਰੱਖਿਆ ਜਾਵੇਗਾ। ਇਸ ਦੌਰਾਨ ਡੀ ਐਸ ਪੀ ਹਰਵਿੰਦਰ ਸਿੰਘ ਖਹਿਰਾ ਅਤੇ ਐਸ ਐਚ ਓ ਪ੍ਰਤੀਕ ਜਿੰਦਲ ਨੇ ਵੱਖ -ਵੱਖ ਇਲਾਕਿਆਂ ਵਿੱਚ ਆਪਣੇ ਪ੍ਰਸ਼ਾਸਨਿਕ ਤਜ਼ਰਬਿਆਂ ਨੂੰ ਸਾਂਝਾ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਪੁਲਿਸ ਪ੍ਰਸ਼ਾਸਨ ਇਲਾਕਾ ਨਿਵਾਸੀਆਂ ਨੂੰ ਹਮੇਸ਼ਾ ਬਿਹਤਰ ਸੇਵਾਵਾਂ ਦੇਣ ਲਈ ਵਚਨਬੱਧ ਹੈ ਅਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਸ਼ਹਿਰ ਦਾ ਮਾਹੌਲ ਖ਼ਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਸਮੇਂ ਕਲੱਬ ਸਰਪ੍ਰਸਤ ਅਤੇ ਸੀਨੀਅਰ ਪੱਤਰਕਾਰ ਕ੍ਰਿਸ਼ਨ ਸੰਦੋਹਾ ਅਤੇ ਆਰ ਐਨ ਕਾਂਸਲ ਨੇ ਪੱਤਰਕਾਰਿਤਾ ਦੇ ਖੇਤਰ ਵਿੱਚ ਆਉਂਦੀਆਂ ਵੱਖ-ਵੱਖ ਮੁਸ਼ਕਿਲਾਂ ਬਾਰੇ ਦੱਸਿਆ ਅਤੇ ਆਪਣੇ ਤਜ਼ਰਬਿਆਂ ਨੂੰ ਸਾਂਝਾ ਕੀਤਾ।

## ਸੰਕੀਰਤਨ ਮੰਡਲ ਦੇ ਸਹਿਯੋਗ ਨਾਲ ਪੁੱਤਰਾਂ ਨੇ ਫਾਦਰ ਡੇਅ ਮੌਕੇ ਮੈਗਾ ਡਾਕਟਰੀ ਜਾਂਚ ਕੈਂਪ ਲਗਾਇਆ



ਲਹਿਰਾਗਾਗਾ, 15 ਜੂਨ (ਗੁਰਦੀਪ ਸਿੰਘ):ਇੱਥੇ ਜੀ.ਪੀ ਐੱਫ ਧਰਮਸ਼ਾਲਾ ਵਿੱਚ ਪਿਤਾ ਦਿਵਸ ਦੇ ਮੌਕੇ 'ਤੇ ਉਨ੍ਹਾਂ ਦੇ ਪੁੱਤਰਾਂ ਵੱਲੋਂ ਮੈਗਾ ਮੈਡੀਕਲ ਚੈੱਕ ਅਪ ਕੈਂਪ ਲਗਾ ਕੇ ਪਿਤਾ ਨੂੰ ਸਿਜਦਾ ਕੀਤਾ ਗਿਆ। ਵਰਨਣਯੋਗ ਗੱਲ ਇਹ ਹੈ ਕਿ ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਲਹਿਰਾਗਾਗਾ (ਰਜਿ.) ਦੇ ਪ੍ਰਧਾਨ ਸ਼੍ਰੀ ਲਕਸ਼ਮੀਕਾਂਤ ਖੋਖਰ ਅਤੇ ਜਨਰਲ ਸਕੱਤਰੀ ਸ੍ਰੀ ਪ੍ਰਵੀਨ ਖੋਖਰ ਵੱਲੋਂ ਆਪਣੇ ਮਰਹੂਮ ਪਿਤਾ ਡਾ. ਦੇਵ ਰਾਜ ਕੌਸ਼ਲ(ਖੋਖਰ) ਨੇਤਰਦਾਨੀ, ਉੱਘੇ ਸਮਾਜ ਸੇਵੀ , ਪਿੰਡ ਖੋਖਰ ਖੁਰਦ ਦੇ ਸਾਬਕਾ ਸਰਪੰਚ, ਪੰਜਾਬ ਪੰਚਾਇਤ ਯੂਨੀਅਨ ਦੇ ਸਾਬਕਾ ਉਪ ਪ੍ਰਧਾਨ ,ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸੰਯੁਕਤ ਸਕੱਤਰ ਅਤੇ ਡੀ.ਏ.ਵੀ. ਗਰੁੱਪ ਆਫ ਸਕੂਲਜ਼ ਖਾਈ/ਲਹਿਰਾਗਾਗਾ ਦੇ ਸੰਸਥਾਪਕ, ਆਪਣੀ ਮਾਤਾ ਸਤਿਕਾਰਤ ਸਵਿਤਰੀ ਦੇਵੀ ਜੀ ਅਤੇ ਆਪਣੇ ਵੱਡੇ ਭਰਾ ਪ੍ਰਸਿੱਧ ਸਿੱਖਿਆ ਸ਼ਾਸ਼ਤਰੀ, ਨੇਤਰਦਾਨੀ ਅਤੇ ਸਮਾਜ ਸੇਵੀ ਮਰਹੂਮ ਡਾ. ਦਰਸ਼ਨ ਕੁਮਾਰ ਖੋਖਰ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਸ਼੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ (ਰਜਿ) ਲਹਿਰਾਗਾਗਾ ਦੇ ਸਹਿਯੋਗ ਨਾਲ ਵਿਸ਼ਾਲ ਮੈਗਾ ਮੈਡੀਕਲ ਚੈੱਕਅਪ ਕੈਂਪ ਲਗਵਾਇਆ ਗਿਆ। ਕੈਂਪ ਦੌਰਾਨ ਡਾ. ਪ੍ਰਗਟ ਸਿੰਘ ਐਮ.ਡੀ ਮੈਡੀਸਨ (ਸ਼ੂਗਰ, ਥਾਇਰਾਇਡ, ਬੀ.ਪੀ, ਹਾਰਟ, ਲੀਵਰ ਅਤੇ ਛਾਤੀ ਰੋਗਾਂ ਦੇ ਮਾਹਰ), ਡਾ. ਗਗਨਦੀਪ ਸਿੰਘ (ਹੱਡੀਆਂ ਦੇ ਰੋਗਾਂ ਦੇ ਮਾਹਰ), ਅਤੇ ਡਾ. ਪਾਹੂਲਪ੍ਰੀਤ ਕੌਰ (ਚਮੜੀ ਰੋਗਾ ਦੇ ਮਾਹਰ) ਵੱਲੋਂ ਤਕਰੀਬਨ 150 ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਗਈ। ਇਸ ਮੌਕੇ ਤਿੰਨ ਮਹੀਨੇ ਵਾਲਾ ਸ਼ੂਗਰ ਟੈਸਟ ਅਤੇ ਯੂਰਿਕ ਐਸਿਡ ਟੈਸਟ ਵੀ ਮੁਫ਼ਤ ਕੀਤੇ ਗਏ। ਕੈਂਪ ਵਿੱਚ ਆਪਣਾ ਚੈੱਕ ਅਪ ਕਰਵਾਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਸੰਸਥਾ ਦੀ ਪ੍ਰਸ਼ੰਸਾ ਕਰਦਿਆਂ ਉਹਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਡੀ.ਏ.ਵੀ. ਸਕੂਲ ਦੇ ਪ੍ਰਬੰਧਕ ਪ੍ਰਵੀਨ ਖੋਖਰ, ਲੱਕੀ ਖੋਖਰ, ਐਡਵੋਕੇਟ ਅਨਿਰੁੱਧ ਕੌਸ਼ਲ ਤੋਂ ਇਲਾਵਾ ਮੈਡਮ ਅਰਪਨਾ ਰਾਣੀ, ਡਾ. ਭਾਰਤੀ ਨੇ ਕਿਹਾ ਕਿ ਅੱਜ ਪਿਤਾ ਦਿਵਸ ਦੇ ਮੌਕੇ ਤੇ ਆਪਣੇ ਮਰਹੂਮ ਪਿਤਾ (ਡਾ. ਦੇਵ ਰਾਜ) , ਮਰਹੂਮ ਮਾਤਾ ( ਸਤਿਕਾਰਤ ਸਵਿੱਤਰੀ ਦੇਵੀ) ਦੇ ਨਾਲ ਨਾਲ ਵੱਡੇ ਭਰਾ (ਡਾ. ਦਰਸ਼ਨ ) ਜੀ ਦੀ ਯਾਦ ਵਿੱਚ ਕੈਂਪ ਲਗਵਾ ਕੇ ਜਿੱਥੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਕੇ ਸ਼ਰਧਾਂਜਲੀ ਦੇਣਾ ਸੀ, ਉਥੇ ਇਲਾਕੇ ਦੇ ਵੱਖ -ਵੱਖ ਬਿਮਾਰੀਆਂ ਦਾ ਸ਼ਿਕਾਰ ਹੋਏ ਰੋਗੀਆਂ ਦਾ ਚੈੱਕ ਅਪ ਕਰਵਾ ਦੇ ਉਨ੍ਹਾਂ ਦੀ ਸੇਵਾ ਕਰਨ ਦਾ ਮਨੋਰਥ ਵੀ ਸੀ। ਉਨ੍ਹਾਂ ਇਹ ਵੀ ਆਖਿਆ ਕਿ ਪਰਿਵਾਰ ਵੱਲੋਂ ਸਾਲ ਵਿੱਚ ਅਜਿਹੇ ਦੋ ਕੈਂਪਾਂ ਦਾ ਆਯੋਜਨ ਕਰਵਾਇਆ ਜਾਇਆ ਕਰੇਗਾ ਤਾਂ ਜੋ ਇਲਾਕੇ ਦੇ ਲੋਕ ਇਹਨਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਲੈ ਸਕਣ ।ਇਸ ਸਮੇਂ ਸੰਸਥਾ ਦੇ ਸੰਸਥਾਪਕ ਸ੍ਰੀ ਜਸ ਪੇਂਟਰ, ਪ੍ਰਧਾਨ ਸੁਰਿੰਦਰ ਗਰਗ ,ਕੈਸ਼ੀਅਰ ਗੌਰਵ ਵਿੱਕੀ, ਸੈਕਟਰੀ ਰਾਕੇਸ਼ ਬੰਸਲ ਤੋਂ ਇਲਾਵਾ ਸੁਰੇਸ਼ ਠੇਕੇਦਾਰ, ਤਰਸੇਮ ਚੰਦ ਖੱਦਰ ਭੰਡਾਰ ਵਾਲੇ,ਰਮੇਸ਼ ਕੁਮਾਰ ਕੱਪੜੇ ਵਾਲੇ ,ਰਾਜ ਗੋਇਲ ਬੈਂਕ ਵਾਲੇ, ਗੋਪਾਲ ਸਿੰਗਲਾ, ਓਮ ਪ੍ਰਕਾਸ਼ ਮੌੜਾਂ ਵਾਲੇ , ਸੁਭਾਸ਼ ਜਿੰਦਲ ਗਾਗੇ ਵਾਲੇ ਨੇ ਪਿਤਾ ਦਿਵਸ ਮੌਕੇ ਪੁੱਤਰਾਂ ਵੱਲੋਂ ਆਪਣੇ ਪਿਤਾ ਦੇ ਨਾਲ ਨਾਲ ਹੋਰਨਾਂ ਪਰਿਵਾਰਿਕ ਮੈਂਬਰਾਂ ਦੀ ਯਾਦ ਵਿੱਚ ਲਗਵਾਏ ਇਸ ਕੈਂਪ ਦੇ ਉਦਮ ਦੀ ਭਰਵੀਂ ਪ੍ਰਸ਼ੰਸਾ ਕਰਦੇ ਹੋਏ ਪਰਿਵਾਰ ਵੱਲੋਂ ਦੋ ਕੈਂਪ ਲਗਵਾਉਣ ਦੇ ਫੈਸਲਾ ਦਾ ਧੰਨਵਾਦ ਵੀ ਕੀਤਾ।

## ਸ਼ਹਿਰ ਦੀਆਂ ਕਈ ਸੰਸਥਾਵਾਂ ਨੇ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ





ਸੁਨਾਮ ਊਧਮ ਸਿੰਘ ਵਾਲਾ, 15 ਜੂਨ (ਮੋਹਣ ਸ਼ਰਮਾ / ਰਾਊਵਿੰਦਰ ਮਠਾੜੂ): 12/6/25 ਨੂੰ ਇੱਕ ਬਹੁਤ ਹੀ ਦੁਖਦਾਈ ਘਟਨਾ ਵਾਪਰੀ ਕਿ ਸਾਡਾ ਏਅਰ ਇੰਡੀਆ ਦਾ ਜਹਾਜ਼ ਅਹਿਮਦਾਬਾਦ ਤੋਂ ਲੰਡਨ ਲਈ ਦੁਪਹਿਰ ਲਗਭਗ 1.30 ਵਜੇ ਉਡਾਣ ਭਰਿਆ ਅਤੇ ਉਡਾਣ ਭਰਨ ਤੋਂ 30 ਸਕਿੰਟਾਂ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਵਿੱਚ 242 ਯਾਤਰੀ ਸਨ। ਜਹਾਜ਼ 1.5 ਕਿਲੋਮੀਟਰ ਦੂਰ ਮੈਡੀਕਲ ਕਾਲਜ ਦੀ ਉੱਪਰਲੀ ਮੰਜ਼ਿਲ ਨਾਲ ਟਕਰਾ ਗਿਆ। ਜਹਾਜ਼ ਦੇ ਟੁਕੜੇ-ਟੁਕੜੇ ਹੋ ਗਏ, ਜਿਸ ਹੋਸਟਲ ਦੀ ਇਮਾਰਤ ਨਾਲ ਇਹ ਟਕਰਾਇਆ ਸੀ ਉਹ ਵੀ ਤਬਾਹ ਹੋ ਗਈ। ਜਹਾਜ਼ ਵਿੱਚ ਸਾਰੇ ਯਾਤਰੀ (ਇੱਕ ਨੂੰ ਛੱਡ ਕੇ) ਮਾਰੇ ਗਏ। ਵਿਦਿਆਰਥੀ ਅਤੇ ਡਾਕਟਰ ਉਸ ਇਮਾਰਤ ਵਿੱਚ ਖਾਣਾ ਖਾ ਰਹੇ ਸਨ। ਉਨ੍ਹਾਂ ਵਿੱਚੋਂ 56 ਲੋਕ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ। ਇਹ ਇੱਕ ਦੁਖਦਾਈ ਘਟਨਾ ਸੀ ਜਿਸ ਵਿੱਚ 297 ਲੋਕ ਮਾਰੇ ਗਏ ।ਇਸ ਦੁੱਖ ਦੀ ਘੜੀ ਵਿੱਚ, ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਸੁਨਾਮ, ਪ੍ਰਗਤੀਸ਼ੀਲ ਬ੍ਰਾਹਮਣ ਸਭਾ ਸੁਨਾਮ ਅਤੇ ਸਾਰੇ ਸ਼ਹਿਰ ਵਾਸੀਆਂ ਨੇ ਅੱਜ ਸ਼ਾਮ 6 ਵਜੇ ਰੋਜ਼ ਗਾਰਡਨ ਸੁਨਾਮ ਵਿਖੇ ਇੱਕ ਸ਼ੋਕ ਸਭਾ ਦਾ ਆਯੋਜਨ ਕੀਤਾ। ਸਮੂਹ ਮੈਂਬਰਾਂ ਨੇ ਇਸ ਹਾਦਸੇ ਵਿੱਚ ਮਾਰੇ ਗਏ ਵਿਅਕਤੀਆਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਹੈੱਡ ਰੁਪਿੰਦਰ ਭਾਰਦਵਾਜ, ਮਾਸਟਰ ਭੂਸ਼ਨ ਸ਼ਰਮਾ, ਪੰਜਾਬ ਖਟ ਦਰਸ਼ਨ ਸਾਧੂ ਸਮਾਜ ਦੇ ਮੁਖੀ ਕਾਹਨ ਦਾਸ ਬਾਬਾ ਜੀ, ਬੀਰਬਲ ਦਾਸ, ਪਵਨ ਗੁਜਰਾਂ, ਮਾਸਟਰ ਭਰਤ ਹਰੀ ਸ਼ਰਮਾ ਜੀ, ਦੋ ਸੋਮਨਾਥ ਸ਼ਰਮਾ, ਗੁਰਚਰਨ ਸਿੰਘ, ਗੁਰਦਿਆਲ ਸਿੰਘ, ਵਿਜੇ ਕੁਮਾਰ, ਲਾਜਪਤ ਭੋਲਾ ਜੀ, ਗਿਆਨ ਚੰਦ ਗੁਪਤਾ, ਪ੍ਰਭਾਤ ਜੀ ਆਦਿ ਹਾਜ਼ਰ ਸਨ।

## 'ਯੁੱਧ ਨਸ਼ਿਆਂ ਵਿਰੁੱਧ ' ਮੁਹਿੰਮ ਤਹਿਤ ਪੁਲਿਸ ਸਬ ਡਵੀਜਨ ਦਿੜ੍ਹਬਾ ਅੰਦਰ ਪਿਛਲੇ ਤਿੰਨ ਮਹਿਨਿਆਂ 'ਚ 39 ਮੁਕੱਦਮੇ ਦਰਜ ਕਰਕੇ ਗ੍ਰਿਫ਼ਤਾਰ : ਡਾ. ਰੁਪਿੰਦਰ ਕੌਰ ਬਾਜਵਾ



ਦਿੜ੍ਹਬਾ ਮੰਡੀ, 15 ਜੂਨ - ਹੈਪੀ : ਪੁਲਸ ਸਬ ਡਵੀਜ਼ਨ ਦਿੜ੍ਹਬਾ ਦੇ ਉਪ ਕਪਤਾਨ ਡਾ. ਰੁਪਿੰਦਰ ਕੌਰ ਬਾਜਵਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਪ੍ਰੈਸ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਅਤੇ ਸੀਨੀਅਰ ਪੁਲਸ ਅਧਿਕਾਰੀਆ ਵੱਲੋ ਪੰਜਾਬ ਅੰਦਰ ਨਸ਼ੇ ਦਾ ਖਾਤਮਾ ਕਰਨ ਲਈ ' ਯੁੱਧ ਨਸ਼ਿਆ ਵਿਰੁੱਧ' ਦੇ ਨਾਅਰੇ ਤਹਿਤ ਮਿਤੀ 1 ਮਾਰਚ ਤੋਂ ਸੂਬੇ ਅੰਦਰ ਵਿਸੇਸ਼ ਮੁੰਹਿਮ ਚਲਾਈ ਗਈ ਹੈ , ਜਿਸ ਦੌਰਾਨ ਲੋਕਾਂ ਨੂੰ ਨਸ਼ਿਆ ਤੋ ਦੂਰ ਰਹਿਣ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਪੁਲਸ ਦਾ ਸਹਿਯੋਗ ਦੇਣ ਲਈ ਹਰ ਇੱਕ ਪਿੰਡ ਅਤੇ ਸ਼ਹਿਰ ਦੇ ਵਾਰਡਾਂ ਵਿੱਚ ਲਗਾਤਾਰ ਸੈਮੀਨਾਰ , ਨਸ਼ਾ ਮੁਕਤੀ ਯਾਤਰਾਵਾਂ ਦਾ ਅਭਿਆਨ ਚਲਾਇਆ ਗਿਆ। ਇਸ ਮੁਹਿੰਮ ਦੌਰਾਨ ਸਬ ਡਵੀਜਨ ਦਿੜ੍ਹਬਾ ਦੇ ਥਾਣਾ ਦਿੜ੍ਹਬਾ, ਛਾਜਲੀ ਅਤੇ ਧਰਮਗੜ੍ਹ ਦੇ ਇਲਾਕੇ ਵਿੱਚ ਨਸ਼ਾ ਤਸਕਰੀ ਕਰਨ ਵਾਲੇ ਛੋਟੇ-ਵੱਡੇ ਸਮੱਗਲਰਾਂ, ਪੈਡਲਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਲਈ ਲਿਸਟਾਂ ਤਿਆਰ ਕੀਤੀਆਂ ਗਈਆਂ ਅਤੇ ਇਹਨਾ ਵਿਰੁੱਧ ਐਨ.ਡੀ.ਪੀ.ਐਸ਼. ਐਕਟ ਤਹਿਤ ਪਿਛਲੇ ਤਿੰਨ ਮਹੀਨਿਆਂ ਅੰਦਰ ਕੁੱਲ 39 ਮੁਕੱਦਮੇ ਦਰਜ ਕਰਕੇ 63 ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਹੈ। ਇਨਾਂ ਪਾਸੋਂ ਕਥਿਤ ਤੌਰ 'ਤੇ 234 ਗ੍ਰਾਮ ਚਿੱਟਾ ਜਾਂ ਹੈਰੋਇਨ , 4535 ਇਤਰਾਜ਼ਯੋਗ ਕਥਿਤ ਤੌਰ 'ਤੇ ਨਸ਼ੀਲੀਆਂ ਗੋਲੀਆਂ, 54 ਕਿੱਲੋ ਭੁੱਕੀ ਚੂਰਾ ਪੋਸਤ ਅਤੇ ਅਲੱਗ-ਅਲੱਗ ਮਾਤਰਾ ਵਿੱਚ ਸਮੈਕ, ਗਾਂਜਾ ਅਤੇ ਸੂਲਫਾ ਆਦਿ ਦੀ ਬਰਾਮਦਗੀ ਕਰਵਾਏ ਜਾਣ ਦਾ ਦਾਅਵਾ ਕੀਤਾ ਗਿਆ । ਇਸੇ ਲੜੀ ਤਹਿਤ ਹੁਣ ਤੱਕ ਦਿੜ੍ਹਬਾ ਡਵੀਜਨ ਦੇ 6 ਡਰੱਗ ਸਪਲਾਇਰ ਅਤੇ 25 ਡਰੱਗ ਪੈਡਲਰਾਂ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ।

## ਪੰਜਾਬ ਭਵਨ ਸਰੀ ਕੈਨੇਡਾ ਨੇ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਤਹਿਤ ਬੱਚਿਆਂ ਦਾ ਆਨਲਾਈਨ ਪ੍ਰੋਗਰਾਮ ਕਰਵਾਇਆ



ਭਗਤਾ ਭਾਈ ਕਾ, 15 ਜੂਨ (ਸਵਰਨ ਸਿੰਘ ਭਗਤਾ):ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਵੱਲੋਂ ਸ਼ੁਰੂ ਕੀਤੇ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਨਾਲ ਜੁੜੇ ਵੱਖ ਵੱਖ ਜਿਲਿਆਂ ਤੋਂ ਬਾਲ ਸਹਿਤਕਾਰਾਂ ਦਾ ਆਨਲਾਈਨ ਕਵੀ ਦਰਬਾਰ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਤਕਰੀਬਨ 29 ਬੱਚਿਆਂ ਨੇ ਆਪਣੀਆਂ ਵੱਖ-ਵੱਖ ਵਿਸ਼ਿਆਂ 'ਤੇ ਰਚਨਾਵਾਂ ਸੁਣਾਈਆਂ। ਮੰਚ ਸੰਚਾਲਣ ਦੀ ਭੂਮਿਕਾ ਬੱਚਿਆਂ ਵੱਲੋਂ ਤਨਮਪ੍ਰੀਤ ਕੌਰ ਗੁਰਦਾਸਪੁਰ ਅਤੇ ਸਮੀਖਸ਼ਾ ਮਾਲੇਰਕੋਟਲਾ ਵੱਲੋਂ ਬਾਖੂਬੀ ਨਿਭਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਭੀਮ ਸਿੰਘ ਅਨਲਾਇਨ ਟਰੇਨਿੰਗ ਇੰਚਾਰਜ ਅਤੇ ਗੁਰਵਿੰਦਰ ਸਿੰਘ ਕਾਂਗੜ ਸੀਨੀਅਰ ਸਹਿ ਪ੍ਰੋਜੈਕਟ ਇੰਚਾਰਜ ਵੱਲੋਂ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਵਿੰਦਰ ਸਿੰਘ ਕਾਂਗੜ ਨੇ ਦੱਸਿਆ ਕਿ ਪ੍ਰੋਗਰਾਮ ਦੇ ਸ਼ੁਰੂ ਵਿੱਚ ਸੁਖਮਨ ਕੌਰ ਫਰੀਦਕੋਟ ਵੱਲੋਂ ਗੀਤ ਨਾਨੀ ਪੇਸ਼ ਕੀਤਾ ਗਿਆ। ਅੱਗੇ ਲੜੀਵਾਰ ਦੇ ਮੋਹਾਲੀ ਵੱਲੋਂ ਅੰਗ ਦਾਨ ਕਵਿਤਾ,ਸਨੇਹਾ ਮੋਹਾਲੀ ਵੱਲੋਂ ਮੈਨੂੰ ਗੋਡੇ ਗੋਡੇ ਚਾਅ,ਮੁਸਕਾਨ ਮੁਹਾਲੀ ਅੰਗਦਾਨ ਕਵਿਤਾ,ਹਾਇਕਾ ਢਿੱਲੋ ਮਲੇਰਕੋਟਲਾ ਵੱਲੋਂ ਭੂਆ ਭਤੀਜੀ ਕਵਿਤਾ,ਰਾਜਵੀਰ ਕੌਰ ਗੁਰਦਾਸਪੁਰ ਵੱਲੋਂ ਪੜਾਈ ਕਵਿਤਾ,ਹਰਸਿਮਰਤ ਕੌਰ ਗੁਰਦਾਸਪੁਰ ਵੱਲੋਂ ਰੁੱਖ ਲਗਾਓ ਕਵਿਤਾ,ਹਰਪ੍ਰੀਤ ਕੌਰ ਗੁਰਦਾਸਪੁਰ ਵੱਲੋਂ ਵਿਦਿਆ ਕਵਿਤਾ,ਅਨੀਤਾ ਖੰਨਾ ਜਲੰਧਰ ਵੱਲੋਂ ਸਫਰ ਕਵਿਤਾ,ਗੁਰਨੂਰ ਸੰਗਰੂਰ ਵੱਲੋਂ ਮੇਰੇ ਪਾਪਾ ਕਵਿਤਾ,ਪਰਮਿੰਦਰ ਸਿੰਘ ਪਟਿਆਲਾ ਵੱਲੋਂ ਵਸਦਾ ਰਹੇ ਮੇਰਾ ਪੰਜਾਬ ਗੀਤ,ਸਵਾਨ ਸਹੋਤਾ ਮੋਹਾਲੀ ਵੱਲੋਂ ਹਉਮੈ ਕਵਿਤਾ,ਏਕਮਜੋਤ ਗੁਰਦਾਸਪੁਰ ਵੱਲੋਂ ਨਸ਼ਾ ਮੁਕਤ ਪੰਜਾਬ ਸਬੰਧੀ ਰਚਨਾ,ਮੁਸਕਾਨ ਬਰਨਾਲਾ ਵੱਲੋਂ ਕਿੱਧਰ ਗਿਆ ਪੰਜਾਬ ਕਵਿਤਾ,ਅਰਸ਼ਦੀਪ ਕੌਰ ਬਰਨਾਲਾ ਵੱਲੋਂ ਧੀਆਂ ਕਵਿਤਾ, ਨਵਜੋਤ ਕੌਰ ਬਰਨਾਲਾ ਵੱਲੋਂ ਸੁਖੀ ਬਾਠ ਤੇ ਲਿਖੀ ਕਵਿਤਾ, ਸੰਤੋਸ਼ ਗੁਰਦਾਸਪੁਰ ਵੱਲੋਂ ਲੇਖ ਸਮਾਂ,ਹਰਨੂਰ ਸਿੰਘ ਜਲੰਧਰ ਵੱਲੋਂ ਉਡਾਣ ਅਜੇ ਬਾਕੀ ਹੈ ਕਵਿਤਾ,ਸੁਖਮਨ ਕੌਰ ਫਰੀਦਕੋਟ ਵੱਲੋਂ ਪੰਜਾਬ ਦੇ ਵਿਗੜੇ ਹਾਲਾਤ ਸਬੰਧੀ ਕਵਿਤਾ,ਹਰਪ੍ਰੀਤ ਕੌਰ ਗੁਰਦਾਸਪੁਰ ਵੱਲੋਂ ਇਮਾਨਦਾਰੀ ਕਵਿਤਾ,ਮਾਨਿਆਤਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਨਸ਼ਾ ਇੱਕ ਲਾਹਨਤ ਕਵਿਤਾ,ਲਾਡੀ ਸੰਗਰੂਰ ਵੱਲੋਂ ਧਰਤੀ ਅਤੇ ਪਾਣੀ ਕਵਿਤਾ,ਅਨਹਦ ਸਿੰਘ ਲੁਧਿਆਣਾ ਵੱਲੋਂ ਜਨਮ ਦਿਨ ਕਵਿਤਾ,ਬਖਸ਼ੀਸ਼ ਕੌਰ ਸ੍ਰੀ ਮੁਕਤਸਰ ਸਾਹਿਬ ਅਸਲ ਪੰਜਾਬ ਕਵਿਤਾ,ਮੁਸਕਾਨ ਬਰਨਾਲਾ ਵੱਲੋਂ ਬਾਪੂ ਦੀ ਲਾਡਲੀ ਧੀ ਕਵਿਤਾ,ਸਮਿਕਸ਼ਾ ਵੱਲੋਂ ਜ਼ਿੰਦਗੀ ਦਾ ਸੱਚ ਕਵਿਤਾ,ਦੇਵ ਮੋਹਾਲੀ, ਧਰਮਪ੍ਰੀਤ ਕੌਰ ਗੁਰਦਾਸਪੁਰ ਵੱਲੋਂ ਖ਼ੂਨ ਦਾਨ ਕਵਿਤਾ ਅਤੇ ਮਨੀ ਕੌਰ ਮੋਹਾਲੀ ਵੱਲੋਂ ਰਿਸ਼ਤਾ ਭੈਣ ਭਰਾ ਕਵਿਤਾ ਪੇਸ਼ ਕੀਤੀ ਗਈ ।ਲੱਗਭੱਗ ਦੋ ਘੰਟੇ ਦੇ ਪ੍ਰੋਗਰਾਮ ਦੌਰਾਨ ਬੱਚਿਆਂ ਨੇ ਆਪਣੀਆਂ ਲਿਖੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਕੀਲ ਕੇ ਬਿਠਾ ਰੱਖਿਆ। ਦੋ ਬੱਚੇ ਸੁਖਮਨ ਫਰੀਦਕੋਟ ਅਤੇ ਮਨਹਰ ਸਿੰਘ ਲੁਧਿਆਣਾ ਵੱਲੋਂ ਗਰੁੱਪ ਵਿੱਚ ਪਾਈਆਂ ਬੁਝਾਰਤਾਂ ਦੇ ਸਭ ਤੋਂ ਪਹਿਲਾਂ ਜਵਾਬ ਦਿੱਤੇ ਗਏ ।ਕੁੱਲ ਮਿਲਾ ਕੇ ਅੱਜ ਦਾ ਪ੍ਰੋਗਰਾਮ ਬਹੁਤ ਸਫਲ ਰਿਹਾ। ਪ੍ਰੋਜੈਕਟ ਇੰਚਾਰਜ ਓਂਕਾਰ ਸਿੰਘ ਤੇਜੇ ਵੱਲੋਂ ਸਾਰਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰ ਵਿੱਚ ਸ੍ਰੀ ਸੁੱਖੀ ਬਾਠ ਵੱਲੋਂ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਅਤੇ ਅੱਗੇ ਵੀ ਰਚਨਾਵਾਂ ਲਿਖਣ ਲਈ ਹੱਲਾਸ਼ੇਰੀ ਦਿੱਤੀ ਗਈ ਅਤੇ ਬੱਚਿਆਂ ਲਈ ਹਰ ਸੰਭਵ ਯਤਨ ਕਰਨ ਦਾ ਵਾਅਦਾ ਕੀਤਾ ਗਿਆ ।ਇਸ ਪ੍ਰੋਗਰਾਮ ਗੁਰਦਾਸਪੁਰ ਤੋਂ ਪ੍ਰਧਾਨ ਡਾ. ਸਤਿੰਦਰ ਕੌਰ ਕਾਹਲੋਂ, ਡਾਕਟਰ ਸੁਰਿੰਦਰ ਕੁਮਾਰ ਜਿੰਦਲ ਜ਼ਿਲ੍ਹਾ ਪ੍ਰਧਾਨ ਮੋਹਾਲੀ,ਅਵਤਾਰ ਸਿੰਘ ਚੋਟੀਆਂ ਜ਼ਿਲ੍ਹਾ ਪ੍ਰਧਾਨ ਸੰਗਰੂਰ, ਸ਼ਸ਼ੀ ਬਾਲਾ ਸੰਗਰੂਰ,ਲਖਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਮਾਲੇਰਕੋਟਲਾ,ਵੀਨਾ ਅਰੋੜਾ ਜ਼ਿਲ੍ਹਾ ਪ੍ਰਧਾਨ ਜਲੰਧਰ, ਰਾਜਿੰਦਰ ਕੌਰ ਮੋਹਾਲੀ, ਗੁਤਿੰਦਰ ਕੌਰ ਮੋਹਾਲੀ,ਕੁਲਦੀਪ ਕੌਰ ਖੰਨਾ ਮਾਲੇਰਕੋਟਲਾ,ਰਣਜੀਤ ਕੌਰ ਬਾਜਵਾ ਗੁਰਦਾਸਪੁਰ, ਬਲਜਿੰਦਰ ਕੌਰ ਕਲਸੀ ਮੋਗਾ, ਰਾਜੇਸ਼ ਕੁਮਾਰ ਭਗਤ ਜਲੰਧਰ, ਲਖਵੀਰ ਕੌਰ ਮੋਹਾਲੀ, ਕਮਲਜੀਤ ਕੌਰ ਗੁਰਦਾਸਪੁਰ, ਨਵਜੋਤ ਕੌਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਇਹਨਾਂ ਮੈਂਬਰਾਂ ਤੋਂ ਇਲਾਵਾ ਬੱਚਿਆਂ ਦੇ ਮਾਪੇ ਅਤੇ ਗਾਈਡ ਅਧਿਆਪਕ ਸ਼ਾਮਿਲ ਸਨ।

## ਨਹੀਂ ਸਿਰੇ ਲੱਗ ਰਹੀ ਕੁੱਤਿਆਂ ਦੀ ਨਸਬੰਦੀ ਯੋਜਨਾ 10 ਸਾਲਾਂ 'ਚ ਚਾਰ ਵਾਰ ਸ਼ੁਰੂ ਕੀਤੀ ਗਈ ਨਸਬੰਦੀ ਕਰਨ ਦੀ ਯੋਜਨਾ

ਬਠਿੰਡਾ, 15 ਜੂਨ (ਦੀਪਕ ਸ਼ਰਮਾ):ਸ਼ਹਿਰ ਵਿੱਚ ਵਧ ਰਹੀ ਆਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਲਈ ਬਠਿੰਡਾ ਨਗਰ ਨਿਗਮ ਪਿਛਲੇ 10 ਸਾਲਾਂ ਵਿੱਚ 4 ਵਾਰ ਕੁੱਤਿਆਂ ਦੀ ਨਸਬੰਦੀ ਅਤੇ ਨਲਬੰਦੀ ਦੀ ਯੋਜਨਾ ਬਣਾ ਕੇ ਕੰਮ ਸ਼ੁਰੂ ਕਰ ਚੁੱਕਾ ਹੈ, ਪਰ ਪਿਛਲੇ ਦੋ ਵਾਰ ਇਹ ਯੋਜਨਾ ਕਿਸੇ ਨਾ ਕਿਸੇ ਵਿਵਾਦਾਂ ਕਾਰਨ ਅਧਵਾਟੇ ਲਟਕੀ ਹੋਈ ਹੈ, ਜਦੋਂ ਕਿ ਹੁਣ ਚੌਥੀ ਵਾਰ ਇਹ ਯੋਜਨਾ ਚੱਲ ਰਹੀ ਹੈ ਅਤੇ ਨਿਗਮ ਨੇ ਇਸ ਯੋਜਨਾ ਨੂੰ ਤਿੰਨ ਮਹੀਨਿਆਂ ਲਈ ਵਧਾ ਦਿੱਤਾ ਹੈ। ਪਿਛਲੇ ਪੰਜ ਮਹੀਨਿਆਂ ਵਿੱਚ ਕਰੀਬ 3 ਹਜ਼ਾਰ ਕੁੱਤਿਆਂ ਦੀ ਨਸਬੰਦੀ ਕੀਤੀ ਜਾ ਚੁੱਕੀ ਹੈ, ਜਦੋਂਕਿ ਪਹਿਲਾਂ ਤਿੰਨ ਵਾਰ ਚਲਾਏ ਪ੍ਰੋਜੈਕਟ ਦੌਰਾਨ ਕਰੀਬ 10 ਹਜ਼ਾਰ 745 ਕੁੱਤਿਆਂ ਦੀ ਨਸਬੰਦੀ ਕਰਨ ਵਿੱਚ ਨਿਗਮ ਸਫਲ ਹੋ ਸਕਿਆ ਸੀ। ਪਿਛਲੇ 10 ਸਾਲਾਂ ਵਿੱਚ ਚਲਾਏ ਪ੍ਰੋਜੈਕਟ ਦੌਰਾਨ 13 ਹਜ਼ਾਰ 245 ਦੇ ਕਰੀਬ ਕੁੱਤਿਆਂ ਦੀ ਨਸਬੰਦੀ ਦੇ ਆਪ੍ਰੇਸ਼ਨ ਨਿਗਮ ਦੁਆਰਾ ਕੀਤੇ ਜਾ ਚੁੱਕੇ ਹਨ, ਪਰ ਇਸ ਦੇ ਬਾਵਜੂਦ ਵੀ ਸ਼ਹਿਰ ਵਿੱਚ ਕੁੱਤਿਆਂ ਦੀ ਆਬਾਦੀ ਘੱਟ ਹੋਣ ਦੀ ਬਜਾਏ ਪਿਛਲੇ 10 ਸਾਲਾਂ ਵਿੱਚ ਵਧੀ ਹੈ, ਜਿਸ ਦਾ ਮੁੱਖ ਕਾਰਨ ਹਰ ਵਾਰ ਨਸਬੰਦੀ ਪ੍ਰੋਜੈਕਟ ਦਾ ਅੱਧ ਵਿਚਾਲੇ ਬੰਦ ਹੋਣਾ ਹੈ। ਨਿਗਮ ਵੱਲੋਂ ਤੈਅ ਕੁੱਤਿਆਂ ਦੀ ਨਸਬੰਦੀ ਕੀਤੇ ਬਿਨਾਂ ਹੀ ਪ੍ਰੋਜੈਕਟ ਕਿਸੇ ਨਾ ਕਿਸੇ ਵਿਵਾਦ ਕਾਰਨ ਅੱਧ ਵਿਚਾਲੇ ਬੰਦ ਹੋਣ ਕਰਕੇ ਨਿਗਮ ਨੂੰ ਨਸਬੰਦੀ ਯੋਜਨਾ ਦਾ ਪੂਰਾ ਫਾਇਦਾ ਨਹੀਂ ਮਿਲ ਸਕਿਆ ਹੈ, ਜਦੋਂਕਿ ਉਸ ਸਮੇਂ ਜਿਨ੍ਹਾਂ ਕੁੱਤਿਆਂ ਦੀ ਨਸਬੰਦੀ ਅਧੂਰੀ ਰਹਿ ਗਈ ਸੀ, ਉਨ੍ਹਾਂ ਨੇ ਕੁੱਤਿਆਂ ਦੀ ਆਬਾਦੀ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਜੇਕਰ ਨਿਗਮ ਪਹਿਲਾਂ ਸ਼ੁਰੂ ਕੀਤੇ ਨਸਬੰਦੀ ਪ੍ਰੋਜੈਕਟ ਤਹਿਤ ਤੈਅ ਗਿਣਤੀ ਅਨੁਸਾਰ ਕੁੱਤਿਆਂ ਦੀ ਨਸਬੰਦੀ ਕਰ ਦਿੰਦਾ, ਤਾਂ ਸ਼ਾਇਦ ਅੱਜ ਇਹ ਗਿਣਤੀ ਬਹੁਤ ਘੱਟ ਹੁੰਦੀ ਅਤੇ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦਾ ਅੰਤਕ ਵੀ ਘੱਟ ਹੁੰਦਾ, ਪਰ ਨਿਗਮ ਦੀ ਲਾਪਰਵਾਹੀ ਕਾਰਨ ਇਹ ਯੋਜਨਾ ਕਦੇ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀ ਹੈ। ਹੁਣ ਮੌਜੂਦਾ ਸਮੇਂ ਵਿੱਚ ਬਠਿੰਡਾ ਵਿੱਚ ਨਸਬੰਦੀ ਪ੍ਰੋਜੈਕਟ ਚੱਲ ਰਿਹਾ ਹੈ, ਜੋ ਕਿ ਜੂਨ 2025 ਤੱਕ ਪੂਰਾ ਕਰਨਾ ਸੀ, ਪਰ ਨਿਗਮ ਨੇ ਹੁਣ ਇਸ ਪ੍ਰੋਜੈਕਟ ਦੀ ਸਮਾਂ ਸੀਮਾ 30 ਸਤੰਬਰ 2025 ਤੱਕ ਵਧਾ ਦਿੱਤੀ ਹੈ।

## ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਜੌੜਾ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ



ਰਾਮਪੁਰਾ ਫੂਲ,15 ਜੂਨ(ਮਨਪ੍ਰੀਤ ਮਿੰਟੂ): ਸੀਨੀਅਰ ਆਗੂ ਸੁਰਿੰਦਰ ਜੌੜਾ ਤੇ ਸ਼੍ਰੀ ਨੈਣਾ ਦੇਵੀ ਲੰਗਰ ਕਮੇਟੀ ਪੰਜਾਬ, ਹਰਿਆਣਾ, ਹਿਮਾਚਲ ਦੇ ਸਰਪ੍ਰਸਤ ਅਤੇ ਜੈ ਸ਼ਕਤੀ ਭੰਡਾਰਾ ਸੋਸਾਇਟੀ ਦੇ ਪ੍ਰਧਾਨ ਅਜੀਤ ਪਾਲ( ਟੈਣੀ ਜੌੜਾ ) ਦੇ ਵੱਡੇ ਭੈਣ ਸੋਮਾ ਰਾਣੀ ਪਤਨੀ ਮਹੋਨ ਲਾਲ ਅਹਿਮਦਗੜ ਮੰਡੀ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਹਨ। ਇਸ ਦੁੱਖ ਦੀ ਘੜੀ ਵਿੱਚ ਜੌੜਾ ਪਰਿਵਾਰ ਨਾਲ ਦੁੱਖ ਸਾਂਝੇ ਕਰਨ ਪਹੁੰਚੇ ਸਾਬਕਾ ਕੈਬਿਨਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿੱਚ ਸ਼ਹਿਰੀ ਪ੍ਰਧਾਨ ਸੱਤਪਾਲ ਗਰਗ, ਸਾਬਕਾ ਪ੍ਰਧਾਨ ਨਗਰ ਕੌਂਸਲ ਹੈਪੀ ਬਾਂਸਲ, ਨਰੇਸ਼ ਕੁਮਾਰ , ਗੁਰਤੇਜ ਸ਼ਰਮਾ, ਲਾਭ ਸ਼ਰਮਾ, ਸੁਰੇਸ਼ ਲੀਲਾ, ਨਿਰਮਲ ਸਿੰਘ ਬੁਰਜ ਗਿੱਲ ਪੀਜੀਆਰ, ਬ੍ਰਿਜਪਾਲ ਸਿੰਘ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਬਠਿੰਡਾ ਵਿੱਚ ਆਵਾਜ਼ ਪ੍ਰਦੂਸ਼ਨ 'ਤੇ ਸ਼ਿਕੰਜਾ: ਪ੍ਰੈਸ਼ਰ ਹਾਰਨ ਵਾਲੀਆਂ ਬੱਸਾਂ ਦਾ ਪ੍ਰੈਸ਼ਰ ਟ੍ਰੈਫਿਕ ਪੁਲਿਸ ਨੇ ਕੀਤਾ ਲੀਕ, 109 ਚਲਾਨ ਕੱਟੇ

ਬਠਿੰਡਾ, 15 ਜੂਨ (ਦੀਪਕ ਸ਼ਰਮਾ)ਬਠਿੰਡਾ ਟਰੈਫਿਕ ਪੁਲਿਸ ਨੇ ਸ਼ਹਿਰ ਵਿੱਚ ਵਧ ਰਹੇ ਆਵਾਜ਼ ਪ੍ਰਦੂਸ਼ 'ਤੇ ਲਗਾਮ ਕੱਸਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਹੈ। ਇਸ ਮੁਹਿੰਮ ਤਹਿਤ ਬੱਸਾਂ ਵਿੱਚ ਲੱਗੇ ਤੇਜ਼ ਆਵਾਜ਼ ਵਾਲੇ ਪ੍ਰੈਸ਼ਰ ਹਾਰਨ ਉਤਾਰੇ ਗਏ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਬੱਸ ਚਾਲਕਾਂ ਦੇ ਚਲਾਨ ਕੱਟੇ ਗਏ। ਇਹ ਕਦਮ ਸ਼ਹਿਰੀ ਵਾਤਾਵਰਨ ਨੂੰ ਸ਼ਾਂਤਮਈ ਅਤੇ ਸਵੱਛ ਬਣਾਉਣ ਦੇ ਉਦੇਸ਼ ਨਾਲ ਚੁੱਕਿਆ ਗਿਆ ਟਰੈਫਿਕ ਪੁਲਿਸ ਇੰਚਾਰਜ ਅਮਰੀਕ ਸਿੰਘ ਦੀ ਅਗਵਾਈ ਹੇਠ ਇੱਕ ਟੀਮ ਨੇ ਸ਼ਨੀਵਾਰ ਨੂੰ ਵੱਖ-ਵੱਖ ਚੌਕਾਂ ਅਤੇ ਰਸਤਿਆਂ 'ਤੇ ਮੋਰਚਾ ਸੰਭਾਲਿਆ। ਇਸ ਦੌਰਾਨ, ਪੁਲਿਸ ਨੇ ਖਾਸ ਤੌਰ 'ਤੇ ਉਨ੍ਹਾਂ ਬੱਸਾਂ ਨੂੰ ਨਿਸ਼ਾਨਾ ਬਣਾਇਆ, ਜਿਨ੍ਹਾਂ ਵਿੱਚ ਬੇਲੋੜੇ ਤੇਜ਼ ਅਤੇ ਕੰਨ ਪਾੜਵੀਂ ਆਵਾਜ਼ ਵਾਲੇ ਪ੍ਰੈਸ਼ਰ ਹਾਰਨ ਲਗਾਏ ਗਏ ਸਨ। ਇਨ੍ਹਾਂ ਹਾਰਨਾਂ ਨੂੰ ਮੌਕੇ 'ਤੇ ਹੀ ਬੱਸਾਂ ਤੋਂ ਹਟਾ ਦਿੱਤਾ ਗਿਆ ਅਤੇ ਉਨ੍ਹਾਂ ਦੇ ਚਾਲਕਾਂ ਖ਼?ਲਾਫ਼ ਆਵਾਜਾਈ ਨਿਯਮਾਂ ਦੀ ਉਲੰਘਣਾ ਤਹਿਤ ਚਲਾਨ ਜਾਰੀ ਕੀਤੇ ਗਏ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪ੍ਰੈਸ਼ਰ ਹਾਰਨ ਨਾ ਸਿਰਫ਼ ਧੁਨੀ ਪ੍ਰਦੂਸ਼ਨ ਵਧਾਉਂਦੇ ਹਨ, ਬਲਕਿ ਸੜਕ 'ਤੇ ਅਚਾਨਕ ਤੇਜ਼ ਆਵਾਜ਼ ਨਾਲ ਦੂਜੇ ਚਾਲਕਾਂ ਅਤੇ ਪੈਦਲ ਚੱਲਣ ਵਾਲਿਆਂ ਦਾ ਧਿਆਨ ਵੀ ਭਟਕ ਸਕਦਾ ਹੈ, ਜਿਸ ਨਾਲ ਦੁਰਘਟਨਾਵਾਂ ਦਾ ਖ਼ਤਰਾ ਵਧ ਜਾਂਦਾ ਹੈ। ਮੁਹਿੰਮ ਦੌਰਾਨ, ਟਰੈਫਿਕ ਪੁਲਿਸ ਟੀਮ ਨੇ ਸਿਰਫ਼ ਪ੍ਰੈਸ਼ਰ ਹਾਰਨ ਹੀ ਨਹੀਂ, ਬਲਕਿ ਕੁੱਲ 109 ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਵੀ ਚਲਾਨ ਕੱਟੇ। ਇਨ੍ਹਾਂ ਵਿੱਚ ਗਲਤ ਪਾਰਕਿੰਗ, ਓਵਰ-ਸਪੀਡਿੰਗ ਅਤੇ ਹੋਰ ਨਿਯਮਾਂ ਦੀ ਅਣਦੇਖੀ ਕਰਨ ਵਾਲੇ ਵਾਹਨ ਸ਼ਾਮਲ ਸਨ। ਟਰੈਫਿਕ ਪੁਲਿਸ ਇੰਚਾਰਜ ਅਮਰੀਕ ਸਿੰਘ ਨੇ ਸਾਰੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਵਾਜਾਈ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਖਾਸ ਤੌਰ 'ਤੇ ਪ੍ਰੈਸ਼ਰ ਹਾਰਨ ਦੀ ਵਰਤੋਂ ਕਰਨ ਤੋਂ ਬਚਣ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਧੁਨੀ ਪ੍ਰਦੂਸ਼ਨ ਖ਼ਿਲਾਫ਼ ਇਹ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਬੇਕਾਬੂ ਹੋਏ ਟਰਾਲੇ ਨੇ ਤੋੜਿਆ ਫ਼ੌਜੀ ਚੌਕ, ਚਾਲਕ ਗੰਭੀਰ ਜ਼ਖ਼ਮੀ

ਬਠਿੰਡਾ, 15 ਜੂਨ (ਦੀਪਕ ਸ਼ਰਮਾ):ਸ਼ਨੀਵਾਰ-ਐਤਵਾਰ ਦੀ ਅੱਧੀ ਰਾਤ ਨੂੰ ਬਰਨਾਲਾ ਰੋਡ ਤੋਂ ਬਠਿੰਡਾ ਸ਼ਹਿਰ ਵੱਲ ਆ ਰਿਹਾ ਇੱਕ ਟਰਾਲਾ ਬੇਕਾਬੂ ਹੋ ਗਿਆ। ਟਰਾਲੇ ਨੇ ਫੌਜੀ ਚੌਕ 'ਚ ਪੁਲਿਸ ਚੌਂਕ ਪੋਸਟ ਨੂੰ ਟੱਕਰ ਮਾਰੀ ਅਤੇ ਉਸ ਨੂੰ ਆਪਣੇ ਨਾਲ ਘਸੀਟ ਕੀ ਲੈ ਗਿਆ । ਇਸ ਤੋਂ ਬਾਅਦ ਇਹ ਟਰਾਲਾ ਸੂਬੇਦਾਰ ਸ਼ਹੀਦ ਨੰਦ ਸਿੰਘ ਦੀ ਪ੍ਰਤਿਮਾ ਦੀ ਸੁਰੱਖਿਆ ਲਈ ਬਣਾਏ ਗਏ ਫੌਜੀ ਚੌਕ ਦੀ ਲੋਹੇ ਦੀ ਰੇਲਿੰਗ ਤੋੜਦਾ ਹੋਇਆ ਅੰਦਰ ਜਾ ਵੜਿਆ। ਹਾਲਾਂਕਿ, ਇਸ ਹਾਦਸੇ ਵਿੱਚ ਕੋਈ ਜਾਨੀ-ਮਾਲੀ ਨੁਕਸਾਨ ਨਹੀਂ ਹੋਇਆ ਅਤੇ ਨਾ ਹੀ ਸ਼ਹੀਦ ਸੂਬੇਦਾਰ ਦੀ ਪ੍ਰਤਿਮਾ ਨੂੰ ਕੋਈ ਨੁਕਸਾਨ ਪਹੁੰਚਿਆ ਹੈ, ਪਰ ਚੌਕ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਜਿਸ ਕਾਰਨ ਚੌਕ ਨੂੰ ਹੁਣ ਦੁਬਾਰਾ ਬਣਾਉਣਾ ਪਵੇਗਾ। ਐਤਵਾਰ ਸਵੇਰੇ ਟਰੈਫਿਕ ਪੁਲਿਸ ਨੇ ਜੇ.ਸੀ.ਬੀ. ਦੀ ਮਦਦ ਨਾਲ ਟਰਾਲੇ ਨੂੰ ਹਟਵਾਇਆ ਅਤੇ ਰਸਤਾ ਸਾਫ਼ ਕਰਵਾਇਆ।ਇਸ ਹਾਦਸੇ ਵਿੱਚ ਟਰਾਲਾ ਚਾਲਕ ਖੁਦ ਵੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਹਾਲਾਂਕਿ, ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਹਾਦਸਾ ਕਿਸੇ ਨਸ਼ੇ ਦੇ ਸੇਵਨ ਕਾਰਨ ਹੋਇਆ ਜਾਂ ਨੀਂਦ ਆਉਣ ਕਾਰਨ। ਸ਼ੁਰੂਆਤੀ ਜਾਣਕਾਰੀ ਅਨੁਸਾਰ ਇਹ ਟਰਾਲਾ ਬਰਨਾਲਾ ਰੋਡ ਤੋਂ ਡੀ.ਏ.ਵੀ. ਕਾਲਜ ਵਾਲੇ ਪਾਸੇ ਤੋਂ ਬਠਿੰਡਾ ਸ਼ਹਿਰ ਵੱਲ ਆ ਰਿਹਾ ਸੀ। ਇਹ ਹਾਦਸਾ ਸ਼ਨੀਵਾਰ-ਐਤਵਾਰ ਅੱਧੀ ਰਾਤ ਕਰੀਬ 2 ਤੋਂ 2:30 ਵਜੇ ਦੇ ਕਰੀਬ ਹੋਇਆ ਦੱਸਿਆ ਜਾ ਰਿਹਾ ਹੈ। ਇਸ ਹਾਦਸੇ ਦੌਰਾਨ ਇਸੇ ਚੌਕ 'ਤੇ ਟਰੈਫਿਕ ਪੁਲਿਸ ਵੱਲੋਂ ਲਗਾਈ ਗਈ ਪੁਲਿਸ ਪਿਕਟ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ, ਜਦੋਂ ਕਿ ਚੌਂਕ ਦਾ ਇੱਕ ਹਿੱਸਾ ਪੂਰੀ ਤਰ੍ਹਾਂ ਢਹਿ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸਿਵਲ ਲਾਈਨ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ। ਥਾਣਾ ਸਦਰ ਮੁਖੀ ਇੰਸਪੈਕਟਰ ਹਰਜੋਤ ਸਿੰਘ ਮਾਨ ਨੇ ਦੱਸਿਆ ਕਿ ਹਾਦਸੇ ਵਿੱਚ ਚਾਲਕ ਖੁਦ ਵੀ ਜ਼ਖਮੀ ਹੋਇਆ ਹੈ, ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਤੋਂ ਬਾਅਦ ਉਚਿਤ ਕਾਰਵਾਈ ਕੀਤੀ ਜਾਵੇਗੀ।

## ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੁਸਾਇਟੀ ਵੱਲੋਂ ਖ਼ੂਨਦਾਨੀਆਂ ਦਾ ਸਨਮਾਨ



ਬਰਨਾਲਾ, 15 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਰਜਿ ਬਰਨਾਲਾ ਵੱਲੋਂ ਆਪਣੇ ਦਫ਼ਤਰ ਪੱਕਾ ਕਾਲਜ ਰੋਡ ਬਰਨਾਲਾ ਵਿਖੇ ਮੁੱਖ ਸਰਪ੍ਰਸਤ ਨੀਰਜ ਬਾਲਾ ਦਾਨੀਆ ਅਤੇ ਪਿਆਰਾ ਲਾਲ ਰਾਏਸਰ ਵਾਲੇ ਦੀ ਅਗਵਾਈ ਚ ਵਿਸ਼ਵ ਖ਼ੂਨਦਾਨੀ ਦਿਵਸ ਮਨਾਇਆ ਗਿਆ। ਇਸ ਮੌਕੇ ਖ਼ੂਨਦਾਨੀ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਦੌਰਾਨ ਸੋਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਭੰਡਾਰੀ ਨੇ ਬੋਲਦਿਆਂ ਦੱਸਿਆ ਕਿ ਸੋਸਾਇਟੀ ਵੱਲੋਂ ਵੱਡੇ ਪੱਧਰ ਤੇ ਸਮਾਜ ਸੇਵੀ ਕਾਰਜ ਕੀਤੇ ਜਾ ਰਹੇ ਹਨ । ਜੂਨ ਮਹੀਨੇ ਦੌਰਾਨ ਦੋ ਲੋੜਵੰਦ ਲੜਕੀਆਂ ਦੇ ਵਿਆਹ ਮੌਕੇ ਸਹਾਇਤਾ ਕੀਤੀ ਗਈ। ਦੋ ਵਿਦਿਆਰਥੀਆਂ ਦੀ ਫ਼ੀਸ ਭਰੀ ਗਈ। ਇਸ ਮੌਕੇ ਉਨ੍ਹਾਂ ਖ਼ੂਨਦਾਨੀਆਂ ਵੱਲੋਂ ਖ਼ੂਨ ਦਾਨ ਕਰਨ ਦੇ ਲੋਕ ਭਲਾਈ ਦੇ ਕਾਰਜ ਦੀ ਪ੍ਰਸ਼ੰਸ਼ਾ ਕੀਤੀ। ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਪਟਵਾਰੀ ਨਿਰਮਲ ਸਿੰਘ ਗੁਰੂ ਖੁੱਡੀ ਖੁਰਦ ਅਤੇ ਭੁਪਿੰਦਰ ਕੌਰ ਗੁਰੂ ਖੁੱਡੀ ਖੁਰਦ ਨੇ ਕਿਹਾ ਕਿ ਖ਼ੂਨਦਾਨ ਕਰਨਾ ਇੱਕ ਪਵਿੱਤਰ ਤੇ ਨੇਕ ਕਾਰਜ਼ ਹੈ। ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਦੁਆਰਾ ਦਿੱਤਾ ਗਿਆ ਖ਼ੂਨ ਤਿੰਨ ਵਿਅਕਤੀਆਂ ਦੀ ਜ਼ਿੰਦਗੀ ਬਚਾ ਸਕਦਾ ਹੈ। ਇਸ ਮੌਕੇ ਉਹਨਾਂ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਬਰਨਾਲਾ ਵੱਲੋਂ ਕੀਤੇ ਜਾਂਦੇ ਲੋਕ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਖ਼ੂਨਦਾਨੀਆਂ ਨੂੰ ਸਿਰੋਪੇ ਅਤੇ ਟਰਾਫੀਆਂ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਪ੍ਰਿੰਸੀਪਲ ਰਾਕੇਸ਼ ਗਰਗ, ਰਾਜੇਸ਼ ਭੁਟਾਨੀ, ਹਰਮਨਜੀਤ ਸਿੰਘ ਰੁਪਾਲ ਅਤੇ ਮਹਿੰਦਰ ਪਾਲ ਗਰਗ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਜ਼ੋਰਾ ਸਿੰਘ ਕਾਨੂੰਗੋ, ਆਦਿ ਹਾਜ਼ਰ ਸਨ।

## ਸਰਕਾਰੀ ਹਸਪਤਾਲ ਭਦੌੜ ਵਿੱਚ ਭ੍ਰਿਸ਼ਟਾਚਾਰ ਨੂੰ ਪ੍ਰਫੁੱਲਤ ਕਰਨ ਲਈ ਸਰਕਾਰੀ ਅਮਲਾ ਹੋਇਆ ਪੱਬਾਂ ਭਾਰ




ਭਦੌੜ 15 ਜੂਨ (ਸੁਖਵਿੰਦਰ ਪਲਾਹਾ) ਬੇਸ਼ੱਕ ਪੰਜਾਬ ਦੀ ਸਰਕਾਰ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਜੜ੍ਹੋਂ ਖਤਮ ਹੋਣ ਦੇ ਦਾਅਵੇ ਕਰ ਰਹੀ ਹੈ ਅਤੇ ਲਗਾਤਾਰ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਅੱਡੀ ਚੋਟੀ ਦਾ ਜ਼ੋਰ ਵੀ ਲਗਾ ਰਹੀ ਹੈ ਪ੍ਰੰਤੂ ਉਸਦੇ ਉਲਟ ਭਦੌੜ ਦੇ ਸਿਵਲ ਹਸਪਤਾਲ ਵਿੱਚ ਇਸ ਮੁਹਿੰਮ ਦੀਆਂ ਰੱਜ ਕੇ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਗਰੀਬ ਅਤੇ ਭੋਲੇ ਭਾਲੇ ਲੋਕਾਂ ਤੋਂ ਸ਼ਰੇਆਮ ਪੈਸੇ ਮੰਗ ਕੇ ਜਲੀਲ ਕਰਕੇ ਕੰਮ ਕੀਤਾ ਜਾ ਰਿਹਾ ਹੈ।ਜਾਣਕਾਰੀ ਅਨੁਸਾਰ ਪਿਛਲੇ ਕੁਝ ਮਹੀਨਿਆਂ ਤੋਂ ਸਿਵਲ ਹਸਪਤਾਲ ਭਦੌੜ ਵਿੱਚ ਜਣੇਪਾ ਕਰਵਾਉਣ ਵਾਲੀਆਂ ਗਰੀਬ ਔਰਤਾਂ ਤੋਂ ਵੀ ਜਬਰੀ 1100 ਜਾਂ 2100 ਰੁਪਿਆ ਵਸੂਲਿਆ ਜਾ ਰਿਹਾ ਹੈ। ਇਸ ਦੇ ਸਬੰਧ ਵਿੱਚ ਇੱਕ ਗਰੀਬ ਵਿਅਕਤੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸੂਰਤ ਵਿੱਚ ਦੱਸਿਆ ਕਿ ਉਸਨੇ ਆਪਣੀ ਘਰਵਾਲੀ ਦਾ ਜਣੇਪਾ ਸਰਕਾਰੀ ਹਸਪਤਾਲ ਭਦੌੜ ਵਿੱਚ ਇੱਕ ਸਟਾਫ ਨਰਸ ਕੋਲੋਂ ਕਰਵਾਇਆ ਸੀ, ਜਿਸਨੇ ਉਸ ਤੋਂ 1100 ਰੁਪਏ ਵਸੂਲ ਕਰ ਲਏ ਅਤੇ ਕੇਸ ਖਰਾਬ ਹੋਣ ਤੇ ਉਹਨਾਂ ਨੂੰ ਬਰਨਾਲਾ ਰੈਫਰ ਕਰ ਦਿੱਤਾ। ਉਸ ਵਿਅਕਤੀ ਨੇ ਅੱਗੇ ਕਿਹਾ ਕਿ ਜਿਸ ਦੇ ਘਰ ਸਿਵਲ ਹਸਪਤਾਲ ਵਿੱਚ ਲੜਕਾ ਪੈਦਾ ਹੁੰਦਾ ਹੈ ਤਾਂ ਉਸ ਤੋਂ 2100 ਰੁਪਏ ਫੀਸ ਦੀ ਮੰਗ ਕੀਤੀ ਜਾਂਦੀ ਹੈ।ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਇਹ ਕੰਮ ਮਿਲੀ ਭੁਗਤ ਨਾਲ ਹੋ ਰਿਹਾ ਹੈ ਕਿਉਂਕਿ ਹਸਪਤਾਲ ਦਾ ਇੱਕ ਅਧਿਕਾਰੀ ਜੋ ਕਿ ਕੁੱਝ ਸਮੇਂ ਤੋਂ ਗੈਰ ਹਾਜ਼ਰ ਚੱਲ ਰਿਹਾ ਅਤੇ ਜਿਸ ਵੱਲੋਂ ਹਮੇਸ਼ਾ ਡਿਊਟੀ ਉੱਪਰ ਲੇਟ ਆਉਣ ਦਾ ਰਿਕਾਰਡ ਆਪਣੇ ਨਾਮ ਕੀਤਾ ਹੋਇਆ ਹੈ ,ਵੱਲੋਂ ਵੀ ਆਪਣੇ ਅਸਰ ਰਸੂਖ ਦੁਆਰਾ ਇਸ ਭਰਿਸ਼ਟਾਚਾਰ ਦੇ ਮਾਮਲੇ ਨੂੰ ਪ੍ਰਭਾਵਿਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ ।ਸਰਕਾਰੀ ਹਸਪਤਾਲ ਭਦੌੜ ਵਿੱਚ ਜਿਆਦਾਤਰ ਗਰੀਬ ਵਿਅਕਤੀ ਹੀ ਇਸ ਲੁੱਟ ਦਾ ਸ਼ਿਕਾਰ ਹੁੰਦੇ ਹਨ। ਕੁਝ ਦਿਨ ਪਹਿਲਾਂ ਵੀ ਇੱਕ ਰੋਜ਼ਾਨਾ ਪੰਜਾਬੀ ਅਖਬਾਰ ਦੇ ਪੱਤਰਕਾਰ ਦੀ ਘਰਵਾਲੀ ਦੇ ਅਚਾਨਕ ਰਾਤ ਟਾਇਮ ਤੇਜ਼ ਦਰਦ ਸ਼ੁਰੂ ਹੋ ਗਿਆ ,ਜਦ ਉਹ ਸਰਕਾਰੀ ਹਸਪਤਾਲ ਭਦੌੜ ਵਿੱਚ ਤਕਰੀਬਨ ਰਾਤ 9 ਵਜੇ ਆਪਣੀ ਘਰਵਾਲੀ ਨੂੰ ਲੈ ਕੇ ਆਇਆ ਤਾਂ ਇੱਕ ਸਟਾਫ ਨਰਸ ਜੋ ਮੌਕੇ ਤੇ ਆਪਣੇ ਫੋਨ ਵਿੱਚ ਲਗਾਤਾਰ ਮਹਿਫੂਜ਼ ਸੀ ਨੂੰ ਕਿਹਾ ਕਿ ਮੇਰੇ ਘਰਵਾਲੀ ਦੇ ਜਿਆਦਾ ਦਰਦ ਹੋ ਰਿਹਾ ਹੈ ਕ੍ਰਿਪਾ ਕਰਕੇ ਤੁਸੀਂ ਚੈੱਕ ਕਰ ਲੜੈ, ਤਾਂ ਉਹ ਸਟਾਫ ਨਰਸ ਵੱਲੋਂ ਆਪਣੀ ਅੜਬਪਨ ਬੋਲੀ ਦਾ ਮੁਜਾਹਰਾ ਕਰਦੇ ਹੋਏ ਕਿਹਾ ਕਿ ਤੁਹਾਨੂੰ ਨਹੀਂ ਪਤਾ ਲੱਗ ਰਿਹਾ ਕਿ ਮੈਂ ਫੋਨ ਤੇ ਬਿਜੀ ਹਾਂ ਤੁਸੀਂ ਰੁਕ ਨਹੀਂ ਸਕਦੇ , ਦੁਬਾਰਾ 10 ਮਿੰਟ ਰੁਕਣ ਤੋਂ ਬਾਅਦ ਫਿਰ ਉਸ ਸਟਾਫ ਨਰਸ ਨੂੰ ਬੇਨਤੀ ਕੀਤੀ ਗਈ ਕਿ ਤੁਸੀਂ ਇੱਕ ਵਾਰ ਚੈੱਕ ਕਰਕੇ ਦਵਾਈ ਦੇ ਦੇਵੋ, ਪਰ ਉਸ ਸਟਾਫ ਨਰਸ ਦਾ ਜਵਾਬ ਪਹਿਲਾਂ ਵਾਲਾ ਹੀ ਸੀ, ਅਤੇ ਉਸ ਸਟਾਫ ਨਰਸ ਵੱਲੋਂ ਇਹ ਵੀ ਕਿਹਾ ਗਿਆ ਕਿ ਜੇਕਰ ਜਿਆਦਾ ਜਲਦੀ ਹੈ ਤਾਂ ਤੁਸੀਂ ਉਸ ਲੜਕੇ ਤੋਂ ਦਵਾਈ ਲੈ ਲਵੋ ਜ਼ੋ ਕਿ ਹਸਪਤਾਲ ਵਿੱਚ ਇੱਕ ਸਫਾਈ ਕਰਮਚਾਰੀ ਵਜੋਂ ਆਪਣੀ ਡਿਊਟੀ ਨਿਭਾ ਰਿਹਾ ਸੀ। ਜਦ ਸਟਾਫ ਨਰਸ ਦੇ ਕਹਿਣ ਮੁਤਾਬਕ ਉਸ ਲੜਕੇ ਨੂੰ ਪੁੱਛਿਆ ਗਿਆ ਤਾਂ ਉਸਨੇ ਕਿਹਾ ਕਿ ਤੁਸੀਂ 500 ਰੁਪਿਆ ਦੇਵੋ, ਮੈਂ ਤੁਹਾਡਾ ਟਰੀਟਮੈਂਟ ਸ਼ੁਰੂ ਕਰ ਦਿੰਦਾ ਹਾਂ। ਇਸ ਤੋਂ ਬਾਅਦ ਉਕਤ ਪੱਤਰਕਾਰ ਨੇ ਹੋਰ ਪੱਤਰਕਾਰਾਂ ਨੂੰ ਫੋਨ ਲਾ ਕੇ ਸਰਕਾਰੀ ਹਸਪਤਾਲ ਭਦੌੜ ਵਿੱਚ ਬੁਲਾ ਲਿਆ ਪਰ ਉਸ ਸਟਾਫ ਨਰਸ ਦਾ ਫੋਨ ਜਿਉਂ ਦਾ ਤਿਉਂ ਬਿਜੀ ਚੱਲ ਰਿਹਾ ਸੀ। ਮੌਕੇ ਤੇ ਇਸ ਸਬੰਧੀ ਪੱਤਰਕਾਰਾਂ ਵੱਲੋਂ ਸਿਵਲ ਸਰਜਨ ਬਰਨਾਲਾ ਅਤੇ ਐਸ ਐਮ ਓ ਤਪਾ ਨੂੰ ਸਾਰੀ ਜਾਣਕਾਰੀ ਦੇ ਦਿੱਤੀ ਗਈ। ਬੇਸ਼ੱਕ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਇੱਕ ਤਿੰਨ ਡਾਕਟਰਾਂ ਦੀ ਟੀਮ ਬਣਾ ਕੇ ਇਸ ਮਸਲੇ ਨੂੰ ਜਾਂਚ ਪੜਤਾਲ ਲਈ ਸਿਵਲ ਹਸਪਤਾਲ ਬਰਨਾਲਾ ਦੀ ਕਚਹਿਰੀ ਵਿੱਚ ਲਿਆਂਦਾ ਗਿਆ ਹੈ। ਪਰ ਸਿਹਤ ਵਿਭਾਗ ਦੇ ਉੱਚ ਅਧਿਕਾਰੀ ਨਿਰਪੱਖ ਜਾਂਚ ਦੇ ਉਲਟ ਚਲਦੇ ਨਜ਼ਰ ਆ ਰਹੇ ਹਨ ਕਿਉਂਕਿ ਹਰ ਵਾਰ ਜਾਂਚ ਪੜਤਾਲ ਦੀ ਤਾਰੀਖ ਨੂੰ ਅੱਗੇ ਪਾ ਕੇ ਜਲੀਲ ਕੀਤਾ ਜਾ ਰਿਹਾ ਹੈ ਤਾਂ ਜੋ ਥੱਕ ਹਾਰ ਕੇ ਪੀੜ੍ਹਤ ਇਸ ਕੇਸ ਦੀ ਕੋਈ ਪੈਰਵਾਈ ਨਾ ਕਰੇ।ਇਸ ਮਾਮਲੇ ਨੂੰ ਲੈ ਕੇ ਕਈ ਸੰਘਰਸੀ ਜਥੇਬੰਦੀਆਂ ਪੀੜਤ ਦੇ ਹੱਕ ਵਿੱਚ ਨਿਤਰਦੀਆਂ ਨਜ਼ਰ ਆ ਰਹੀਆਂ ਹਨ।

## ਰਾਈਸ ਬਰਾਨ ਦੀਆਂ ਬੋਰੀਆਂ ਦਾ ਭਰਿਆ ਟਰੈਕਟਰ-ਟਰਾਲੀ, ਪਿੱਕਅਪ ਗੱਡੀ 'ਤੇ ਪਲਟਿਆ




ਤਪਾ ਮੰਡੀ 14 ਜੂਨ (ਭੂਸ਼ਨ ਘੜੈਲਾ)-ਸਥਾਨਕ ਢਿਲਵਾਂ ਰੇਲਵੇ ਫਾਟਕ ਨੇੜੇ ਉਸ ਸਮੇਂ ਵੱਡਾ ਹਾਦਸਾ ਟਲ ਗਿਆ ਜਦ ਰਾਈਸ ਬਰਾਨ ਦੀਆਂ ਬੋਰੀਆਂ ਦਾ ਭਰਿਆਂ ਟਰੈਟਕਰ ਟਰਾਲੀ ਇੱਕ ਪਿੱਕਅਪ ਗੱਡੀ ਤੇ ਪਲਟ ਜਾਣ ਕਾਰਨ ਚਾਲਕ ਵਾਲ-ਵਾਲ ਬਚ ਗਿਆ। ਜਦ ਸਾਡੇ ਪ੍ਰਤੀਨਿਧ ਨੇ ਮੌਕੇ ਤੇ ਜਾਕੇ ਦੇਖਿਆ ਤਾਂ ਰਾਈਸ ਬਰਾਨ ਦਾ ਇੱਕ ਟਰੈਕਟਰ ਟਰਾਲੀ ਇੱਕ ਸ਼ੈਲਰ 'ਚੋਂ ਭਰਕੇ ਸੌਲਵੈਕਸ਼ 'ਚ ਜਾ ਰਹੀ ਸੀ,ਜਦ ਟਰੈਕਟਰ -ਟਰਾਲੀ ਢਿਲਵਾਂ ਫਾਟਕ ਕਰਾਸ ਕਰਕੇ ਲੰਘੀ ਤਾਂ ਹਿਲੂਣਾ ਪੈਣ ਕਾਰਨ ਟਰੈਕਟਰ-ਟਰਾਲੀ ,ਦੂਸਰੇ ਸਾਈਡ ਤੋਂ ਆ ਰਹੀ ਪਿੱਕਅਪ ਗੱਡੀ ਉਪਰ ਪਲਟ ਗਈ ਜਿਸ ਨੂੰ ਚਾਲਕ ਕਰਨਜੀਤ ਸਿੰਘ ਵਾਸੀ ਤਪਾ ਘਰੋਂ ਸ਼ਹਿਰ ਵੱਲ ਜਾ ਰਿਹਾ ਸੀ। ਪਰ ਪਿਕਅਪ ਗੱਡੀ ਦਾ ਚਾਲਕ ਵਾਲ -ਵਾਲ ਬਚ ਗਿਆ ਪਰ ਗੱਡੀ ਨੁਕਸ਼ਾਨੀ ਗਈ । ਘਟਨਾ ਹੁੰਦੇ ਹੀ ਵੱਡੀ ਗਿਣਤੀ 'ਚ ਲੋਕਾਂ ਦਾ ਇਕੱਠ ਹੋ ਗਿਆ। ਟਰੈਕਟਰ ਮਾਲਕ ਨੇ ਇਸ ਹਾਦਸੇ ਸੰਬੰਧੀ ਆਪਣੇ ਮਾਲਕ ਨੂੰ ਵੀ ਦੱਸਿਆ ਤਾਂ ਮੌਕੇ ਤੇ ਪਹੁੰਚਕੇ ਪਹਿਲਾਂ ਟਰੈਕਟਰ ਨੂੰ ਟੋਚਨ 'ਚੋਂ ਕੱਢਿਆਂ ਤੇ ਫਿਰ ਡਿੱਗਿਆਂਬੋਰੀਆਂ ਨੂੰ ਦੂਸਰਾ ਵਹੀਕਲ ਮੰਗਵਾਕੇ ਲੋਡ ਕੀਤਾ ਗਿਆ। ਲਗਭਗ 1 ਘੰਟਾ ਦੋਵਾਂ ਪਾਸੇ ਤੋਂ ਆਵਾਜਾਈ ਪ੍ਰਭਾਵਿਤ ਹੋਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

## ਨਿਸ਼ਾਨਦੇਹੀ ਸੰਪੰਨ ਹੋਣ ਤੇ ਪਿੰਡ ਵੱਲੋਂ ਪ੍ਰਸ਼ਾਸਨ ਦਾ ਧੰਨਵਾਦ



ਰਾਮਪੁਰਾ ਫੂਲ ,15 ਜੂਨ(ਮਨਪ੍ਰੀਤ ਮਿੰਟੂ) ਜ਼ਿਲ੍ਹੇ ਦੇ ਆਦਮਪੁਰਾ ਪਿੰਡ ਵਿੱਚ ਸੜਕਾਂ/ਰਾਹਾਂ ਦੀ ਨਿਸ਼ਾਨਦੇਹੀ ਕਰਨ ਦਾ ਕੰਮ ਪੂਰਾ ਹੋ ਗਿਆ, ਜੋ ਸਹਿਯੋਗੀਆਂ ਦੀ ਲਗਨ ਅਤੇ ਸਮਰਪਣ ਨੂੰ ਦਰਸਾਉਂਦਾ ਹੈ। ਸਰਪੰਚ ਸੁਖਵਿੰਦਰ ਸਿੰਘ ਨੇ ਪੰਚਾਇਤ ਮੈਂਬਰਾਂ, ਨੰਬਰਦਾਰ, ਕਮੇਟੀ ਮੈਂਬਰਾਂ, ਪਿੰਡ ਵਾਸੀਆਂ ਅਤੇ ਅਧਿਕਾਰੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਹਰ ਪੜਾਅ 'ਚ ਭਰਪੂਰ ਸਹਿਯੋਗ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਨਾ ਸਿਰਫ ਪਿੰਡ ਦਾ ਢਾਂਚਾ ਸੁਧਾਰਨ ਵੱਲ ਇਕ ਕਦਮ ਹੈ, ਸਗੋਂ ਸੁਰੱਖਿਆ ਅਤੇ ਨੈਵੀਗੇਸ਼ਨ ਵਿੱਚ ਵੀ ਸੁਧਾਰ ਲਿਆਵੇਗਾ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਕਾਨੂੰਗੋ ਉਪਜਿੰਦਰ ਸਿੰਘ ਬਰਾੜ , ਸੈਕਟਰੀ ਸੁਖਪਾਲ ਸਿੰਘ,ਭਗਵੰਤ ਸਿੰਘ, ਜਗਮੋਹਣ, ਗੁਰਚਰਣ ਸਿੰਘ, ਪ੍ਰੀਤਮ ਸਿੰਘ (ਨੰਬਰਦਾਰ), ਬਲਤੇਜ ਸਿੰਘ, ਜਸਵੀਰ ਸਿੰਘ ਬਿੰਦਰਾ, ਕਮਲਜੀਤ (ਪਟਵਾਰੀ), ਅਤੇ ਹੋਰ ਅਧਿਕਾਰੀਆਂ ਦੀ ਭੂਮਿਕਾ ਦੀ ਵੀ ਪ੍ਰਸ਼ੰਸਾ ਅਤੇ ਧੰਨਵਾਦ ਕੀਤਾ। ਇਹ ਹੋਰਾਂ ਪਿੰਡਾਂ ਲਈ ਵੀ ਪ੍ਰੇਰਨਾ ਸਰੋਤ ਬਣ ਸਕਦਾ ਹੈ

## ਮੋਬਾਈਲ ਟਾਵਰਾਂ ਦੇ ਸਮਾਨ ਦੀਆਂ 100 ਤੋਂ ਵੱਧ ਚੋਰੀਆਂ ਕਰਨ ਵਾਲੇ ਅੰਤਰਰਾਜੀ ਗਿਰੋਹ ਦੇ 4 ਮੈਂਬਰ ਗ੍ਰਿਫ਼ਤਾਰ



ਸੰਗਰੂਰ, 15 ਜੂਨ (ਹਰਕੰਵਲ ਸਿੰਘ ਹੈਪੀ) ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਪੰਜਾਬ ਰਾਜ ਵਿੱਚ ਮੋਬਾਈਲ ਟਾਵਰਾਂ ਦੇ ਸਾਮਾਨ ਦੀਆਂ ਕਰੀਬ 100 ਤੋਂ ਵੱਧ ਚੋਰੀਆਂ ਚ ਸ਼ਾਮਲ ਅੰਤਰਰਾਜੀ ਚੋਰ ਗਰੋਹ ਦੇ 04 ਮੈਂਬਰਾਂ ਨੂੰ ਗ੍ਰਿਫਤਾਰ ਕਰਨ ਵਿੱਚ ਸ਼ਫਲਤਾ ਪ੍ਰਾਪਤ ਕੀਤੀ ਗਈ ਹੈ ।ਇਸ ਸੰਬੰਧੀ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਐਸ ਪੀ ਇਨਵੈਸਟੀਗੇਸ਼ ਸ. ਨਵਰੀਤ ਸਿੰਘ ਵਿਰਕ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ, ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮੋਬਾਈਲ ਟਾਵਰਾਂ ਤੇ ਬੇਸ ਟਰਾਂਸੀਵਰ ਸਟੇਸ਼ਨ (ਬੀ.ਟੀ.ਐਸ.) ਵਿੱਚ ਜੀ.ਸੀ.ਯੂ.1, ਡਿਵਾਇਸ ਆਦਿ ਸਮਾਨ ਦੀ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦੇ 04 ਮੈਂਬਰਾਂ ਨੂੰ ਕਾਬੂ ਕਰ ਕੇ ਉਹਨਾਂ ਪਾਸੋਂ ਚੋਰੀ ਕਰਨ ਸਮੇਂ ਵਰਤੀ ਕਾਰ ਨੰਬਰੀ ਪੀ.ਬੀ. 34 ਸੀ 9244 ਮਾਰਕਾ ਸਵਿਫਟ ਡਿਜ਼ਾਇਰ ਅਤੇ 31 ਜੀ.ਸੀ.ਯੂ.1 ਕਾਰਡਜ਼ ਦੀ ਬ੍ਰਾਮਦਗੀ ਕਰ ਕੇ ਮੁਕੱਦਮਾ ਨੰਬਰ 61 ਮਿਤੀ 30-05-2025 ਅਧੀਨ ਧਾਰਾ 303(2), 317(2) ਬੀ.ਐਨ.ਐਸ. 2023 ਥਾਣਾ ਚੀਮਾ ਟਰੇਸ ਕੀਤਾ ਗਿਆ।ਉਹਨਾਂ ਦੱਸਿਆ ਕਿ ਇਸ ਗਰੋਹ ਨੇ ਪੰਜਾਬ ਦੇ ਜ਼ਿਲ੍ਹਾ ਸੰਗਰੂਰ, ਬਰਨਾਲਾ, ਬਠਿੰਡਾ, ਮੋਗਾ, ਮਾਨਸਾ, ਪਟਿਆਲਾ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਵਿੱਚ ਕਰੀਬ 100 ਮੋਬਾਈਲ ਟਾਵਰਾਂ ਤੋਂ ਬੇਸ ਟਰਾਂਸੀਵਰ ਸਟੇਸ਼ਨ (ਬੀ.ਟੀ.ਐਂਸ.) ਵਿੱਚ ਜੀ.ਸੀ.ਯੂ.1, ਕਾਰਡਜ਼ ਦੀਆਂ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ।ਇਸ ਸਬੰਧੀ ਸ਼੍ਰੀ ਦਵਿੰਦਰ ਅੱਤਰੀ (ਕਪਤਾਨ ਪੁਲਿਸ ਇਨਵੈਸਟੀਗੇਸ਼ਨ) ਅਤੇ ਸ਼੍ਰੀ ਦਿਲਜੀਤ ਸਿੰਘ ਵਿਰਕ (ਉਪ ਕਪਤਾਨ ਪੁਲਿਸ ਇਨਵੈਸਟੀਗੇਸ਼ਨ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੰਸਪੈਕਟਰ ਸੰਦੀਪ ਸਿੰਘ ਇੰਚਾਰਜ ਸੀ.ਆਈ.ਏ ਸੰਗਰੂਰ ਦੀ ਟੀਮ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਸੀ.ਆਈ.ਏ ਦੀ ਟੀਮ ਵੱਲੋਂ ਮਿਤੀ 12-06-2025 ਨੂੰ ਮੁਖਬਰ ਖਾਸ ਦੀ ਇਤਲਾਹ 'ਤੇ ਰਾਮਕਰਨ ਸਿੰਘ ਉਰਫ ਲਾਡੀ ਵਾਸੀ ਅਕੋਈ ਸਾਹਿਬ, ਅਵਤਾਰ ਸਿੰਘ ਵਾਸੀ ਅਕੋਈ ਸਾਹਿਬ, ਪ੍ਰੇਮ ਸਿੰਘ ਵਾਸੀ ਬੇਨੜਾ ਅਤੇ ਰੁਪਿੰਦਰ ਸਿੰਘ ਉਰਫ ਚੀਨੂ ਵਾਸੀ ਬੇਨੜਾ, ਜੋ ਕਿ ਮੋਬਾਈਲ ਟਾਵਰਾਂ ਦਾ ਕੀਮਤੀ ਸਾਮਾਨ ਚੋਰੀ ਕਰ ਕੇ ਅੱਗੇ ਵੇਚਦੇ ਹਨ। ਜਿਹਨਾਂ ਕੋਲ ਇੱਕ ਕਾਰ ਨੰਬਰੀ ਪੀਬੀ-34-ਸੀ-9244 ਮਾਰਕਾ ਸਵਿਫਟ ਡਿਜ਼ਾਇਰ ਰੰਗ ਚਿੱਟਾ, ਜੋ ਇਹ ਕਾਰ ਮੋਬਾਈਲ ਟਾਵਰਾਂ ਦਾ ਸਮਾਨ ਚੋਰੀ ਕਰ ਕੇ ਲੋਡ ਕਰਨ ਵਿੱਚ ਵਰਤਦੇ ਹਨ। ਜਿਨ੍ਹਾਂ ਨੇ ਕੁੱਝ ਦਿਨ ਪਹਿਲਾਂ ਵੀ ਕਈ ਮੋਬਾਈਲ ਟਾਵਰਾਂ ਤੋਂ ਕੀਮਤੀ ਸਮਾਨ ਚੋਰੀ ਕੀਤਾ ਸੀ।ਇਸ ਸਬੰਧੀ 04 ਮੁਲਜ਼ਮਾਂ ਨੂੰ ਬਾ ਹੱਦ ਬੇਨੜਾ ਨੇੜੇ ਰੇਲਵੇ ਫਾਟਕ ਰੇਡ ਕਰ ਕਾਰ ਸਮੇਤ ਕਾਬੂ ਕੀਤਾ ਗਿਆ ਤੇ ਕਾਰ ਵਿੱਚੋਂ ਮੋਬਾਇਲ ਟਾਵਰਾਂ ਤੋਂ ਚੋਰੀ ਕੀਤੇ, 31 ਜੀ.ਸੀ.ਯੂ.1, ਕਾਰਡਜ਼ ਬਰਾਮਦ ਕੀਤੇ ਗਏ ਉਹਨਾਂ ਦੱਸਿਆ ਕਿ ਗਰੋਹ ਦੇ ਮੈਂਬਰ ਮੋਬਾਈਲ ਟਾਵਰ ਕੰਪਨੀਆਂ ਵਿੱਚ ਕੰਮ ਕਰਦੇ ਸਨ। ਇਨ੍ਹਾਂ ਮੁਲਜ਼ਮਾਂ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਇਲਾਕਾ ਦਿੜ੍ਹਬਾ ਅਤੇ ਮੂਨਕ ਵਿਖੇ ਵੀ ਮੋਬਾਈਲ ਟਾਵਰਾਂ ਤੋਂ ਸਮਾਨ ਚੋਰੀ ਕਰਨ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਸੀ।

## 11 ਸਾਲਾਂ ਵਿੱਚ ਕੇਂਦਰ ਸਰਕਾਰ ਹਰ ਇੱਕ ਮੋਰਚੇ 'ਤੇ ਮਜਬੂਤ ਹੋ ਕੇ ਉਭਰੀ : ਰਾਏ

ਮਲੋਟ, 15 ਜੂਨ ( ਅਮਨਦੀਪ ਸਿੰਘ ਮਹਿਰਾ ) ਬੀਜੇਪੀ ਦਫਤਰ ਮਲੋਟ ਵਿਖੇ ਮਨਜੀਤ ਸਿੰਘ ਰਾਏ ਵੱਲੋਂ ਇੱਕ ਪ੍ਰੈਸ ਕਾਨਫਰਸ ਕੀਤੀ ਗਈ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਜ਼ਿਲ੍ਹਾ ਪ੍ਰਭਾਵੀ ਮਨਜੀਤ ਸਿੰਘ ਰਾਏ ਨੇ ਦਿੱਤੀ ਉਹਨਾਂ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹਨਾਂ 11 ਸਾਲਾਂ ਵਿੱਚ ਕੇਂਦਰ ਸਰਕਾਰ ਹਰ ਇੱਕ ਫਰੰਟ ਪੇ ਮਜਬੂਤ ਹੋ ਕੇ ਉਭਰੀ ਹੈ ਉਹਨਾਂ ਨੇ ਦੱਸਿਆ ਕਿ ਇਹਨਾਂ 11 ਸਾਲਾਂ ਵਿੱਚ ਜਿੱਥੇ ਦੇਸ਼ ਦੀ ਆਰਥਿਕ ਵਿਵਸਥਾ ਇੰਨੀ ਮਜਬੂਤ ਹੋਈ ਕੀ ਅਸੀਂ ਵਿਸ਼ਵ ਦੀ ਚੌਥੀ ਮਹਾ ਸ਼ਕਤੀ ਬਣਨ ਵਾਲੇ ਜਾ ਰਹੇ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ *ਵਿਕਸਿਤ ਭਾਰਤ ਦਾ ਅੰਮ੍ਰਿਤਕਾਲ, ਸੇਵਾ, ਸੁਸ਼ਾਸਨ ਅਤੇ ਗਰੀਬ ਕਲਿਆਣ ਦੇ 11 ਸਾਲ* ਦਾ ਇਕ ਪ੍ਰੋਗਰਾਮ ਭਾਰਤੀ ਜਨਤਾ ਪਾਰਟੀ ਵਲੋਂ ਪੂਰੇ ਭਾਰਤ ਵਿਚ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਦੇਸ਼ ਦੇ ਆਮ ਲੋਕਾਂ ਦਾ ਖਿਆਲ ਰੱਖਦੇ ਹੋਏ ਜਿੱਥੇ ਕਿਸਾਨ ਵੀਰਾਂ ਦੇ ਲਈ ਕਿਸਾਨ ਨਿਧੀ ਯੋਜਨਾ, ਉਥੇ ਹੀ ਪਿੰਡਾਂ ਵਿੱਚ ਜਰੂਰਤ ਮੰਦਾ ਲਈ ਸੁਚਾਲਿਆ ਬਣਾਏ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਕਰੋੜਾਂ ਲੋਕਾਂ ਨੂੰ ਪੱਕੀ ਛੱਤ ਦੇਣ ਦਾ ਵਾਅਦਾ ਵੀ ਪੂਰਾ ਕੀਤਾ। ਇਸ ਦੇ ਨਾਲ ਹੀ ਵਪਾਰ ਨੂੰ ਵਧਾਉਣ ਦੇ ਲਈ ਸੜਕੀ ਆਵਾਜਾਈ ਨੂੰ ਮਜਬੂਤ ਕਰਨ ਦੇ ਲਈ ਦੇਸ਼ ਭਰ ਵਿੱਚ ਹੀ ਸੜਕਾਂ ਦਾ ਜਾਲ ਵਿਛਾਇਆ ਗਿਆ, ਉੱਥੇ ਹੀ ਕੇਂਦਰ ਦੀ ਸਰਕਾਰ ਵੱਲੋਂ ਵੀ ਲੋਕਾਂ ਨੂੰ ਚੰਗੀਆਂ ਸਿਹਤ ਸੁਵਿਧਾਵਾਂ ਦੇਣ ਦੇ ਮਕਸਦ ਨਾਲ ਪੰਜ ਲੱਖ ਬੀਮਾ ਯੋਜਨਾ ਚਲਾਈ ਗਈ। ਮਨਜੀਤ ਸਿੰਘ ਰਾਏ ਨੇ ਦੱਸਿਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ ਦ੍ਰਿੜ ਇੱਛਾ ਸ਼ਕਤੀ ਕਾਰਨ ਹੀ ਅਸੀਂ ਅੱਤਵਾਦ ਨੂੰ ਮੋਹ ਤੋੜ ਜਵਾਬ ਦਿੱਤਾ ਅਤੇ ਮਿਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਵਿਖੇ ਅੱਤਵਾਦੀਆਂ ਦੇ ਅੱਡੇ ਤਬਾਹ ਕੀਤੇ ਅਤੇ ਪਾਕਿਸਤਾਨ ਦੀ ਵੱਲੋਂ ਕੀਤੀ ਗਈ ਕਾਰਵਾਈ ਦਾ ਮੂੰਹ ਤੋੜ ਜਵਾਬ ਵੀ ਦਿੱਤਾ, ਉਹਨਾਂ ਨੇ ਕਿਹਾ ਕਿ ਇਹ ਬਹੁਤ ਵੱਡੀ ਗੱਲ ਹੈ ਕਿ ਹੁਣ ਦੇਸ਼ ਦੇ ਪ੍ਰਧਾਨ ਮੰਤਰੀ ਇਹ ਗੱਲ ਕਹਿ ਰਹੇ ਹਨ ਕਿ ਦੇਸ਼ ਵਿੱਚ ਜੋ ਵੀ ਅੱਤਵਾਦੀ ਹਮਲਾ ਕਰੇਗਾ ਤਾਂ ਉਸ ਨੂੰ ਭਾਰਤ ਦੇਸ਼ ਤੇ ਹਮਲਾ ਸਮਝਿਆ ਜਾਏਗਾ ਅਤੇ ਉਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਜੰਮੂ ਕਸ਼ਮੀਰ ਵਿੱਚ ਧਾਰਾ 370 ਨੂੰ ਖਤਮ ਕੀਤੀ ਗਈ , ਅਯੋਧਿਆ ਦੀ ਪਾਵਨ ਧਰਤੀ ਤੇ ਸ਼੍ਰੀ ਰਾਮ ਮੰਦਰ ਬਣਾਇਆ ਗਿਆ, ਤੀਨ ਤਲਾਕ ਖਤਮ ਕੀਤਾ ਗਿਆ। ਅਸੀ ਲੋਕਾਂ ਨਾਲ ਜੋ ਵਾਅਦੇ ਕੀਤੇ ਗਏ ਸਨ ਉਹ ਸਾਰੇ ਪੂਰੇ ਕੀਤੇ ਗਏ। ਹੁਣ ਦੇਸ਼ ਦੇ ਲੋਕ ਵੀ ਇਹ ਕਹਿ ਰਹੇ ਹਨ ਕਿ ਮੋਦੀ ਹੈ ਤੋਂ ਮੁਮਕਿਨ ਹੈ। ਕੇਂਦਰ ਵਿੱਚ ਪਹਿਲਾਂ ਦੀ ਸਰਕਾਰਾਂ ਨੇ ਲੋਕਾਂ ਦੀ ਸਹੂਲਤ ਦੇ ਲਈ ਸਿਰਫ ਯੋਜਨਾਵਾਂ ਤਿਆਰ ਕੀਤੀਆਂ ਅਤੇ ਇਹਨਾਂ ਯੋਜਨਾਵਾਂ ਦਾ ਲਾਭ ਸਿਰਫ਼ ਕੁਝ ਲੋਕਾਂ ਨੇ ਹੀ ਚੁੱਕਿਆ, ਪ੍ਰੰਤੂ ਹੁਣ ਕੇਂਦਰ ਦੀ ਸਰਕਾਰ ਵੱਲੋਂ ਆਮ ਲੋਕਾਂ ਲਈ ਜੋ ਵੀ ਜੋ ਵੀ ਯੋਜਨਾਵਾਂ ਨੂੰ ਤਿਆਰ ਕੀਤਾ ਅਤੇ ਲੋਕਾਂ ਤੱਕ ਪਹੁੰਚਾ ਕੇ ਉਹਨਾਂ ਦਾ ਆਮ ਲੋਕਾਂ ਨੂੰ ਫਾਇਦਾ ਦਿੱਤਾ। ਭਾਜਪਾ ਆਗੂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਕਲਿਆਣ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਹਰ ਇੱਕ ਮਹੀਨੇ ਪੰਜ ਕਿਲੋ ਫਰੀ ਕਣਕ ਦਿੱਤੀ ਜਾ ਰਹੀ ਹੈ, ਰਹੀ ਗੱਲ ਦੇਸ਼ ਦੀ ਸੁਰੱਖਿਆ ਦੀ ਤਾ ਉਹਨਾਂ ਦਸਿਆ ਕਿ ਸਾਡਾ ਡਿਫੈਂਸ ਸਿਸਟਮ ਕਿੰਨਾ ਮਜਬੂਤ ਹੈ ਇਹ ਅਸੀਂ ਮਿਸ਼ਨ ਸਿੰਦੂਰ ਦੇ ਵਿੱਚ ਵਿਸ਼ਵ ਭਰ ਨੂੰ ਦੱਸ ਚੁੱਕੇ ਹਾਂ। ਇਸ ਮੌਕੇ ਤੇ ਭਾਜਪਾ ਦੇ ਮੰਡਲ ਪ੍ਰਧਾਨ ਸੁਸ਼ੀਲ ਜਲਹੋਤਰਾ, ਭਾਜਪਾ ਦੇ ਸੀਨੀਅਰ ਆਗੂ ਅਤੇ ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਹੈਪੀ ਡਾਵਰ, ਜ਼ਿਲ੍ਹਾ ਵਾਈਸ ਪ੍ਰਧਾਨ ਅਮਨਦੀਪ ਸੰਧੂ, ਪ੍ਰਧਾਨ ਰਿਖੀਕੇਸ ਭੋਲੀ, ਜਰਨਲ ਸਕੱਤਰ ਅਮਨ ਮਿੱਢਾ, ਦਫ਼ਤਰ ਇੰਚਾਰਜ ਚੰਦਨ ਚਾਵਲਾ , ਅਭੀ ਜਲਹੋਤਰਾ , ਬਲਜੀਤ ਬਰਾੜ ਪ੍ਰਧਾਨ ਦਾਨੇਵਾਲਾ ਸਰਕਲ, ਪ੍ਰਦੀਪ ਡੂਡੇਜਾ, ਤੋਂ ਇਲਾਵਾ ਹੋਰ ਆਗੂ ਹਾਜ਼ਰ ਸਨ।

## ਸੋਸ਼ਲ ਮੀਡੀਆ ਰਾਹੀਂ ਅਸ਼ਲੀਲਤਾ ਪ੍ਰੋਸਣ ਵਾਲਿਆਂ ਲਈ ਬਣੇ ਸਖਤ ਕਨੂੰਨ: ਅਤਲਾ



ਮਾਨਸਾ 15 ਜੂਨ ( ਵਿਰੇਂਦਰਪਾਲ ਮੰਤਰੋ)ਸੋਸ਼ਲ ਮੀਡੀਆ ਪਲੇਟ ਫਾਰਮਜ਼ ਰਾਹੀਂ ਚੰਦ ਪੈਸਿਆਂ ਦੀ ਖਾਤਰ ਅਸ਼ਲੀਲਤਾ ਪਰੋਸਣ ਵਾਲਿਆਂ ਲਈ ਸਖ਼ਤ ਕਾਨੂੰਨ ਤੇ ਸਖਤ ਸਜ਼ਾ ਦੀ ਵਿਵਸਥਾ ਕਰਨ ਦੀ ਪੰਥਕ ਆਗੂਆਂ ਨੇ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ ਨੇ ਕਿਹਾ ਕਿ ਜਿੱਥੇ ਪੰਜਾਬ ਨੂੰ ਘੁਣ ਵਾਂਗਰ ਨਸ਼ਿਆਂ ਦਾ ਕੋਹੜ ਖਾ ਰਿਹਾ ਹੈ, ਉੱਥੇ ਸਮਾਜਿਕ ਅਜ਼ਾਦੀ ਦੇ ਨਾਮ ਤੇ ਬੇਲਗਾਮ ਸੋਸ਼ਲ ਮੀਡੀਆ ਪਲੇਟ ਫਾਰਮ ਰਾਹੀਂ ਅਸ਼ਲੀਲਤਾ ਪਰੋਸਣ ਵਾਲਿਆਂ ਨੇ ਵੀ ਕੋਈ ਪੰਜਾਬ ਦੀ ਜਵਾਨੀ ਨੂੰ ਕੁਰਾਹੇ ਪਾਉਣ ਚ ਕੋਈ ਕਸਰ ਨਹੀਂ ਛੱਡੀ । ਉਕਤ ਆਗੂਆਂ ਨੇ ਕਿਹਾ ਅਸ਼ਲੀਲਤਾ ਪਰੋਸਣ ਵਾਲੀ ਕੰਚਨ ਕੁਮਾਰੀ ਉਰਫ ਕਮਲ ਕੌਰ ਭਾਬੀ ਦੇ ਕਤਲ ਦੇ ਦੋਸ ਪੰਥਕ ਧਾਰਮਿਕ ਆਗੂ ਭਾਈ ਅਮ੍ਰਿਤਪਾਲ ਸਿੰਘ ਮਹਿਰੋਂ ਤੇ ਉਹਨਾਂ ਦੇ ਜੱਥੇ ਦੇ ਸਿੰਘਾਂ ਤੇ ਲਗਾਏ ਗਏ ਹਨ, ਭਾਈ ਅਤਲਾ ਨੇ ਕਿਹਾ ਕਿ ਆਖਰ ਕੀ ਕਾਰਨ ਸਨ ਕਿ ਧਰਮੀ ਸਿੰਘਾਂ ਨੂੰ ਮਜ਼ਬੂਰ ਹੋ ਕੇ ਇਸ ਔਰਤ ਦਾ ਕਤਲ ਕਰਨਾ ਪਿਆ। ਉਹਨਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਪੈਗ਼ੰਬਰਾਂ ਸ਼ਹੀਦ ਯੋਧਿਆਂ ਧਰਮੀ? ਲੋਕਾਂ ਦੀ ਧਰਤੀ ਹੈ, ਇਥੇ ਅਸ਼ਲੀਲਤਾ ਫੈਲਾਉਣ ਵਾਲਿਆਂ ਨੂੰ ਧਰਮੀ ਲੋਕ ਸਮਾਜਕ ਅਜ਼ਾਦੀ ਦੇ ਨਾਮ ਤੇ ਪਸੰਦ ਕਰ ਲੈਣ,ਇਹ ਕਦਾਚਿੱਤ ਨਹੀਂ ਹੋਣ ਵਾਲਾ । ਉਹਨਾਂ ਕਿਹਾ ਕਿ ਕਿਸੇ ਵਲੋਂ ਹਥਿਆਰ ਦੇ ਨਾਲ ਆਪਣੀ ਫੋਟੋ ਸੋਸ਼ਲ ਮੀਡੀਆ ਤੇ ਅਪਲੋਡ ਕਰਨਾ ਤਾਂ ਕਾਨੂੰਨ ਦੀ ਉਲੰਘਣਾ ਹੈ,ਪ੍ਰੰਤੂ ਅਸ਼ਲੀਲਤਾ ਕੁੱਝ ਲੋਕਾਂ ਵੱਲੋਂ ਚੰਦ ਪੈਸਿਆਂ ਦੀ ਖਾਤਰ ਬਿਨਾਂ ਰੋਕ ਟੋਕ ਤੇ ਫੈਲਾਈ ਜਾ ਰਹੀ ਹੈ, ਜਿਸ ਦਾ ਨਾਬਾਲਗ ਬਾਲਗ ਬੱਚਿਆਂ ਅਤੇ ਸੱਭਿਅਕ ਸਮਾਜ ਲਈ ਨੁਕਸਾਨ ਦਾਇਕ ਸਾਬਤ ਹੋ ਰਹੀ ਹੈ,ਉਸ ਲਈ ਕੋਈ ਕਾਨੂੰਨ ਨਹੀਂ, ਭਾਈ ਅਤਲਾ ਨੇ ਕਿਹਾਂ ਕੇ ਕੇਂਦਰ ਸਰਕਾਰ ਤੇ ਪੰਜਾਬ ਦੀ ਸਰਕਾਰ ਨੂੰ ਇਸ ਦਿਨੋਂ ਦਿਨ ਗੰਭੀਰ ਹੁੰਦੇ ਜਾ ਰਹੇ ਮਸਲੇ ਤੇ ਸੰਜੀਦਗੀ ਨਾਲ ਵਿਚਾਰ ਕਰਦਿਆਂ ਕਾਨੂੰਨੀ ਦਾਇਰੇ ਚ ਲੈ ਕਿ ਸਖ਼ਤ ਕਾਨੂੰਨ ਬਣਾਉਣਾ ਚਾਹੀਦਾ ਹੈ, । ਉਹਨਾਂ ਪੁਲਿਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਕੌਮੀ ਯੋਧਾ ਹੈ ਉਸ ਦੇ ਪਰਿਵਾਰ ਨੂੰ ਤੰਗ ਪ੍ਰੇਸਾਨ ਨਾ ਕੀਤਾ ਜਾਵੇ।

## ਵਿਜੇ ਰੁਪਾਨੀ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਭਾਜਪਾ ਨੂੰ ਪਿਆ ਵੱਡਾ ਘਾਟਾ



ਬਰਨਾਲਾ, 15 ਜੂਨ (ਸੁਖਵਿੰਦਰ ਸਿੰਘ ਭੰਡਾਰੀ)- ਭਾਰਤੀ ਜਨਤਾ ਪਾਰਟੀ ਦੇ ਕਿਸਾਨ ਮੋਰਚਾ ਪੰਜਾਬ ਦੇ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ, ਐਸ ਸੀ ਵਿੰਗ ਦੇ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਧਰਮ ਸਿੰਘ ਫ਼ੌਜੀ ਅਤੇ ਬੀ ਸੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਗੱਖੀ ਨੇ ਅਹਿਮਦਾਬਾਦ ਹਵਾਈ ਹਾਦਸੇ ਦੇ ਦੁਖਾਂਤ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਹਾਦਸੇ ਚ ਜਾਨਾਂ ਗੁਆਉਣ ਵਾਲਿਆਂ ਨੂੰ ਸਰਧਾਂਜਲੀ ਭੇਂਟ ਕੀਤੀ। ਉਨਾਂ ਕਿਹਾ ਕਿ ਇਸ ਹਾਦਸੇ ਵਿਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਅਤੇ ਚੰਡੀਗੜ੍ਹ ਮਾਮਲਿਆਂ ਦੇ ਇੰਚਾਰਜ਼ ਵਿਜੇ ਰੂਪਾਨੀ ਹਮੇਸ਼ਾ ਲਈ ਭਾਜਪਾ ਅਤੇ ਪੰਜਾਬ ਤੋਂ ਹਮੇਸ਼ਾ ਲਈ ਦੂਰ ਹੋ ਗਏ ਹਨ, ਜਿਸ ਕਾਰਨ ਭਾਜਪਾ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਵਰਗੀ ਵਿਜੇ ਰੁਪਾਨੀ ਪਾਰਟੀ ਦੀ ਵਿਚਾਰਧਾਰਾ ਪ੍ਰਤੀ ਦ੍ਰਿੜਤਾ ਨਾਲ ਵਚਨਬੱਧ ਸਨ। ਉਨ੍ਹਾਂ ਦੀ ਅਗਵਾਈ ਚ ਪੰਜਾਬ ਅਤੇ ਚੰਡੀਗੜ੍ਹ ਚ ਭਾਜਪਾ ਨੇ ਸਫ਼ਲਤਾ ਦੀਆਂ ਬੁਲੰਦੀਆਂ ਨੂੰ ਛੂਹਿਆ ਅਤੇ ਭਾਜਪਾ ਨੇ ਪੰਜਾਬ ਦੇ ਪਿੰਡਾਂ ਚ ਵੀ ਆਪਣਾ ਆਧਾਰ ਮਜ਼ਬੂਤ ਕੀਤਾ। ਉਹ ਇੱਕ ਮਿਹਨਤੀ, ਯਤਨਸ਼ੀਲ ਅਤੇ ਨਿਮਰ ਨੇਤਾ ਸਨ। ਉਨ੍ਹਾਂ ਕਿਹਾ ਕਿ ਸਾਰਾ ਦੇਸ਼ ਮਾਰੇ ਗਏ ਲੋਕਾਂ ਦੇ ਪੀੜ੍ਹਤ ਪਰਿਵਾਰਾਂ ਨਾਲ ਨਾਲ ਖੜੇ ਹਨ। ਉਨ੍ਹਾਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਇਸ ਦੁਰਘਟਨਾ ਦੌਰਾਨ ਮਾਰੇ ਗਏ ਲੋਕਾਂ ਦੀਆਂ ਵਿਛੜੀਆਂ ਰੂਹਾਂ ਨੂੰ ਪ੍ਰਮਾਤਮਾ ਆਪਣੇ ਚਰਨਾ ਚ ਨਿਵਾਸ ਬਖਸ਼ੇ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਸ.ਫ਼ਾ ਤਿੰਨ ਦੀ ਬਾਕੀ

### ਪੰਜਾਬ ਭਿਆਨਕ ਗਰਮੀ ਦੀ ਲਪੇਟ 'ਚ!

ਮੌਸਮ ਵਿਭਾਗ ਨੇ 15 ਤੋਂ 18 ਜੂਨ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਅਨੁਸਾਰ ਰਾਤਾਂ ਦੌਰਾਨ ਤਾਪਮਾਨ ਵਧੇਗਾ ਅਤੇ ਗਰਮ ਹਵਾਵਾਂ ਦਾ ਸਾਹਮਣਾ ਕਰਨਾ ਪਵੇਗਾ। ਫਿਲਹਾਲ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ, ਜਿਸ ਕਾਰਨ ਗਰਮੀ ਆਪਣਾ ਰੰਗ ਵਿਖਾਉਂਦੀ ਨਜ਼ਰ ਆਵੇਗੀ।

### ਅਗਲੇ 5 ਦਿਨ ਪਵੇਗਾ ਭਾਰੀ ਮੀਂਹ!

ਦਰਮਿਆਨੀ ਬਾਰਿਸ਼ ਹੋਵੇਗੀ। ਸੌਰਾਸ਼ਟਰ ਅਤੇ ਕੱਛ ਦੇ ਇਲਾਕਿਆਂ ਵਿੱਚ ਬਹੁਤ ਜ਼ਿਆਦਾ ਭਾਰੀ ਬਾਰਿਸ਼ (20 ਸੈਂਟੀਮੀਟਰ/24 ਘੰਟੇ) ਦੀ ਉਮੀਦ ਹੈ। ਕੋਂਕਣ ਅਤੇ ਗੋਆ: 18 ਤੋਂ 21 ਜੂਨ ਦੇ ਵਿਚਕਾਰ ਭਾਰੀ ਬਾਰਿਸ਼ ਦੀ ਚੇਤਾਵਨੀ ਹੈ। ਮੱਧ ਮਹਾਰਾਸ਼ਟਰ: 15 ਤੋਂ 18 ਜੂਨ ਤੱਕ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਹੋ ਸਕਦੀ ਹੈ। ਇਸ ਦਾ ਪ੍ਰਭਾਵ ਪੂਰਬੀ ਅਤੇ ਮੱਧ ਭਾਰਤ ਵਿੱਚ ਵੀ ਦੇਖਿਆ ਜਾਵੇਗਾ।

### ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਸੁਖਬੀਰ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਮਗਰੋਂ 20 ਦਿਨ ਦਾ ਦਿੱਤਾ ਹੋਰ ਸਮਾਂ

ਤਨਖਾਹੀਆ ਕਰਾਰ ਦੇ ਦਿੱਤਾ 'ਤੇ ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਸਾਰੇ ਕਾਰਨਾਮੇ ਪਿੱਛੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਹਿਮ ਰੋਲ ਹੈ। ਜਿਸ ਕਰਕੇ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਇਸ ਗਲਤ ਢੰਗ ਨਾਲ ਕੀਤੀ ਕਾਰਵਾਈ ਦੇ ਬਦਲੇ 10 ਦਿਨ ਦੇ ਅੰਦਰ ਅੰਦਰ ਪਟਨਾ ਸਾਹਿਬ ਵਿਖੇ ਪੇਸ਼ ਹੋਣ ਦਾ ਆਦੇਸ਼ ਕੀਤਾ ਸੀ, ਪ੍ਰੰਤੂ ਸੁਖਬੀਰ ਸਿੰਘ ਬਾਦਲ ਦਿੱਤੇ ਸਮੇਂ ਵਿੱਚ ਹਾਜ਼ਰ ਨਹੀਂ ਹੋਏ ਤੇ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ 10 ਦਿਨ ਦਾ ਹੋਰ ਸਮਾਂ ਦਿੱਤਾ ਗਿਆ, ਪਰੰਤੂ ਸੁਖਬੀਰ ਸਿੰਘ ਬਾਦਲ ਫਿਰ ਵੀ ਹਾਜ਼ਰ ਨਹੀਂ ਹੋਏ ਤਾਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਈਏ ਕਰਾਰ ਨਾ ਦੇ ਦੇਣ ਦਾ ਖਦਸ਼ਾ ਪੈਦਾ ਹੁੰਦਿਆਂ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰੇ ਸਾਹਿਬਾਨ ਨਾਲ ਫੋਨ 'ਤੇ ਰਾਬਤਾ ਕਰਕੇ ਉਨ੍ਹਾਂ ਤੋਂ ਸੁਖਬੀਰ ਸਿੰਘ ਬਾਦਲ ਦੇ ਲਈ ਹੋਰ ਸਮੇਂ ਦੀ ਮੰਗ ਕੀਤੀ। ਜਿਸ 'ਤੇ ਕੱਲ੍ਹ 14 ਜੂਨ ਨੂੰ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਦੀ ਹੋਈ ਵਿਸ਼ੇਸ਼ ਇਕੱਤਰਤਾ ਵਿੱਚ ਸੁਖਬੀਰ ਸਿੰਘ ਬਾਦਲ ਨੂੰ 20 ਦਿਨ ਦਾ ਹੋਰ ਸਮਾਂ ਦੇ ਦਿੱਤਾ ਗਿਆ ਹੈ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਜੇਕਰ ਸੁਖਬੀਰ ਸਿੰਘ ਬਾਦਲ ਨੂੰ ਤਲਬ ਕੀਤਾ ਗਿਆ ਹੈ ਤਾਂ ਉਸ ਲਈ ਸਮੇਂ ਦੀ ਮੰਗ ਕੀਤੀ ਗਈ ਹੈ। ਦੂਜੇ ਪਾਸੇ ਜੇਕਰ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨੇ ਕੁਲਦੀਪ ਸਿੰਘ ਗੜਗੱਜ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਤਨਖਾਹੀਆ ਕਰਾਰ ਕੀਤਾ ਹੈ ਤਾਂ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਬਿਆਨ ਜਾਰੀ ਕਰਵਾ ਦਿੱਤਾ, ਕਿ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੂੰ ਉਹਨਾਂ ਨੂੰ ਤਨਖਾਹੀਆ ਕਰਨ ਦਾ ਕੋਈ ਅਧਿਕਾਰ ਨਹੀਂ ਹੈ।,

### ਕੇਦਾਰਨਾਥ ਹੈਲੀਕਾਪਟਰ ਹਾਦਸੇ 'ਚ ਪਾਇਲਟ ਸਮੇਤ 7 ਦੀ ਮੌਤ

ਕਿ ਖਰਾਬ ਮੌਸਮ ਕਰਕੇ ਦਿਸਣ ਹੱਦ ਬਿਲਕੁਲ ਸਿਫ਼ਰ ਸੀ ਜਿਸ ਕਰਕੇ ਹਾਦਸਾ ਹੋਇਆ। ਜ਼ਿਲ੍ਹਾ ਸੈਰ-ਸਪਾਟਾ ਵਿਕਾਸ ਅਧਿਕਾਰੀ ਅਤੇ ਹੈਲੀ ਸੇਵਾ ਦੇ ਨੋਡਲ ਅਧਿਕਾਰੀ ਰਾਹੁਲ ਚੌਬੇ ਨੇ ਕਿਹਾ ਕਿ ਹੈਲੀਕਾਪਟਰ ਦੇ ਲਾਪਤਾ ਹੋਣ ਦੀ ਸੂਚਨਾ ਅੱਜ ਸਵੇਰੇ ਮਿਲੀ, ਜਿਸ ਮਗਰੋਂ ਫੌਰੀ ਭਾਲ ਸ਼ੁਰੂ ਕਰ ਦਿੱਤੀ ਗਈ। ਮ੍ਰਿਤਕ ਮਹਾਰਾਸ਼ਟਰ, ਗੁਜਰਾਤ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ। ਹੈਲੀਕਾਪਟਰ 'ਤੇ ਸਵਾਰ ਲੋਕਾਂ ਵਿਚ ਮਹਾਰਾਸ਼ਟਰ ਤੋਂ ਸ਼ਰਧਾ ਰਾਜਕੁਮਾਰ ਜੈਸਵਾਲ (35) ਤੇ ਕਾਸ਼ੀ (2), ਗੁਜਰਾਤ ਤੋਂ ਰਾਜਕੁਮਾਰ ਸੁਰੇਸ਼ ਜੈਸਵਾਲ (41), ਉਤਰਾਖੰਡ ਤੋਂ ਵਿਕਰਮ ਸਿੰਘ ਰਾਵਤ, ਉੱਤਰ ਪ੍ਰਦੇਸ਼ ਦੀ ਵਿਨੂਦ ਦੇਵੀ (66) ਤੇ ਤੁਸ਼ਤੀ ਸਿੰਘ (19) ਅਤੇ ਪਾਇਲਟ ਕੈਪਟਨ ਰਾਜਵੀਰ ਸਿੰਘ ਚੌਹਾਨ ਸ਼ਾਮਲ ਸਨ।

### ਅੰਮ੍ਰਿਤਪਾਲ ਸਿੰਘ ਅੰਮ੍ਰਿਤਸਰ ਏਅਰਪੋਰਟ ਤੋਂ ਵਿਦੇਸ਼ ਫਰਾਰ, ਪੁਲਿਸ ਵੱਲੋਂ ਸਕਰੂਟਨੀ ਨੋਟਿਸ ਜਾਰੀ

ਫਲਾਈਟ ਲੈ ਕੇ ਵਿਦੇਸ਼ ਭੱਜ ਗਿਆ ਹੈ। ਉਨ੍ਹਾਂ ਨੇ ਕਬੂਲ ਕੀਤਾ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਕਰੀਬ ਤਿੰਨ ਮਹੀਨੇ ਪਹਿਲਾਂ ਹੀ ਕਮਲ ਕੌਰ ਦੀ ਹੱਤਿਆ ਕਰਨ ਦੀ ਸਾਜ਼ਿਸ਼ ਰਚੀ ਸੀ ਅਤੇ ਇਸ ਸਾਜ਼ਿਸ਼ ਤਹਿਤ ਉਨ੍ਹਾਂ ਨੇ ਕਮਲ ਕੌਰ ਦੀ ਰੇਕੀ ਵੀ ਕੀਤੀ ਅਤੇ ਉਸ ਦੀ ਪੂਰੀ ਜਾਣਕਾਰੀ ਹਾਸਲ ਕਰਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਉਨ੍ਹਾਂ ਨੇ ਇਹ ਵੀ ਕਬੂਲ ਕੀਤਾ ਹੈ ਕਿ ਇਸ ਕਤਲਕਾਂਡ ਵਿੱਚ ਉਨ੍ਹਾਂ ਤਿੰਨਾਂ ਤੋਂ ਇਲਾਵਾ ਦੋ ਹੋਰ ਲੋਕ ਸ਼ਾਮਲ ਸਨ, ਜਿਨ੍ਹਾਂ ਨੇ ਅੰਮ੍ਰਿਤਪਾਲ ਸਿੰਘ ਨੂੰ ਬਠਿੰਡਾ ਤੋਂ ਅੰਮ੍ਰਿਤਸਰ ਲੈ ਕੇ ਜਾਣ ਵਿੱਚ ਮਦਦ ਕੀਤੀ। ਇਨ੍ਹਾਂ ਸਾਰੇ ਖੁਲਾਸਿਆਂ ਤੋਂ ਬਾਅਦ ਬਠਿੰਡਾ ਪੁਲਿਸ ਨੇ ਮਾਮਲੇ ਵਿੱਚ ਅੰਮ੍ਰਿਤਪਾਲ ਸਿੰਘ 'ਤੇ ਕਤਲ ਦੀ ਧਾਰਾ ਵਧਾਉਂਦੇ ਹੋਏ ਅਤੇ ਦੋ ਹੋਰ ਲੋਕਾਂ ਨੂੰ ਮਾਮਲੇ ਵਿੱਚ ਨਾਮਜ਼ਦ ਕੀਤਾ ਹੈ। ਜਿਸ ਵਿੱਚ ਇੱਕ ਦੀ ਪਛਾਣ ਤਰਨਤਾਰਨ ਨਿਵਾਸੀ ਰਣਜੀਤ ਸਿੰਘ ਵਜੋਂ ਹੋਈ ਹੈ, ਜਦੋਂ ਕਿ ਦੂਜੇ ਵਿਅਕਤੀ ਦੀ ਪਛਾਣ ਹੋਣੀ ਬਾਕੀ ਹੈ। ਪੁਲਿਸ ਨੇ ਉਕਤ ਦੋਵੇਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਹੈ, ਜਦੋਂ ਕਿ ਵਿਦੇਸ਼ ਭੱਜ ਚੁੱਕੇ ਅੰਮ੍ਰਿਤਪਾਲ ਸਿੰਘ ਮਹਿਰੋ ਦਾ ਸਕਰੂਟਨੀ ਨੋਟਿਸ ਜਾਰੀ ਕਰਕੇ ਉਸ ਨੂੰ ਵਿਦੇਸ਼ ਤੋਂ ਵਾਪਸ ਲੈ ਕੇ ਆਉਣ ਦੀ ਕਾਰਵਾਈ ਜਲਦੀ ਹੀ ਸ਼ੁਰੂ ਕਰ ਦਿੱਤੀ ਜਾਵੇਗੀ।

### ਅੱਜ ਰਾਜਕੋਟ 'ਚ ਹੋਵੇਗਾ ਵਿਜੇ ਰੂਪਾਨੀ ਦਾ ਅੰਤਿਮ ਸੰਸਕਾਰ

ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਦੇ ਡੀ.ਐਨ.ਏ. ਮੈਚ ਹੋਣ ਦੀ ਜਾਣਕਾਰੀ ਦਿੱਤੀ ਹੈ। ਦੱਸਣਯੋਗ ਹੈ ਕਿ ਵਿਜੇ ਰੂਪਾਨੀ ਏਅਰ ਇੰਡੀਆ ਦੇ ਬੋਇੰਗ-787-8 ਜਹਾਜ਼ ਤੋਂ ਅਹਿਮਦਾਬਾਦ ਤੋਂ ਲੰਡਨ ਆਪਣੀ ਧੀ ਨੂੰ ਮਿਲਣ ਜਾ ਰਹੇ ਸਨ, ਪਰ ਉਹ ਜਹਾਜ਼ ਹਾਦਸੇ ਦੇ ਸ਼ਿਕਾਰ ਹੋ ਗਏ। ਦੱਸ ਦੇਈਏ ਕਿ ਅਹਿਮਦਾਬਾਦ ਤੋਂ ਲੰਡਨ ਜਾਣ ਵਾਲੇ ਜਹਾਜ਼ ਵਿਚ 242 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸਵਾਰ ਸਨ, ਜਿਨ੍ਹਾਂ ਵਿਚ 241 ਲੋਕ ਮਾਰੇ ਗਏ। ਇਸ ਹਾਦਸੇ ਵਿਚ ਮਾਰੇ ਗਏ ਲੋਕਾਂ ਵਿਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਵੀ ਸ਼ਾਮਲ ਸਨ। ਇਕ ਯਾਤਰੀ ਜਿਸ ਦਾ ਨਾਂ ਰਮੇਸ਼ ਵਿਸ਼ਵਾਸ ਕੁਮਾਰ ਸੀ, ਉਹ ਚਮਤਕਾਰੀ ਢੰਗ ਨਾਲ ਬਚ ਗਿਆ।

### ਮਹਾਰਾਸ਼ਟਰ ਦੇ ਪੁਣੇ 'ਚ ਪੁਲ ਟੁੱਟਣ ਕਾਰਨ 6 ਦੀ ਮੌਤ, 15-20 ਲੋਕ ਤੇਜ਼ ਵਹਾਅ 'ਚ ਰੁੜ੍ਹੇ

ਇੰਦਰਾਣੀ ਨਦੀ 'ਤੇ ਪੁਲ ਦੇ ਢਹਿਣ 'ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਮਾਵਲ ਵਿੱਚ ਪੁਲ ਢਹਿਣ ਦੀ ਘਟਨਾ ਵਾਪਰੀ ਹੈ। ਮੈਂ ਡਿਵੀਜ਼ਨਲ ਕਮਿਸ਼ਨਰ, ਤਹਿਸੀਲਦਾਰ ਅਤੇ ਪੁਲਿਸ ਕਮਿਸ਼ਨਰ ਨਾਲ ਗੱਲ ਕੀਤੀ ਹੈ। ਕੁਝ ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਕੁਝ ਲੋਕ ਫਸੇ ਹੋਏ ਵੀ ਹਨ। ਐਨਡੀਆਰਐਫ ਦੀ ਟੀਮ ਉੱਥੇ ਪਹੁੰਚ ਰਹੀ ਹੈ।

### ਪੁਲਿਸ ਚੌਕੀ 'ਤੇ ਗ੍ਰਨੇਡ ਹਮਲਾ: ਐਨ.ਆਈ.ਏ. ਵੱਲੋਂ ਤਿੰਨ ਖਿਲਾਫ਼ ਚਾਰਜਸ਼ੀਟ ਦਾਇਰ

ਜਗਜੀਤ ਸਿੰਘ ਲਹਿਰੀ ਉਰਫ ਜੱਗਾ ਉਰਫ ਜੱਗਾ ਮੀਆਂਪੁਰ ਉਰਫ ਹਰੀ ਸਿੰਘ (ਮੌਜੂਦਾ ਸਮੇਂ ਯੂ.ਕੇ. ਵਿੱਚ) ਅਤੇ ਹੋਰ ਅਣਪਛਾਤੇ ਦਹਿਸ਼ਤੀ ਕਾਰਕੁਨਾਂ ਵਿਰੁੱਧ ਜਾਂਚ ਸ਼ੁਰੂ ਕਰ ਦਿੱਤੀ ਹੈ। ਐਂਨ.ਆਈ.ਏ., ਜਿਸ ਨੇ ਇਸ ਸਾਲ ਮਾਰਚ ਵਿੱਚ ਪੰਜਾਬ ਪੁਲੀਸ ਤੋਂ ਕੇਸ ਆਪਣੇ ਹੱਥ ਵਿਚ ਲੈ ਲਿਆ ਸੀ, ਨੇ ਹੁਣ ਤੱਕ ਦੀ ਜਾਂਚ ਵਿਚ ਪਾਇਆ ਹੈ ਕਿ ਜੱਗਾ ਨੇ ਯੂਕੇ ਵਿੱਚ ਇੱਕ ਜਾਣਕਾਰ ਰਾਹੀਂ ਯੁਗਪ੍ਰੀਤ ਸਿੰਘ ਨੂੰ ਭਰਤੀ ਕੀਤਾ ਸੀ। ਜੱਗਾ ਨੇ ਹੋਰ ਕੇ.ਜ਼ੈੱਡ.ਐੱਫ. ਅੱਤਵਾਦੀਆਂ ਅਤੇ ਕਾਰਕੁੰਨਾਂ ਨਾਲ, ਯੁਗਪ੍ਰੀਤ ਨੂੰ ਕੱਟੜਪੰਥੀ ਬਣਾਇਆ ਸੀ ਅਤੇ ਐਨਕ੍ਰਿਪਟਡ ਮੈਸੇਜਿੰਗ ਐਪਲੀਕੇਸ਼ਨਾਂ ਰਾਹੀਂ ਉਸ ਦੇ ਸੰਪਰਕ ਵਿਚ ਸੀ।

### ਸਿੱਖ ਵਿਅਕਤੀ 'ਤੇ 'ਚੱਪਲ ਸੁੱਟਣ' ਦੇ ਦੋਸ਼ 'ਚ ਕੇਂਦਰੀ ਮੰਤਰੀ ਵਿਰੁੱਧ

ਕਾਪੀ ਤ੍ਰਿਣਮੂਲ ਕਾਂਗਰਸ ਨੇ ਅਪਣੇ 'ਐਕਸ' ਹੈਂਡਲ 'ਤੇ ਪੋਸਟ ਕੀਤੀ ਸੀ, 'ਚ ਕਿਹਾ ਗਿਆ ਹੈ ਕਿ ਸ਼ਿਕਾਇਤਕਰਤਾ, ਇਕ ਸਿੱਖ ਵਿਅਕਤੀ, ਨੇ ਦੋਸ਼ ਲਾਇਆ ਕਿ ਇਹ ਮਜੂਮਦਾਰ ਵੱਲੋਂ ਜਾਣਬੁੱਝ ਕੇ ਕੀਤਾ ਗਿਆ ਕੰਮ ਸੀ, ਜਿਸ ਨਾਲ "ਧਾਰਮਕ ਵਿਸ਼ਵਾਸ ਦਾ ਅਪਮਾਨ ਹੋਇਆ, ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚੀ ਅਤੇ ਉਸ ਵਿਅਕਤੀ ਨੂੰ ਵੀ ਸੱਟ ਲੱਗੀ।" ਹਾਲਾਂਕਿ ਟੀ.ਐਮ.ਸੀ. ਦੇ ਐਕਸ ਹੈਂਡਲ ਪੋਸਟ 'ਤੇ ਪੋਸਟ ਕੀਤੀ ਐਫ.ਆਈ.ਆਰ. ਦੀ ਕਾਪੀ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਇਹ ਐਫ.ਆਈ.ਆਰ. ਬੀ.ਐਨ.ਐਸ. ਦੀ ਧਾਰਾ 302 (ਵਿਅਕਤੀਆਂ ਨੂੰ ਉਨ੍ਹਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਕੀਤੀਆਂ ਗਈਆਂ ਕਾਰਵਾਈਆਂ ਤੋਂ ਬਚਾਉਣਾ) ਅਤੇ 115 (2) (ਸਵੈ-ਇੱਛਾ ਨਾਲ ਸੱਟ ਪਹੁੰਚਾਉਣਾ) ਤਹਿਤ ਦਰਜ ਕੀਤੀ ਗਈ ਸੀ। ਪੱਛਮੀ ਬੰਗਾਲ 'ਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਕਿ ਸਿੱਖ ਭਾਈਚਾਰੇ ਨੇ ਮਜੂਮਦਾਰ ਵਿਰੁਧ 'ਸਹੀ ਗੁੱਸੇ ਨਾਲ ਜਵਾਬ ਦਿਤਾ' ਹੈ। ਤ੍ਰਿਣਮੂਲ ਕਾਂਗਰਸ ਨੇ ਅਪਣੇ 'ਐਕਸ' ਹੈਂਡਲ ਪੋਸਟ 'ਚ ਕਿਹਾ ਕਿ ਉਨ੍ਹਾਂ ਨੇ ਤੁਰਤ ਅਤੇ ਬਿਨਾਂ ਸ਼ਰਤ ਮੁਆਫੀ ਮੰਗਣ ਦੀ ਮੰਗ ਕੀਤੀ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀ ਆਵਾਜ਼ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਵਿਆਪਕ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ।

### ਉੱਤਰ ਪ੍ਰਦੇਸ਼ ਵਿੱਚ ਬਿਜਲੀ ਡਿੱਗਣ ਕਾਰਨ ਪਰਿਵਾਰ ਦੇ ਚਾਰ ਜੀਆਂ ਸਣੇ ਸੱਤ ਹਲਾਕ

ਧੀ ਰਾਧਾ ਅਤੇ ਧੀ ਕਰਿਸ਼ਮਾ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਸੰਭਲ ਦੇ ਗੁੰਨੌਰ ਤਹਿਸੀਲ ਖੇਤਰ ਵਿੱਚ ਅੱਜ ਅਸਮਾਨੀ ਬਿਜਲੀ ਡਿੱਗਣ ਕਾਰਨ 18 ਸਾਲਾ ਲੜਕੀ ਦੀ ਮੌਤ ਹੋ ਗਈ ਜਦਕਿ ਦੋ ਹੋਰ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਗੁੰਨੌਰ ਦੀ ਐੱਸ.ਡੀ.ਐੱਮ. ਵੰਦਨਾ ਮਿਸ਼ਰਾ ਨੇ ਦੱਸਿਆ ਕਿ ਅੱਜ ਸਵੇਰੇ ਇਲਾਕੇ ਦੇ ਪਿੰਡ ਮੋਨਪੁਰ ਡਾਂਡਾ ਵਿੱਚ ਅਤਰ ਸਿੰਘ ਆਪਣੇ ਪਰਿਵਾਰਕ ਮੈਂਬਰਾਂ ਨਾਲ ਖੇਤਾਂ 'ਚ ਕੰਮ ਕਰ ਰਿਹਾ ਸੀ। ਇਸ ਦੌਰਾਨ ਅਸਮਾਨੀ ਬਿਜਲੀ ਡਿੱਗਣ ਕਾਰਨ ਉਸ ਦੀ ਧੀ ਰਤਨੇਸ਼ ਕੁਮਾਰੀ (18) ਦੀ ਮੌਤ ਹੋ ਗਈ ਜਦਕਿ ਉਸ ਦਾ ਪੁੱਤਰ ਰਾਜੇਸ਼ (32) ਅਤੇ ਨੂੰਹ ਕਿਸ਼ਨਾਵਤੀ (28) ਜ਼ਖ਼ਮੀ ਹੋ ਗਈ। ਉੱਧਰ, ਬਿਜਨੌਰ ਜ਼ਿਲ੍ਹੇ ਵਿੱਚ ਅਸਮਾਨੀ ਬਿਜਲੀ ਡਿੱਗਥ ਕਾਰਨ ਖੇਤਾਂ 'ਚ ਕੰਮ ਕਰ ਰਹੇ ਦੋ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਇਕ ਮਹਿਲਾ ਵੀ ਸ਼ਾਮਲ ਹੈ।

### ਸਾਊਦੀ ਅਰਬ 'ਚ ਪੱਤਰਕਾਰ ਨੂੰ 7 ਸਾਲ ਜੇਲ੍ਹ 'ਚ ਰੱਖਣ ਤੋਂ ਬਾਅਦ

ਅਤੇ ਭ੍ਰਿਸ਼ਟਾਚਾਰ ਤੇ ਆਪਣੇ ਲੇਖਾਂ ਲਈ ਜਾਣਿਆ ਜਾਂਦਾ ਸੀ। ਅਲ-ਜੱਸਰ 2013 ਤੋਂ 2015 ਤੱਕ ਇੱਕ ਨਿੱਜੀ ਬਲੌਗ ਚਲਾਉਂਦਾ ਸੀ ਅਤੇ ਔਰਤਾਂ ਦੇ ਅਧਿਕਾਰਾਂ ਅਤੇ ਭ੍ਰਿਸ਼ਟਾਚਾਰ, 2011 ਵਿੱਚ ਮੱਧ ਏਸ਼ੀਆ ਨੂੰ ਹਿਲਾ ਦੇਣ ਵਾਲੇ ਅਰਬ ਸਪਰਿੰਗ ਅੰਦੋਲਨਾਂ ਤੇ ਆਪਣੇ ਲੇਖਾਂ ਲਈ ਮਸ਼ਹੂਰ ਸੀ।

### ਬਹੁ-ਮੰਜ਼ਿਲਾ ਇਮਾਰਤ ਢਹਿ-ਢੇਰੀ, ਕਈ ਲੋਕਾਂ ਦੇ ਦੱਬੇ ਹੋਣ ਦਾ ਖ਼ਦਸ਼ਾ

ਪੁਸ਼ਟੀ ਕੀਤੀ ਕਿ ਇਕ ਵਿਅਕਤੀ ਨੂੰ ਮਲਬੇ 'ਚੋਂ ਬਚਾਇਆ ਗਿਆ ਹੈ ਅਤੇ ਹਸਪਤਾਲ ਲਿਜਾਇਆ ਗਿਆ ਹੈ। ਐਸ.ਐਸ.ਪੀ. ਨੇ ਕਿਹਾ ਕਿ ਬਚਾਏ ਗਏ ਵਿਅਕਤੀ ਨੂੰ ਇਸ ਸਮੇਂ ਨਿਗਰਾਨੀ ਹੇਠ ਰੱਖਿਆ ਗਿਆ ਹੈ ਅਤੇ ਉਸ ਦੀ ਹਾਲਤ ਸਥਿਰ ਹੈ। ਉਨ੍ਹਾਂ ਕਿਹਾ ਕਿ ਬਚਾਅ ਕਾਰਜ ਜਾਰੀ ਹੈ। ਫਾਇਰ ਸਰਵਿਸ, ਨਗਰ ਨਿਗਮ, ਸਿਵਲ ਡਿਫੈਂਸ ਅਤੇ ਪੁਲਿਸ ਦੀਆਂ ਟੀਮਾਂ ਇਸ ਸਮੇਂ ਮੌਕੇ 'ਤੇ ਹਨ। ਇਸ ਤੋਂ ਇਲਾਵਾ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨ.ਡੀ.ਆਰ.ਐਫ.) ਅਤੇ ਰਾਜ ਆਫ਼ਤ ਪ੍ਰਤੀਕਿਰਿਆ ਬਲ (ਐਸ.ਡੀ.ਆਰ.ਐਫ.) ਦੀਆਂ ਟੀਮਾਂ ਨੂੰ ਵੀ ਬਚਾਅ ਕਾਰਜ ਵਿਚ ਮੱਦਦ ਲਈ ਬੁਲਾਇਆ ਗਿਆ ਹੈ।

### ਤਿੰਨ ਸਾਲਾਂ ਦੇ ਅੰਦਰ ਹਰੇਕ ਨਾਗਰਿਕ ਨੂੰ ਨਿਆਂ ਪ੍ਰਦਾਨ ਕਰਨ ਲਈ ਇੱਕ ਪ੍ਰਣਾਲੀ ਹੋਵੇਗੀ: ਸ਼ਾਹ

ਨੂੰ ਦਿੱਤੇ ਗਏ ਢੁਕਵੇਂ ਜਵਾਬ ਅਤੇ ਇਸ ਦੁਆਰਾ ਸਪਾਂਸਰ ਕੀਤੇ ਗਏ ਅੱਤਵਾਦ ਦਾ ਹਵਾਲਾ ਦਿੰਦੇ ਹੋਏ, ਗ੍ਰਹਿ ਮੰਤਰੀ ਨੇ ਕਿਹਾ, ਕਾਂਗਰਸ ਦੇ ਰਾਜ ਦੌਰਾਨ ਹਰ ਰੋਜ਼ ਅੱਤਵਾਦੀ ਹਮਲੇ ਹੁੰਦੇ ਸਨ। ਅਹਿਮਦਾਬਾਦ, ਦਿੱਲੀ, ਮੁੰਬਈ, ਜੈਪੁਰ, ਕੋਇੰਬਟੂਰ ਅਤੇ ਕਸ਼ਮੀਰ ਨੂੰ ਛੱਡ ਦਿਓ। ਜਦੋਂ ਪਾਕਿਸਤਾਨ ਨੇ ਮੋਦੀ ਜੀ ਦੇ ਰਾਜ ਦੌਰਾਨ ਉੜੀ ਵਿੱਚ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਅਸੀਂ ਸਰਜੀਕਲ ਸਟ੍ਰਾਈਕ ਕੀਤੇ, ਜਦੋਂ ਉਸਨੇ ਪੁਲਵਾਮਾ ਵਿੱਚ ਅਜਿਹਾ ਕੀਤਾ, ਅਸੀਂ ਹਵਾਈ ਹਮਲੇ ਕੀਤੇ ਅਤੇ ਜਦੋਂ ਉਸਨੇ ਪਹਿਲਗਾਮ ਵਿੱਚ ਅਜਿਹਾ ਕੀਤਾ, ਤਾਂ ਅਸੀਂ ਆਪ੍ਰੇਸ਼ਨ ਸਿੰਦੂਰ ਰਾਹੀਂ ਅੱਤਵਾਦੀਆਂ ਦੇ ਮੁੱਖ ਦਫਤਰ ਨੂੰ ਤਬਾਹ ਕਰ ਦਿੱਤਾ। ਉਨ੍ਹਾਂ ਕਿਹਾ, ਨਰਿੰਦਰ ਮੋਦੀ ਜੀ ਨੇ ਪੂਰੀ ਦੁਨੀਆ ਨੂੰ ਸੁਨੇਹਾ ਦਿੱਤਾ ਹੈ ਕਿ ਭਾਰਤੀਆਂ ਦਾ ਖ਼ੂਨ ਜ਼ਮੀਨ ਤੇ ਵਹਾਉਣ ਲਈ ਨਹੀਂ ਹੈ ਅਤੇ ਜੋ ਵੀ ਅਜਿਹਾ ਕਰਨ ਦੀ ਹਿੰਮਤ ਕਰੇਗਾ, ਉਸਨੂੰ ਸਜ਼ਾ ਦਿੱਤੀ ਜਾਵੇਗੀ। ਆਪ੍ਰੇਸ਼ਨ ਸਿੰਦੂਰ ਨੇ ਪੂਰੀ ਦੁਨੀਆ ਨੂੰ ਇੱਕ ਸਖ਼ਤ ਸੁਨੇਹਾ ਭੇਜਿਆ ਹੈ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ, ਸਾਡੀ ਫੌਜ ਦੇ ਬਹਾਦਰ ਜਵਾਨਾਂ ਦੀ ਸਟੀਕ ਫਾਇਰਪਾਵਰ ਨੇ ਉਨ੍ਹਾਂ ਠਿਕਾਣਿਆਂ ਨੂੰ ਤਬਾਹ ਕਰ ਦਿੱਤਾ ਜਿੱਥੇ ਅੱਤਵਾਦੀ ਬੈਠਦੇ ਅਤੇ ਗਰਜਦੇ ਸਨ, ਇੰਟਰਵਿਊ ਦਿੰਦੇ ਸਨ ਅਤੇ ਬਿਆਨ ਦਿੰਦੇ ਸਨ। ਹੁਣ ਉਨ੍ਹਾਂ ਦੇ ਰੋਂਦੇ ਹੋਏ ਇੰਟਰਵਿਊ ਆ ਰਹੇ ਹਨ। ਮਜ਼ਬੂਤ ਭਾਰਤ ਦਾ ਇੱਕ ਨਵਾਂ ਯੁੱਗ ਸ਼ੁਰੂ ਹੋ ਗਿਆ ਹੈ। ਸ਼ਾਹ ਨੇ ਨਵੇਂ ਨਿਯੁਕਤ ਪੁਲਿਸ ਮੁਲਾਜ਼ਮਾਂ ਨੂੰ ਕਿਹਾ, ਤੁਹਾਡਾ ਡਰ ਗੁੰਡਿਆਂ ਅਤੇ ਮਾਫੀਆ ਤੇ ਸਭ ਤੋਂ ਮਜ਼ਬੂਤ ਹੋਣਾ ਚਾਹੀਦਾ ਹੈ ਅਤੇ ਗਰੀਬਾਂ, ਦਲਿਤਾਂ, ਪਛੜਿਆਂ ਅਤੇ ਆਦਿਵਾਸੀਆਂ ਨੂੰ ਤੁਹਾਡੇ ਵਿੱਚ ਇੱਕ ਮਸੀਹਾ ਦੇਖਣਾ ਚਾਹੀਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਇਸ ਤਰ੍ਹਾਂ ਉੱਤਰ ਪ੍ਰਦੇਸ਼ ਵਿੱਚ ਦੇਸ਼ ਦੀ ਸੇਵਾ ਕਰੋਗੇ।



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



## ਮਲਾਈ ਅਤੇ ਐਲੋਵੇਰਾ:ਚਮਕਦਾਰ ਸਕਿਨ ਲਈ ਦੋਵਾਂ 'ਚੋਂ ਕਿਹੜਾ ਹੈ ਜ਼ਿਆਦਾ ਅਸਰਦਾਰ ?

ਗਰਮੀਆਂ ਵਿੱਚ, ਸਿਰਫ਼ ਸਿਹਤ ਹੀ ਨਹੀਂ ਸਗੋਂ ਸਕਿਨ ਨੂੰ ਵੀ ਵਾਧੂ ਦੇਖਭਾਲ ਦੀ ਲੋੜ ਹੁੰਦੀ ਹੈ।



ਹਰ ਕੁੜੀ ਸੁੰਦਰ ਸਕਿਨ ਚਾਹੁੰਦੀ ਹੈ। ਕੌਣ ਜਾਣਦਾ ਹੈ ਕਿ ਇਸ ਲਈ ਉਹ ਕਿਹੜੇ ਤਰੀਕੇ ਅਪਣਾਉਂਦੀਆਂ ਹਨ। ਕੁਝ ਲੋਕ ਬਾਜ਼ਾਰ ਤੋਂ ਮਹਿੰਗੇ ਭਾਅ ਤੇ ਸਕਿਨ ਦੇ ਉਤਪਾਦ ਖਰੀਦਦੇ ਹਨ, ਪਰ ਉਨ੍ਹਾਂ ਨੂੰ ਇਸ ਦਾ ਜ਼ਿਆਦਾ ਪ੍ਰਭਾਵ ਨਹੀਂ ਮਿਲਦਾ। ਇਸ ਦੇ ਨਾਲ ਹੀ, ਬਹੁਤ ਸਾਰੀਆਂ ਕੁੜੀਆਂ ਘਰੇਲੂ ਉਪਚਾਰ ਵੀ ਅਜ਼ਮਾਉਂਦੀਆਂ ਹਨ।ਇਸ ਨਾਲ, ਤੁਹਾਨੂੰ ਆਪਣੀ ਸਕਿਨ ਦੇ ਰੰਗ ਵਿੱਚ ਹੈਰਾਨੀਜਨਕ ਸੁਧਾਰ ਦੇਖਣ ਨੂੰ ਮਿਲਦਾ ਹੈ। ਜਦੋਂ ਵੀ ਚਮਕਦਾਰ ਸਕਿਨ ਦੀ ਗੱਲ ਹੁੰਦੀ ਹੈ, ਲੋਕ ਐਲੋਵੇਰਾ ਲਗਾਉਣ ਦੀ ਸਲਾਹ ਦਿੰਦੇ ਹਨ। ਇਸ ਨਾਲ ਸਾਡੀ ਸਕਿਨ ਚਮਕਦਾਰ ਹੋ ਜਾਂਦੀ ਹੈ। ਇਸ ਦੇ ਨਾਲ ਹੀ, ਕੁਝ ਲੋਕ ਆਪਣੇ ਚਿਹਰੇ 'ਤੇ ਕਰੀਮ ਵੀ ਲਗਾਉਂਦੇ ਹਨ। ਇਹ ਸੁੰਦਰਤਾ ਵਧਾਉਣ ਵਿੱਚ ਮਦਦ ਕਰਦੀ ਹੈ।

**ਚਿਹਰੇ 'ਤੇ ਐਲੋਵੇਰਾ ਲਗਾਉਣ ਦੇ ਫ਼ਾਇਦੇ**

ਐਲੋਵੇਰਾ ਵਿੱਚ ਐਂਟੀਆਕਸੀਡੈਂਟ ਗੁਣ ਪਾਏ ਜਾਂਦੇ ਹਨ।
ਇਹ ਸਾਡੀ ਸਕਿਨ ਨੂੰ ਫ੍ਰੀ ਰੈਡੀਕਲਸ ਤੋਂ ਬਚਾਉਣ ਲਈ ਕੰਮ ਕਰਦਾ ਹੈ।
ਐਲੋਵੇਰਾ ਸਕਿਨ ਦੀ ਖੁਸ਼ਕੀ ਦੀ ਸਮੱਸਿਆ ਤੋਂ ਰਾਹਤ ਪ੍ਰਦਾਨ ਕਰਦਾ ਹੈ।
ਇਸ ਵਿੱਚ ਮੌਜੂਦ ਪੌਸ਼ਟਿਕ ਤੱਤ ਸਕਿਨ ਨਾਲ ਸਬੰਧਤ ਸਮੱਸਿਆਵਾਂ ਨੂੰ ਦੂਰ ਕਰਦੇ ਹਨ।
ਇਹ ਸਾਡੀ ਸਕਿਨ ਨੂੰ ਹਾਈਡ੍ਰੇਟ ਰੱਖਦੇ ਹਨ।
ਇਸ ਨਾਲ ਝੁਰੜੀਆਂ ਘੱਟ ਜਾਂਦੀਆਂ ਹਨ ਅਤੇ ਸਾਡੀ ਸਕਿਨ ਚਮਕਦਾਰ ਦਿਖਾਈ ਦਿੰਦੀ ਹੈ।
ਇਹ ਟੈਨਿੰਗ ਨੂੰ ਵੀ ਖਤਮ ਕਰਦੀ ਹੈ।

**ਚਿਹਰੇ 'ਤੇ ਕਰੀਮ ਲਗਾਉਣ ਦੇ ਫ਼ਾਇਦੇ**

ਕਰੀਮ ਦੁੱਧ ਤੋਂ ਬਣਾਈ ਜਾਂਦੀ ਹੈ, ਜਿਸ ਵਿੱਚ ਲੈਕਟਿਕ ਐਸਿਡ ਹੁੰਦਾ ਹੈ। ਇਹ ਮਰੇ ਹੋਏ ਸੈੱਲਾਂ ਨੂੰ ਸਾਫ਼ ਕਰਦਾ ਹੈ। ਇਸ ਨਾਲ ਸਕਿਨ ਚਮਕਦਾਰ ਦਿਖਾਈ ਦਿੰਦੀ ਹੈ।
ਕਰੀਮ ਵਿੱਚ ਮੌਜੂਦ ਚਰਬੀ ਪੋਰਸ ਵਿੱਚ ਗੰਦਗੀ ਨੂੰ ਸਾਫ਼ ਕਰਦੀ ਹੈ।
ਇਹ ਸਕਿਨ ਦੀ ਖੁਸ਼ਕੀ ਨੂੰ ਦੂਰ ਕਰਨ ਵਿੱਚ ਵੀ ਮਦਦਗਾਰ ਹੈ। ਇਹ ਸਾਡੀ ਸਕਿਨ ਨੂੰ ਨਮੀ ਦਿੰਦੀ ਹੈ।
ਕਰੀਮ ਕੋਲੇਜਨ ਬਣਨ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਦੀ ਹੈ।
ਇਹ ਉਮਰ ਵਧਣ ਦੇ ਸੰਕੇਤਾਂ ਨੂੰ ਘਟਾਉਂਦੀ ਹੈ।
ਕੁੱਲ ਮਿਲਾ ਕੇ, ਕਰੀਮ ਸਾਡੀ ਸਕਿਨ ਨੂੰ ਸਿਹਤਮੰਦ ਰੱਖਦੀ ਹੈ।

## ਇਜ਼ਰਾਇਲੀ ਹਮਲਿਆਂ ਖ਼ਿਲਾਫ਼ ਇਰਾਨ ਨਾਲ ਖੜ੍ਹੇ ਹਾਂ: ਸ਼ਰੀਫ਼

ਇਸਲਾਮਾਬਾਦ, 15 ਜੂਨ (ਚ.ਨ.ਸ.) : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੂੰ ਫੋਨ ਕਰਕੇ ਇਜ਼ਰਾਇਲੀ ਹਮਲਿਆਂ ਖਿਲਾਫ਼ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ ਹੈ। ਸ਼ਰੀਫ ਨੇ ਇਜ਼ਰਾਇਲੀ ਹਮਲਿਆਂ ਨੂੰ 'ਭੜਕਾਊ' ਕਰਾਰ ਦਿੰਦਿਆਂ ਕਿਹਾ ਕਿ ਪਾਕਿਸਤਾਨ ਇਸ ਮੁਸ਼ਕਲ ਘੜੀ ਵਿਚ ਇਰਾਨ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਇਰਾਨ ਨੂੰ ਯੂਐੱਨ ਚਾਰਟਰ ਤਹਿਤ ਸਵੈ-ਰੱਖਿਆ ਦਾ ਅਧਿਕਾਰ ਹੈ। ਇਜ਼ਰਾਈਲ ਨੇ ਇਰਾਨ ਦੇ ਪ੍ਰਮਾਣੂ ਤੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਇਨ੍ਹਾਂ ਹਮਲਿਆਂ ਵਿਚ ਇਰਾਨ ਦੇ ਕਈ ਸੀਨੀਅਰ ਫੌਜੀ ਕਮਾਂਡਰ ਤੇ ਪ੍ਰਮਾਣੂ ਵਿਗਿਆਨੀ ਮਾਰੇ ਗਏ ਸਨ। ਹਾਲਾਂਕਿ ਮਗਰੋਂ ਇਰਾਨ ਨੇ ਵੀ ਇਜ਼ਰਾਈਲ ਦੇ ਕਈ ਸ਼ਹਿਰਾਂ 'ਤੇ ਡਰੋਨ ਤੇ ਮਿਜ਼ਾਈਲ ਹਮਲੇ ਕੀਤੇ ਹਨ।ਸ਼ਨਿੱਚਰਵਾਰ ਨੂੰ ਪੇਜ਼ੇਸ਼ਕੀਅਨ ਨਾਲ ਫੋਨ 'ਤੇ ਗੱਲਬਾਤ ਦੌਰਾਨ ਸ਼ਰੀਫ ਨੇ ਇਰਾਨ 'ਤੇ ਇਜ਼ਰਾਇਲੀ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ। ਸ਼ਰੀਫ਼ ਨੇ ਕਿਹਾ ਕਿ ਇਜ਼ਰਾਇਲੀ ਹਮਲੇ ਇਰਾਨ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਅਤੇ ਸੰਯੁਕਤ ਰਾਸ਼ਟਰ ਚਾਰਟਰ ਤੇ ਕੌਮਾਂਤਰੀ ਕਾਨੂੰਨਾਂ ਦੀ ਪੂਰੀ ਤਰ੍ਹਾਂ ਉਲੰਘਣਾ ਹੈ। ਸ਼ਰੀਫ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਇਜ਼ਰਾਈਲ ਵੱਲੋਂ ਬਿਨਾਂ ਕਿਸੇ ਭੜਕਾਹਟ ਤੋਂ ਕੀਤੇ ਹਮਲੇ ਖਿਲਾਫ਼ ਇਰਾਨ ਦੇ ਭਰਾਤਰੀ ਲੋਕਾਂ ਨਾਲ ਪਾਕਿਸਤਾਨ ਦੀ ਅਟੁੱਟ ਏਕਤਾ ਦਾ ਪ੍ਰਗਟਾਵਾ ਕਰਨ ਲਈ ਅੱਜ ਇਰਾਨ ਦੇ ਰਾਸ਼ਟਰਪਤੀ ਡਾ. ਮਸੂਦ ਪੇਜ਼ੇਸ਼ਕੀਅਨ ਨਾਲ ਗੱਲਬਾਤ ਕੀਤੀ।"ਪ੍ਰਧਾਨ ਮੰਤਰੀ ਨੇ ਕਿਹਾ ਕਿ ਇਰਾਨ ਨੂੰ ਸੰਯੁਕਤ ਰਾਸ਼ਟਰ ਚਾਰਟਰ ਦੀ ਧਾਰਾ 51 ਤਹਿਤ ਸਵੈ-ਰੱਖਿਆ ਦਾ ਅਧਿਕਾਰ ਹੈ। ਸ਼ਰੀਫ਼ ਨੇ ਇਜ਼ਰਾਇਲੀ ਹਮਲਿਆਂ ਵਿੱਚ ਗਈਆਂ ਕੀਮਤੀ ਜਾਨਾਂ 'ਤੇ ਰਾਸ਼ਟਰਪਤੀ ਪੇਜ਼ੇਸ਼ਕੀਅਨ ਨਾਲ ਦਿਲੋਂ ਸੰਵੇਦਨਾ ਪ੍ਰਗਟ ਕਰਦੇ ਹੋਏ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਹੰਗਾਮੀ ਮੀਟਿੰਗ ਵਿੱਚ ਪਾਕਿਸਤਾਨ ਵੱਲੋਂ ਇਰਾਨ ਨੂੰ ਦਿੱਤੀ ਹਮਾਇਤ ਨੂੰ ਯਾਦ ਕੀਤਾ। ਪ੍ਰਧਾਨ ਮੰਤਰੀ ਨੇ ਕੌਮਾਂਤਰੀ ਭਾਈਚਾਰੇ ਅਤੇ ਸੰਯੁਕਤ ਰਾਸ਼ਟਰ ਨੂੰ ਇਜ਼ਰਾਈਲ ਦੇ 'ਹਮਲਾਵਰ ਵਿਵਹਾਰ ਅਤੇ ਇਸ ਦੀਆਂ ਗੈਰਕਾਨੂੰਨੀ ਕਾਰਵਾਈਆਂ' ਨੂੰ ਖਤਮ ਕਰਨ ਲਈ ਫੌਰੀ ਤੇ ਭਰੋਸੇਯੋਗ ਕਦਮ ਚੁੱਕਣ ਦੀ ਅਪੀਲ ਕੀਤੀ।





ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਤਵਿੰਦਰ ਸਿੰਘ ਟੌਹੜਾ ਚੜ੍ਹਦੀਕਲਾ ਟਾਇਮ ਟੀ.ਵੀ. ਦੇ ਦਫਤਰ ਪਹੁੰਚੇ। ਇਸ ਮੌਕੇ ਅਦਾਰਾ ਚੜ੍ਹਦੀਕਲਾ ਦੇ ਚੇਅਰਮੈਨ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਨੇ ਉਨ੍ਹਾਂ ਦਾ ਸਵਾਗਤ ਤੇ ਸਨਮਾਨ ਕੀਤਾ। ਇਸ ਮੌਕੇ ਉਨ੍ਹਾਂ ਪੰਥਕ ਮਾਮਲਿਆਂ 'ਤੇ ਵਿਚਾਰ ਚਰਚਾਵਾਂ ਕੀਤੀਆਂ। ਪ੍ਰੋਫੈਸਰ ਆਫ ਜਰਨਲਿਜ਼ਮ ਡਾ. ਹਰਜਿੰਦਰਪਾਲ ਸਿੰਘ ਵਾਲੀਆ, ਸੰਪਾਦਕ ਦਰਸ਼ਨ ਸਿੰਘ ਦਰਸ਼ਕ ਤੇ ਹੋਰ ਪਤਵੰਤੇ ਹਾਜ਼ਰ ਸਨ।

## ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਮੁਲਤਵੀ ਕੀਤਾ ਪੁੱਤਰ ਦਾ ਵਿਆਹ

ਨਵੀਂ ਦਿੱਲੀ, 15 ਜੂਨ (ਚ.ਨ.ਸ.) :ਹਮਾਸ ਤੋਂ ਬਾਅਦ ਇਜ਼ਰਾਈਲ ਨੇ ਈਰਾਨ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਪਿਛਲੇ ਤਿੰਨ ਦਿਨਾਂ ਤੋਂ ਇਜ਼ਰਾਈਲ ਨੇ ਈਰਾਨ 'ਤੇ ਤਾਬੜਤੋੜ ਡਰੋਨ ਹਮਲੇ ਕੀਤੇ। ਈਰਾਨ ਨਾਲ ਫ਼ੌਜੀ ਸੰਘਰਸ਼ ਵਿਚਕਾਰ ਇਜ਼ਰਾਈਲੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨੇ ਆਪਣੇ ਪੁੱਤਰ ਦੇ ਵਿਆਹ ਨੂੰ ਕਥਿਤ ਤੌਰ 'ਤੇ ਮੁਲਤਵੀ ਕਰ ਦਿੱਤਾ ਹੈ। ਇਜ਼ਰਾਈਲ ਦੀ ਇਕ ਰਿਪੋਰਟ ਅਨੁਸਾਰ, ਨੇਤਨਯਾਹੂ ਦੇ ਪੁੱਤਰ ਅਵਨੇਰ ਨੇਤਨਯਾਹੂ ਸੋਮਵਾਰ ਨੂੰ ਆਪਣੇ ਸਾਥੀ ਅਮਿਤ ਯਾਰਡੇਨੀ ਨਾਲ ਵਿਆਹ ਕਰਨ ਵਾਲੇ ਸਨ।ਕੁਝ ਦਿਨ ਪਹਿਲਾਂ ਇਜ਼ਰਾਈਲੀ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਪਰਿਵਾਰ ਦੀ ਕਾਫੀ ਆਲੋਚਨਾ ਹੋਈ ਸੀ। ਦਰਅਸਲ, ਨੇਤਨਯਾਹੂ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਕੁਝ ਤਸਵੀਰਾਂ ਵਾਇਰਲ ਹੋਈਆਂ ਸਨ, ਜਿਨ੍ਹਾਂ ਵਿਚ ਉਹ ਸਾਰੇ ਹਾਲੀਡੇ ਮੂਡ 'ਚ ਦਿਖਾਈ ਦੇ ਰਹੇ ਸਨ।ਕਈ ਲੋਕਾਂ ਨੇ ਆਲੋਚਨਾ ਕੀਤੀ ਕਿ ਇਕ ਪਾਸੇ ਜਿੱਥੇ ਅਜੇ ਵੀ ਗਾਜ਼ਾ 'ਚ ਇਜ਼ਰਾਈਲੀ ਨਾਗਰਿਕ ਬੰਧਕ ਬਣੇ ਹੋਏ ਹਨ, ਉੱਥੇ ਦੂਜੇ ਪਾਸੇ ਇਜ਼ਰਾਈਲੀ ਪ੍ਰਧਾਨ ਮੰਤਰੀ ਆਪਣੇ ਪਰਿਵਾਰ ਨਾਲ ਹਾਲੀਡੇ ਮਨਾਉਂਦੇ ਦਿਖਾਈ ਦੇ ਰਹੇ ਹਨ।ਜਦੋਂ ਨੇਤਨਯਾਹੂ ਪਰਿਵਾਰ ਵਿਆਹ ਦੇ ਜਸ਼ਨ ਦੀ ਤਿਆਰੀ ਕਰ ਰਿਹਾ ਸੀ, ਤਦ ਸ਼ੁੱਕਰਵਾਰ ਨੂੰ ਇਜ਼ਰਾਈਲ ਨੇ ਇਰਾਨ 'ਤੇ ਹਮਲਾ ਕਰ ਦਿੱਤਾ।



## ਰਾਜਿੰਦਰ ਸਿੰਘ ਚਾਨੀ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਲਈ ਸਾਲ 2026-27 ਦੇ ਸਹਾਇਕ ਗਵਰਨਰ ਨਿਯੁਕਤ



ਰਾਜਪੁਰਾ, 15 ਜੂਨ (ਚ.ਨ.ਸ.): ਰੋਟਰੀ ਕਲੱਬ ਰਾਜਪੁਰਾ ਪ੍ਰਾਇਮ ਦੇ ਮੈਂਬਰ ਅਤੇ ਸਮਾਜਸੇਵੀ ਰੋਟੇਰੀਅਨ ਰਾਜਿੰਦਰ ਸਿੰਘ ਚਾਨੀ ਨੂੰ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3090 ਦੇ ਸਾਲ 2026-27 ਲਈ ਡਿਸਟ੍ਰਿਕਟ ਗਵਰਨਰ ਰੋਟੇਰੀਅਨ ਸੀ.ਏ. ਅਮਿਤ ਸਿੰਗਲਾ ਵੱਲੋਂ ਸਹਾਇਕ ਗਵਰਨਰ ਨਿਯੁਕਤ ਕੀਤਾ ਗਿਆ ਹੈ।ਰਾਜਿੰਦਰ ਸਿੰਘ ਚਾਨੀ ਇੱਕ ਅਨੁਭਵੀ ਅਧਿਆਪਕ ਹਨ ਜੋ ਅਧਿਆਪਨ ਦੇ ਨਾਲ ਨਾਲ ਕਈ ਸਾਲਾਂ ਤੋਂ ਸਮਾਜ ਸੇਵਾ ਵਿੱਚ ਸਰਗਰਮ ਹਨ। ਸ੍ਰੀ ਚਾਨੀ ਸਾਲ 2025-26 ਲਈ ਡਿਸਟ੍ਰਿਕਟ ਪਬਲਿਕ ਇਮੇਜ ਕਮੇਟੀ ਦੇ ਵੀ ਸਰਗਰਮ ਮੈਂਬਰ ਹਨ।ਇਸ ਨਿਯੁਕਤੀ ਉੱਤੇ ਰੋਟਰੀ ਪਰਿਵਾਰ, ਬਾਹਰੀ ਰੋਟਰੀ ਕਲੱਬਾਂ ਅਤੇ ਸਥਾਨਕ ਰੋਟੇਰੀਅਨਾਂ ਵੱਲੋਂ ਰਾਜਿੰਦਰ ਸਿੰਘ ਚਾਨੀ ਨੂੰ ਵਧਾਈਆਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਰੋਟੇਰੀਅਨ ਘਣਸ਼ਿਆਮ ਕਾਂਸਲ, ਰੋਟੇਰੀਅਨ ਅਮਜਦ ਅਲੀ, ਮਾਨਿਕ ਰਾਜ ਸਿੰਗਲਾ, ਰੋਟੇਰੀਅਨ ਵਿਮਲ ਜੈਨ, ਰੋਟੇਰੀਅਨ ਸੰਜੀਵ ਮਿੱਤਲ, ਰੋਟੇਰੀਅਨ ਵਿਪੁਲ ਮਿੱਤਲ, ਰੋਟੇਰੀਅਨ ਜਿਤੇਨ ਸੱਚਦੇਵਾ, ਲਲਿਤ ਕੁਮਾਰ, ਰਾਜੇਸ਼ ਨੰਦਾ, ਡਾ. ਇੰਦਰਜੀਤ ਸਿੰਘ ਐਡਵੋਕੇਟ ਪਟਿਆਲਾ, ਅਨਿਲ ਸੂਦ ਸਰਹਿੰਦ, ਐਡਵੋਕੇਟ ਰਾਜਵੀਰ ਸਿੰਘ ਗਰੇਵਾਲ ਫਤਹਿਗੜ੍ਹ ਸਾਹਿਬ, ਵਨੀਤ ਸ਼ਰਮਾ ਸਰਹਿੰਦ, ਬਲਬੀਰ ਸਿੰਘ ਖਾਲਸਾ ਰਾਜਪੁਰਾ, ਅਮਰਜੀਤ ਸਿੰਘ ਲਿੰਕਨ, ਨਰੇਸ਼ ਧਮੀਜਾ ਸ਼ਾਮਿਲ ਹਨ।ਰਾਜਿੰਦਰ ਸਿੰਘ ਚਾਨੀ ਨੇ ਇਸ ਮੌਕੇ 'ਤੇ ਕਿਹਾ ਕਿ ਇਹ ਨਵਾਂ ਮੰਤਵ ਸਮਾਜਿਕ ਜ਼ਿੰਮੇਵਾਰੀ ਨੂੰ ਹੋਰ ਜ਼ਿਆਦਾ ਸਮਝਣ ਅਤੇ ਨਿਭਾਉਣ ਲਈ ਉਨ੍ਹਾਂ ਲਈ ਇੱਕ ਚੰਗਾ ਮੌਕਾ ਹੈ।

### ਇਜ਼ਰਾਈਲ 'ਤੇ ਈਰਾਨ ਵੱਲੋਂ ਘਾਤਕ ਹਮਲਿਆਂ ਦਾ ਨਵਾਂ ਦੌਰ ਸ਼ੁਰੂ

## ਇਜ਼ਰਾਈਲ ਨੇ ਈਰਾਨ ਦੀ ਊਰਜਾ ਸਨਅਤ ਤੇ ਰੱਖਿਆ ਮੰਤਰਾਲੇ ਦੇ ਹੈਡਕੁਆਰਟਰ ਨੂੰ ਬਣਾਇਆ ਨਿਸ਼ਾਨਾ: ਤਹਿਰਾਨ

ਦੁਬਈ, 15 ਜੂਨ (ਚ.ਨ.ਸ.) : ਇਜ਼ਰਾਈਲ ਨੇ ਐਤਵਾਰ ਨੂੰ ਈਰਾਨ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਇਜ਼ਰਾਈਲ ਨੇ ਇਰਾਨ ਦੀ ਊਰਜਾ ਇੰਡਸਟਰੀ ਤੇ ਰੱਖਿਆ ਮੰਤਰਾਲੇ ਦੇ ਹੈੱਡਕੁਆਰਟਰ ਨੂੰ ਨਿਸ਼ਾਨਾ ਬਣਾਇਆ ਜਦੋਂਕਿ ਤਹਿਰਾਨ ਨੇ ਘਾਤਕ ਹਮਲਿਆਂ ਦਾ ਇੱਕ ਨਵਾਂ ਦੌਰ ਸ਼ੁਰੂ ਕੀਤਾ ਹੈ। ਇਕੋ ਵੇਲੇ ਹੋਏ ਇਹ ਹਮਲੇ ਦੋ ਦਿਨ ਪਹਿਲਾਂ ਇਜ਼ਰਾਈਲ ਵੱਲੋਂ ਤਹਿਰਾਨ ਦੇ ਤੇਜ਼ੀ ਨਾਲ ਵੱਧਦੇ ਪ੍ਰਮਾਣੂ ਪ੍ਰੋਗਰਾਮ ਨੂੰ ਤਬਾਹ ਕਰਨ ਦੇ ਮੰਤਵ ਨਾਲ ਕੀਤੇ ਗਏ ਹਮਲੇ ਮਗਰੋਂ ਹਿੰਸਾ ਦਾ ਨਵਾਂ ਦੌਰ ਹੈ।ਇਜ਼ਰਾਈਲ ਦੇ ਐਮਰਜੈਂਸੀ ਅਧਿਕਾਰੀਆਂ ਨੇ ਕਿਹਾ ਕਿ ਤਹਿਰਾਨ ਵੱਲੋਂ ਕੀਤੇ ਹਮਲਿਆਂ ਨਾਲ ਦੇਸ਼ ਭਰ ਵਿਚ ਮੌਤਾਂ ਹੋਈਆਂ ਹਨ, ਜਿਨ੍ਹਾਂ ਵਿਚ ਗੈਲਿਲੀ ਖੇਤਰ ਵਿਚ ਇਕ ਅਪਾਰਟਮੈਂਟ ਦੀ ਇਮਾਰਤ ਵਿਚ ਹੋਈਆਂ ਚਾਰ ਮੌਤਾਂ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ ਕਿ ਮੱਧ ਇਜ਼ਰਾਈਲ ਵਿਚ ਹੋਏ ਹਮਲੇ ਵਿਚ 80 ਤੇ 69 ਸਾਲ ਦੀਆਂ ਦੋ ਮਹਿਲਾਵਾਂ ਤੇ 10 ਸਾਲਾ ਲੜਕੇ ਦੀ ਮੌਤ ਹੋ ਗਈ।ਉਧਰ ਇਰਾਨ ਵਿਚ ਮੌਤਾਂ ਦੀ ਗਿਣਤੀ ਨੂੰ ਲੈ ਕੇ ਫੌਰੀ ਕੋਈ ਜਾਣਕਾਰੀ ਉਪਲਬਧ ਨਹੀਂ ਹੈ, ਜਿੱਥੇ ਇਜ਼ਰਾਈਲ ਨੇ ਤਹਿਰਾਨ ਵਿਚ ਰੱਖਿਆ ਮੰਤਰਾਲੇ ਦੇ ਹੈੱਡਕੁਆਰਟਰ ਦੇ ਨਾਲ ਉਨ੍ਹਾਂ ਟਿਕਾਣਿਆਂ ਨੂੰ ਵੀ ਨਿਸ਼ਾਨਾ ਬਣਾਇਆ ਜੋ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨਾਲ ਜੁੜੇ ਹਨ।ਇਰਾਨ ਦੇ ਨੀਮ ਫੌਜੀ ਰੈਵੋਲਿਊਸ਼ਨਰੀ ਗਾਰਡ ਨੇ ਦਾਅਵਾ ਕੀਤਾ ਕਿ ਇਰਾਨੀ ਮਿਜ਼ਾਈਲਾਂ ਨੇ ਇਜ਼ਰਾਇਲੀ ਲੜਾਕੂ ਜਹਾਜ਼ਾਂ ਲਈ ਈਂਧਣ ਪ੍ਰੋਡਕਸ਼ਨ ਫੈਸਿਲਟੀ ਨੂੰ ਨਿਸ਼ਾਨਾ ਬਣਾਇਆ। ਇਜ਼ਰਾਈਲ ਨੇ ਹਾਲਾਂਕਿ ਇਰਾਨ ਦੇ ਇਸ ਦਾਅਵੇ ਬਾਰੇ ਅਧਿਕਾਰਤ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ।ਦੋਵਾਂ ਮੁਲਕਾਂ ਵਿਚਾਲੇ ਟਕਰਾਅ ਦਰਮਿਆਨ ਇਰਾਨ ਤੇ ਅਮਰੀਕਾ ਵਿਚਕਾਰ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਯੋਜਨਾਬੱਧ ਗੱਲਬਾਤ ਰੱਦ ਕਰ ਦਿੱਤੀ ਗਈ, ਜਿਸ ਨਾਲ ਇਹ ਸਵਾਲ ਖੜ੍ਹਾ ਹੋ ਗਿਆ ਕਿ ਲੜਾਈ ਦਾ ਅੰਤ ਕਦੋਂ ਅਤੇ ਕਿਵੇਂ ਹੋ ਸਕਦਾ ਹੈ। ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਸੋਸ਼ਲ ਮੀਡੀਆ 'ਤੇ ਕਿਹਾ, "ਤਹਿਰਾਨ ਸੜ ਰਿਹਾ ਹੈ।



## ਬੀ.ਸੀ.ਸੀ.ਆਈ ਨੇ ਭਾਰਤ-ਨਿਊਜ਼ੀਲੈਂਡ ਲੜੀ ਦਾ ਸ਼ਡਿਊਲ ਕੀਤਾ ਜਾਰੀ

### ਦੋਵੇਂ ਟੀਮਾਂ 3 ਇੱਕ ਰੋਜ਼ਾ ਤੇ 5 ਟੀ-20 ਮੈਚ ਖੇਡਣਗੀਆਂ




ਮੁੰਬਈ, 15 ਜੂਨ (ਚ.ਨ.ਸ.): ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਭਾਰਤ ਅਤੇ ਨਿਊਜ਼ੀਲੈਂਡ ਵਿਚਕਾਰ ਚਿੱਟੀ ਗੇਂਦ ਵਾਲੀ ਲੜੀ ਦੇ ਸ਼ਡਿਊਲ ਦਾ ਐਲਾਨ ਕਰ ਦਿਤਾ ਹੈ। ਨਿਊਜ਼ੀਲੈਂਡ ਦੀ ਟੀਮ ਜਨਵਰੀ 2026 ਵਿਚ ਭਾਰਤ ਦਾ ਦੌਰਾ ਕਰਨ ਜਾ ਰਹੀ ਹੈ, ਜਿੱਥੇ ਦੋਵਾਂ ਟੀਮਾਂ ਵਿਚਕਾਰ 3 ਇਕ ਰੋਜ਼ਾ ਅਤੇ 5 ਟੀ-20 ਮੈਚ ਖੇਡੇ ਜਾਣਗੇ। ਨਿਊਜ਼ੀਲੈਂਡ ਦਾ ਭਾਰਤ ਦੌਰਾ 11 ਜਨਵਰੀ ਤੋਂ 31 ਜਨਵਰੀ ਤਕ ਚੱਲੇਗਾ। ਜ਼ਿਕਰਯੋਗ ਹੈ ਕਿ ਟੀ-20 ਵਿਸ਼ਵ ਕੱਪ ਅਗਲੇ ਸਾਲ ਫ਼ਰਵਰੀ-ਮਾਰਚ ਵਿਚ ਖੇਡਿਆ ਜਾਣਾ ਹੈ। ਇਸ ਤੋਂ ਪਹਿਲਾਂ, ਨਿਊਜ਼ੀਲੈਂਡ ਵਿਰੁਧ ਟੀ-20 ਲੜੀ ਵਿਸ਼ਵ ਕੱਪ ਦੀਆਂ ਤਿਆਰੀਆਂ ਦੇ ਲਿਹਾਜ਼ ਨਾਲ ਭਾਰਤੀ ਟੀਮ ਲਈ ਬਹੁਤ ਮਹੱਤਵਪੂਰਨ ਲੜੀ ਹੋਵੇਗੀ। ਇਹ ਸਾਲ 2026 ਵਿਚ ਭਾਰਤੀ ਟੀਮ ਦੀ ਪਹਿਲੀ ਲੜੀ ਹੋਵੇਗੀ। ਦਸਣਯੋਗ ਹੈ ਕਿ ਇਸ ਤੋਂ ਪਹਿਲਾਂ, ਟੀਮ ਇੰਡੀਆ 2025 ਦੇ ਅੰਤ ਤਕ ਬਹੁਤ ਵਿਅਸਤ ਰਹਿਣ ਵਾਲੀ ਹੈ। ਜੂਨ-ਦਸੰਬਰ 2025 ਵਿਚਕਾਰ ਭਾਰਤੀ ਟੀਮ ਨੇ ਇੰਗਲੈਂਡ, ਵੈਸਟਇੰਡੀਜ਼, ਬੰਗਲਾਦੇਸ਼, ਆਸਟਰੇਲੀਆ ਅਤੇ ਦੱਖਣੀ ਅਫ਼ਰੀਕਾ ਵਿਰੁਧ ਲੜੀ ਖੇਡਣੀ ਹੈ।

**ਇਕ ਰੋਜ਼ਾ ਲੜੀ**

ਪਹਿਲਾ ਮੈਚ : 11 ਜਨਵਰੀ 2026 (ਬੜੌਦਾ)
ਦੂਜਾ ਮੈਚ : 14 ਜਨਵਰੀ 2026 (ਰਾਜਕੋਟ)
ਤੀਜਾ ਮੈਚ : 18 ਜਨਵਰੀ 2026 (ਇੰਦੌਰ)

**ਟੀ-20 ਲੜੀ**

ਪਹਿਲਾ ਮੈਚ : 21 ਜਨਵਰੀ (ਨਾਗਪੁਰ)
ਦੂਜਾ ਮੈਚ : 23 ਜਨਵਰੀ (ਰਾਏਪੁਰ)
ਤੀਜਾ ਮੈਚ : 25 ਜਨਵਰੀ (ਗੁਹਾਟੀ)
ਚੌਥਾ ਮੈਚ : 28 ਜਨਵਰੀ (ਵਿਜ਼ਾਗ)
ਪੰਜਵਾਂ ਮੈਚ : 31 ਜਨਵਰੀ (ਤ੍ਰਿਵੇਂਦਰਮ)

ਵਿਸ਼ਵ ਟੈਸਟ ਚੈਂਪੀਅਨਸ਼ਿਪ 2023-25 ਚੱਕਰ ਖਤਮ ਹੋ ਗਿਆ ਹੈ, ਜਿਸ ਵਿੱਚ ਦੱਖਣੀ ਅਫਰੀਕਾ ਚੈਂਪੀਅਨ ਬਣਿਆ। ਹੁਣ ਵਿਸ਼ਵ ਟੈਸਟ ਚੈਂਪੀਅਨਸ਼ਿਪ 2025-27 ਚੱਕਰ ਵਿੱਚ, ਭਾਰਤ ਲਈ ਪਹਿਲੀ ਚੁਣੌਤੀ ਇੰਗਲੈਂਡ ਹੋਵੇਗੀ।

## ਇੰਗਲੈਂਡ ਦੌਰੇ ਲਈ ਬੀ.ਸੀ.ਸੀ.ਆਈ ਨੇ ਕੀਤਾ ਨਵੇਂ ਕੋਚ ਦਾ ਐਲਾਨ, ਗੌਤਮ ਗੰਭੀਰ ਦੀ ਜਗ੍ਹਾ ਲੈਣਗੇ

ਮੁੰਬਈ, 15 ਜੂਨ (ਚ.ਨ.ਸ.) : ਸ਼ੁਭਮਨ ਗਿਲ ਦੀ ਅਗਵਾਈ ਵਾਲੀ ਭਾਰਤੀ ਟੀਮ ਇਸ ਸਮੇਂ ਇੰਗਲੈਂਡ ਦੌਰੇ 'ਤੇ ਹੈ, ਜਿੱਥੇ ਟੀਮ ਨੇ ਇੰਗਲਿਸ਼ ਟੀਮ ਖ਼ਿਲਾਫ਼ 20 ਜੂਨ ਤੋਂ ਪੰਜ ਮੈਚਾਂ ਦੀ ਟੈਸਟ ਸੀਰੀਜ਼ ਖੇਡਣੀ ਹੈ। ਟੀਮ ਦੇ ਨਾਲ ਹੈੱਡ ਕੋਚ ਗੌਤਮ ਗੰਭੀਰ ਵੀ ਇੰਗਲੈਂਡ ਗਏ ਸਨ, ਪਰ ਮਾਂ ਨੂੰ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਨੂੰ ਭਾਰਤ ਵਾਪਸ ਆਉਣਾ ਪਿਆ। ਗੰਭੀਰ ਦੀ ਗੈਰਮੌਜੂਦਗੀ 'ਚ ਹੁਣ ਸਾਬਕਾ ਭਾਰਤੀ ਕ੍ਰਿਕਟਰ ਵੀਵੀਐਸ ਲਕਸ਼ਮਣ ਟੀਮ ਦੀਆਂ ਤਿਆਰੀਆਂ ਦੀ ਦੇਖਭਾਲ ਕਰਨ ਲਈ ਅੰਤਰਿਮ ਕੋਚ ਦੇ ਤੌਰ 'ਤੇ ਮੈਦਾਨ 'ਚ ਉਤਰੇ ਹਨ।ਰੇਵਸਪੋਰਟਸ ਦੀ ਇਕ ਰਿਪੋਰਟ ਅਨੁਸਾਰ, ਲਕਸ਼ਮਣ ਨੂੰ ਹੈਡਿੰਗਲੇ ਟੈਸਟ ਲਈ ਜ਼ਿੰਮੇਵਾਰੀ ਸੰਭਾਲਣ ਲਈ ਕਿਹਾ ਗਿਆ ਹੈ।

### ਬਾਜ਼ੀ ਮਾਰ ਗਏ ਚੀਨ ਵਾਲੇ...ਬਾਕੀ ਰਹਿ ਗਏ ਹਾਲ (ਭਾਅ) ਪੁੱਛਦੇ

## ਨਿਊਜ਼ੀਲੈਂਡ ਵੱਲੋਂ ਨਵੰਬਰ ਤੋਂ ਆਸਟ੍ਰੇਲੀਆ ਤੋਂ ਆਉਣ ਵਾਲੇ ਚੀਨੀ ਸੈਲਾਨੀਆਂ ਲਈ ਤਿੰਨ ਮਹੀਨੇ ਲਈ ਵੀਜ਼ਾ ਛੋਟਾਂ ਦਾ ਐਲਾਨ

ਔਕਲੈਂਡ, 15 ਜੂਨ (ਚ.ਨ.ਸ.) : ਨਿਊਜ਼ੀਲੈਂਡ ਸਰਕਾਰ ਨੇ ਐਲਾਨ ਕੀਤਾ ਹੈ ਕਿ ਇਸ ਨਵੰਬਰ ਤੋਂ ਆਸਟਰੇਲੀਆ ਤੋਂ ਆਉਣ ਵਾਲੇ ਚੀਨੀ ਸੈਲਾਨੀਆਂ ਲਈ ਵੀਜ਼ਾ ਛੋਟਾਂ ਦੀ ਅਜ਼ਮਾਇਸ਼ ਕੀਤੀ ਜਾਵੇਗੀ। ਵੀਜ਼ਾ ਛੋਟ ਸਥਿਤੀ ਵਿੱਚ ਬਦਲਾਅ ਸਿਰਫ਼ ਉਨ੍ਹਾਂ ਚੀਨੀ ਪਾਸਪੋਰਟ ਧਾਰਕਾਂ 'ਤੇ ਲਾਗੂ ਹੋਣਗੇ ਜਿਨ੍ਹਾਂ ਕੋਲ ਵੈਧ ਆਸਟਰੇਲੀਆਈ ਵਿਜ਼ਟਰ, ਕੰਮ, ਵਿਦਿਆਰਥੀ ਜਾਂ ਪਰਿਵਾਰਕ ਵੀਜ਼ਾ ਹੈ ਅਤੇ ਇਹ ਤਿੰਨ ਮਹੀਨਿਆਂ ਤੱਕ ਦੇ ਠਹਿਰਨ ਲਈ ਯੋਗ ਹੋਣਗੇ।ਇਮੀਗ੍ਰੇਸ਼ਨ ਮੰਤਰੀ ਏਰਿਕਾ ਸਟੈਨਫੋਰਡ ਨੇ ਕਿਹਾ ਕਿ "ਨਿਊਜ਼ੀਲੈਂਡ ਸਰਕਾਰ ਚੀਨੀ ਸੈਲਾਨੀਆਂ ਨੂੰ ਆਪਣੇ ਦੇਸ਼ ਵੱਲ ਖਿੱਚਣ ਲਈ ਆਕਰਸ਼ਿਤ ਕਰ ਰਹੀ ਹੈ। 2024 ਵਿੱਚ 240,000 ਤੋਂ ਵੱਧ ਚੀਨੀ ਵਿਜ਼ਟਰ ਵੀਜ਼ੇ ਦਿੱਤੇ ਗਏ ਸਨ ਅਤੇ ਅਸੀਂ ਚਾਹੁੰਦੇ ਹਾਂ ਕਿ ਇਹ ਗਿਣਤੀ ਵਧੇ। ਇਸ ਸੌਖ ਨਾਲ ਉਨ੍ਹਾਂ ਲਈ ਤਸਮਾਨ ਪਾਰ ਕਰਨਾ ਅਤੇ ਸਾਡੇ ਦੇਸ਼ ਅੰਦਰ ਆਉਣਾ ਆਸਾਨ, ਸਸਤਾ ਅਤੇ ਤੇਜ਼ ਹੋ ਜਾਵੇਗਾ। ਇਹ ਪ੍ਰਯੋਗ 12 ਮਹੀਨਿਆਂ ਤੱਕ ਚੱਲੇਗਾ ਅਤੇ ਸਾਡੀਆਂ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਵਿੱਚ ਹੋਰ ਸੁਧਾਰ ਕੀਤੇ ਜਾਣਗੇ ਜਿਸ ਨਾਲ ਵੀਜ਼ਾ ਲਈ ਅਰਜ਼ੀ ਦੇਣ ਵਾਲੇ ਲੋਕਾਂ ਲਈ ਇਹ ਆਸਾਨ ਹੋ ਜਾਵੇਗਾ।

ਵਿਜ਼ਟਰ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਹੁਣ ਆਪਣੇ ਦਸਤਾਵੇਜ਼ ਅਨੁਵਾਦ ਪ੍ਰਮਾਣਿਤ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ, ਜਿਸ ਬਾਰੇ ਸਟੈਨਫੋਰਡ ਨੇ ਕਿਹਾ ਕਿ ਸਾਰੇ ਬਿਨੈਕਾਰਾਂ ਲਈ ਵਾਧੂ ਅਨੁਵਾਦ ਫੀਸਾਂ ਨੂੰ ਹਟਾ ਦਿੱਤਾ ਜਾਵੇਗਾ। ਸਰਕਾਰ ਦਾ ਇਹ ਐਲਾਨ ਆਕਲੈਂਡ ਦੇ ਮੇਅਰ ਵੇਨ ਬ੍ਰਾਊਨ ਸਮੇਤ ਚੀਨੀ ਸੈਲਾਨੀਆਂ ਲਈ ਵੀਜ਼ਾ ਜ਼ਰੂਰਤਾਂ ਨੂੰ ਸੌਖਾ ਬਣਾਉਣ ਅਤੇ ਨਿਊਜ਼ੀਲੈਂਡ ਵਾਸੀਆਂ ਨੂੰ ਚੀਨ ਜਾਣ ਲਈ ਵੀਜ਼ਾ-ਮੁਕਤ ਪਹੁੰਚ ਦੇਣ ਦੀਆਂ ਮੰਗਾਂ ਤੋਂ ਬਾਅਦ ਆਇਆ ਹੈ।ਭਾਰਤ ਕਿਉਂ ਨਹੀਂ? ਆਬਾਦੀ ਪੱਖੋਂ ਤਾਂ ਭਾਰਤ ਪੂਰੇ ਵਿਸ਼ਵ ਵਿਚ ਅੱਗ ਹੈ ਅਤੇ ਆਬਾਦੀ 1.46 ਬਿਲੀਅਨ ਤੋਂ ਟੱਪ ਗਈ ਹੈ, ਪਰ ਨਿਊਜ਼ੀਲੈਂਡ ਨੂੰ ਵਿਜ਼ਟਰ ਸਿਰਫ ਚੀਨ ਵਾਲੇ ਇਸ ਵੇਲੇ ਚੰਗੇ ਲਗਦੇ ਹਨ। ਇਸ ਐਲਾਨ ਤੋਂ ਬਾਅਦ ਕਈਆਂ ਨੂੰ ਮਿਸ ਪੂਜਾ ਦਾ ਇਹ ਗਾਣਾ ਜ਼ਰੂਰ ਚੇਤੇ ਆ ਸਕਦਾ ਹੈ ਕਿ 'ਕਈ ਕਰ ਕਰ ਮਿਨੰਤਾ ਮਨਾਉਂਦੇ ਰਹੇ ਅਤੇ ਕਈ ਰਹਿ ਗਏ ਉਂਝ ਰੁਸਦੇ, ਬਾਜ਼ੀ ਮਾਰ ਗਿਆ ਬਠਿੰਡੇ ਵਾਲਾ ਗਭਰੂ ਤੇ ਬਾਕੀ ਰਹਿ ਗਏ ਹਾਲ ਪੁੱਛਦੇ।




## ਜੇਕਰ ਸਾਡੇ 'ਤੇ ਹਮਲਾ ਹੋਇਆ ਤਾਂ ਸਖ਼ਤ ਜਵਾਬੀ ਕਾਰਵਾਈ ਕਰਾਂਗੇ : ਟਰੰਪ

ਵਾਸ਼ਿੰਗਟਨ, 15 ਜੂਨ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਈਰਾਨ ਲਈ ਚੇਤਾਵਨੀ ਜਾਰੀ ਕੀਤੀ ਕਿਉਂਕਿ ਪੱਛਮੀ ਏਸ਼ੀਆਈ ਦੇਸ਼ ਇਜ਼ਰਾਈਲ ਵਿਰੁਧ ਅਪਣੇ ਸਰਹੱਦ ਪਾਰ ਹਮਲਿਆਂ ਦੇ ਤੀਜੇ ਦਿਨ ਵਿਚ ਦਾਖ਼ਲ ਹੋ ਗਿਆ। ਤੇਲ ਅਵੀਵ ਦੁਆਰਾ ਤਹਿਰਾਨ ਵੱਲ ਕੀਤੇ ਗਏ ਹਮਲਿਆਂ ਤੋਂ ਅਪਣੇ ਪ੍ਰਸ਼ਾਸਨ ਦਾ ਬਚਾਅ ਕਰਦੇ ਹੋਏ ਟਰੰਪ ਨੇ ਕਿਹਾ ਕਿ ਵਧਦੇ ਸੰਘਰਸ਼ ਵਿਚ ਵਾਸ਼ਿੰਗਟਨ ਦੀ ਕੋਈ ਭੂਮਿਕਾ ਨਹੀਂ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਅਮਰੀਕਾ ਦਾ ਈਰਾਨ 'ਤੇ ਹੋਏ ਇਜ਼ਰਾਈਲ ਦੇ ਤਾਜ਼ਾ ਹਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।ਟਰੰਪ ਨੇ ਟਰੂਥ ਸੋਸ਼ਲ 'ਤੇ ਪੋਸਟ ਕਰ ਇਸ ਸਬੰਧੀ ਜਾਣਕਾਰੀ ਦਿਤੀ। ਪੋਸਟ ਵਿਚ ਟਰੰਪ ਨੇ ਲਿਖਿਆ, 'ਅੱਜ ਰਾਤ ਇਰਾਨ 'ਤੇ ਹੋਏ ਹਮਲੇ ਨਾਲ ਅਮਰੀਕਾ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਹਾਲਾਂਕਿ ਅਸੀਂ ਇਰਾਨ ਅਤੇ ਇਜ਼ਰਾਈਲ ਵਿਚਕਾਰ ਆਸਾਨੀ ਨਾਲ ਇਕ ਸਮਝੌਤਾ ਕਰਵਾ ਸਕਦੇ ਹਾਂ ਅਤੇ ਇਸ ਖ਼ੂਨੀ ਟਕਰਾਅ ਨੂੰ ਖਤਮ ਕਰ ਸਕਦੇ ਹਾਂ।' ਹਾਲਾਂਕਿ ਉਸ ਨੇ ਉਸੇ ਬਿਆਨ ਵਿਚ ਈਰਾਨ ਲਈ ਇਕ ਗੰਭੀਰ ਚੇਤਾਵਨੀ ਜਾਰੀ ਕੀਤੀ। ਉਸ ਨੇ ਅੱਗੇ ਕਿਹਾ ਕਿ ਜੇਕਰ ਇਰਾਨ ਕਿਸੇ ਵੀ ਤਰੀਕੇ ਨਾਲ ਅਮਰੀਕਾ 'ਤੇ ਹਮਲਾ ਕਰਦਾ ਹੈ ਤਾਂ ਅਮਰੀਕੀ ਹਥਿਆਰਬੰਦ ਫੌਜਾਂ ਪੂਰੀ ਤਾਕਤ ਨਾਲ ਮੁਕਾਬਲਾ ਕਰਨਗੀਆਂ।'ਅਮਰੀਕੀ ਫ਼ੌਜ 'ਪਹਿਲਾਂ ਕਦੇ ਨਾ ਦੇਖੇ ਗਏ' ਪੱਧਰ 'ਤੇ ਜਵਾਬੀ ਕਾਰਵਾਈ ਕਰੇਗੀ। ਇਸ ਤੋਂ ਇਲਾਵਾ ਉਸ ਨੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਇਕ ਸੌਦਾ ਕਰਵਾਉਣ ਦੀ ਪੇਸ਼ਕਸ਼ ਕੀਤੀ ਕਿਉਂਕਿ ਦੋਵਾਂ ਦੇਸ਼ਾਂ ਦੇ ਮੌਜੂਦਾ ਤਣਾਅ ਕਾਰਨ ਪੱਛਮੀ ਏਸ਼ੀਆ ਵਿਚ ਜੰਗ ਹੋਣ ਦਾ ਖ਼ਤਰਾ ਹੈ, ਜੋ ਕਿ ਦੋ ਸਾਲਾਂ ਤੋਂ ਵੀ ਘੱਟ ਸਮੇਂ ਵਿਚ ਉਪ ਮਹਾਂਦੀਪ ਦਾ ਦੂਜਾ ਯੁੱਧ ਹੋ ਸਕਦਾ ਹੈ। ਗੌਰਤਲਬ ਹੈ ਕਿ ਇਜ਼ਰਾਈਲ-ਈਰਾਨ ਜੰਗ ਦੇ ਲੰਬੇ ਹੋਣ ਦੀਆਂ ਸੰਭਾਵਨਾਵਾਂ ਹਨ। ਜਿਸ ਤਰ੍ਹਾਂ ਉਹ ਇਕ ਦੂਜੇ ਦੇ ਮਹੱਤਵਪੂਰਨ ਠਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ।ਇਸ ਦੌਰਾਨ ਜੰਗ ਵਿਚਕਾਰ ਅਮਰੀਕਾ ਨੇ ਅਪਣੇ ਨਾਗਰਿਕਾਂ ਨੂੰ ਸੁਚੇਤ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਬਿਨਾਂ ਕਾਰਨ ਈਰਾਨ ਦੀ ਯਾਤਰਾ ਨਹੀਂ ਕਰਨੀ ਚਾਹੀਦੀ।



## ਡੈਨਮਾਰਕ ਬਣਿਆ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼

ਕੋਪਨਹੇਗਨ, 15 ਜੂਨ (ਚ.ਨ.ਸ.): ਇਕ ਪਾਸੇ ਜਿੱਥੇ ਪੱਛਮੀ ਦੇਸ਼ਾਂ ਵਿਚ ਖੁਸ਼ੀ ਘਟਦੀ ਜਾ ਰਹੀ ਹੈ ਉੱਥੇ ਡੈਨਮਾਰਕ ਹਰ ਸਾਲ ਦੁਨੀਆ ਦੇ ਸਭ ਤੋਂ ਖੁਸ਼ਹਾਲ ਦੇਸ਼ਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੁੰਦਾ ਹੈ। ਇਸਦਾ ਇੱਕ ਕਾਰਨ ਇਸਦੇ ਸਖ਼ਤ ਪ੍ਰਵਾਸ ਨਿਯਮ ਹਨ। ਦਰਅਸਲ 2015 ਵਿੱਚ ਯੂਰਪ ਵਿੱਚ ਸ਼ਰਨਾਰਥੀ ਸੰਕਟ ਦੌਰਾਨ 21 ਹਜ਼ਾਰ ਸ਼ਰਨਾਰਥੀ ਡੈਨਮਾਰਕ ਆਏ ਸਨ। ਫਿਰ ਲੋਕਾਂ ਨੂੰ ਡਰ ਸੀ ਕਿ ਇਹ ਪ੍ਰਵਾਸੀ ਉਨ੍ਹਾਂ ਦੇ ਦੇਸ਼ ਦੀ ਭਲਾਈ ਪ੍ਰਣਾਲੀ 'ਤੇ ਬੋਝ ਪਾ ਸਕਦੇ ਹਨ। ਇਸ ਤੋਂ ਬਾਅਦ ਡੈਨਮਾਰਕ ਨੇ ਪ੍ਰਵਾਸ ਸੰਬੰਧੀ ਸਖ਼ਤ ਨੀਤੀਆਂ ਅਪਣਾਈਆਂ ਜਿਵੇਂ ਕਿ ਬੁਰਕੇ 'ਤੇ ਪਾਬੰਦੀ ਅਤੇ ਪ੍ਰਵਾਸੀਆਂ ਲਈ ਡੈਨਿਸ਼ ਭਾਸ਼ਾ ਦੀ ਲਾਜ਼ਮੀ ਸਿੱਖਿਆ। ਸਾਲ 2018 ਵਿੱਚ ਐਂਟੀ-ਗੇਟੋ ਲਾਅ ਲਿਆਂਦਾ ਗਿਆ, ਜਿਸਦਾ ਉਦੇਸ਼ ਕੁਝ ਖੇਤਰਾਂ ਵਿੱਚ ਵਿਦੇਸ਼ੀਆਂ ਨੂੰ 30% ਤੋਂ ਘੱਟ ਕਰਨਾ ਸੀ। ਡੈਨਿਸ਼ ਪ੍ਰਧਾਨ ਮੰਤਰੀ ਮੇਟੇ ਫਰੈਡਰਿਕਸਨ ਦੀ ਸਰਕਾਰ ਨੇ ਸ਼ਰਨਾਰਥੀ ਅਰਜ਼ੀਆਂ ਨੂੰ 90% ਘਟਾ ਦਿੱਤਾ ਹੈ। ਇਸਦਾ ਉਦੇਸ਼ ਕੱਟੜਪੰਥੀ ਸੱਜੇ-ਪੱਖੀ ਪਾਰਟੀਆਂ ਦੇ ਵਾਧੇ ਨੂੰ ਰੋਕਣਾ ਹੈ।

ਡੈਨਮਾਰਕ ਵਿੱਚ ਮੁਫ਼ਤ ਸਿਹਤ ਸੰਭਾਲ ਅਤੇ ਉੱਚ ਸਿੱਖਿਆ ; ਡੈਨਮਾਰਕ ਦੀ ਖੁਸ਼ਹਾਲੀ ਦਾ ਕਾਰਨ ਮੁਫ਼ਤ ਸਿਹਤ ਸੰਭਾਲ, ਮੁਫ਼ਤ ਉੱਚ ਸਿੱਖਿਆ ਅਤੇ ਬਜ਼ੁਰਗਾਂ ਲਈ ਘਰ ਦੀ ਦੇਖਭਾਲ ਵਰਗੀਆਂ ਸਹੂਲਤਾਂ ਕਾਰਨ ਹੈ। ਡੈਨਮਾਰਕ ਵਿੱਚ ਟੈਕਸ ਬਹੁਤ ਜ਼ਿਆਦਾ ਹਨ, ਪਰ ਲੋਕ ਉਨ੍ਹਾਂ ਨੂੰ ਖੁਸ਼ੀ ਨਾਲ ਅਦਾ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਸਰਕਾਰ ਉਨ੍ਹਾਂ ਦੇ ਪੈਸੇ ਸਹੀ ਤਰੀਕੇ ਨਾਲ ਖਰਚ ਕਰ ਰਹੀ ਹੈ। ਇੱਥੇ ਭ੍ਰਿਸ਼ਟਾਚਾਰ ਬਹੁਤ ਘੱਟ ਹੈ ਅਤੇ ਸਰਕਾਰੀ ਪ੍ਰਣਾਲੀ ਵਿੱਚ ਪਾਰਦਰਸ਼ਤਾ ਹੈ। ਡੈਨਿਸ਼ ਸਮਾਜ ਵਿੱਚ ਵਿਸ਼ਵਾਸ ਇੱਕ ਡੂੰਘੀ ਜੜ੍ਹ ਹੈ। ਇੱਥੇ ਬੱਚੇ 8-9 ਸਾਲ ਦੀ ਉਮਰ ਵਿੱਚ ਜਨਤਕ ਆਵਾਜਾਈ ਤੇ ਇਕੱਲੇ ਯਾਤਰਾ ਕਰਦੇ ਹਨ। ਸਕੂਲਾਂ ਵਿੱਚ ਬੱਚਿਆਂ ਨੂੰ ਗਣਿਤ ਅਤੇ ਭਾਸ਼ਾ ਦੇ ਨਾਲ-ਨਾਲ ਸਮਾਜਿਕ ਨਿਯਮ ਵੀ ਸਿਖਾਏ ਜਾਂਦੇ ਹਨ, ਜਿਵੇਂ ਕਿ ਵਾਰੀ-ਵਾਰੀ ਕੰਮ ਕਰਨਾ ਅਤੇ ਦੂਜਿਆਂ ਦੀ ਮਦਦ ਕਰਨਾ।

ਪੱਛਮ ਦੇ ਮੁਕਾਬਲੇ ਨੋਰਡਿਕ ਦੇਸ਼ਾਂ ਵਿੱਚ ਹਾਲਾਤ ਬਿਹਤਰ ਪੱਛਮੀ ਦੇਸ਼ਾਂ ਵਿੱਚ ਖੁਸ਼ੀ ਵਿੱਚ ਗਿਰਾਵਟ ਆ ਰਹੀ ਹੈ, ਜਦੋਂ ਕਿ ਡੈਨਮਾਰਕ, ਫਿਨਲੈਂਡ, ਸਵੀਡਨ ਵਰਗੇ ਨੋਰਡਿਕ ਦੇਸ਼ਾਂ ਵਿੱਚ ਸਥਿਤੀ ਬਿਹਤਰ ਹੈ। ਖੋਜ ਦਰਸਾਉਂਦੀ ਹੈ ਕਿ ਇਕੱਲੇ ਖਾਣ ਜਾਂ ਰਹਿਣ ਦੀ ਪ੍ਰਵਿਰਤੀ ਖੁਸ਼ੀ ਨੂੰ ਘਟਾਉਂਦੀ ਹੈ। ਡੈਨਮਾਰਕ ਵਰਗੇ ਦੇਸ਼ਾਂ ਵਿੱਚ ਇਹ ਘੱਟ ਹੈ। ਡੈਨਮਾਰਕ ਦੀ ਖੁਸ਼ੀ ਸਿਰਫ਼ ਹਿਊਜ, ਟੈਕਸ ਪ੍ਰਣਾਲੀ ਜਾਂ ਭਲਾਈ ਰਾਜ ਦੇ ਕਾਰਨ ਨਹੀਂ ਹੈ, ਸਗੋਂ ਸਮਾਜਿਕ ਅਤੇ ਰਾਜਨੀਤਿਕ ਫੈਸਲਿਆਂ ਦਾ ਨਤੀਜਾ ਵੀ ਹੈ ਜੋ ਸਮਾਜ ਵਿੱਚ ਵਿਸ਼ਵਾਸ ਅਤੇ ਸਥਿਰਤਾ ਪੈਦਾ ਕਰਦੇ ਹਨ।



## ਟਰੰਪ ਪ੍ਰਸ਼ਾਸਨ ਦਾ ਯੂ-ਟਰਨ, ਪ੍ਰਵਾਸੀਆਂ ਦੀ ਗ੍ਰਿਫ਼ਤਾਰੀ 'ਤੇ ਲਾਈ ਰੋਕ

ਨਿਊਯਾਰਕ , 15 ਜੂਨ (ਚ.ਨ.ਸ.) : ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਸਬੰਧੀ ਫ਼ੈਸਲੇ 'ਤੇ ਯੂ-ਟਰਨ ਲਿਆ ਹੈ। ਹੁਣ ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਏਜੰਟਾਂ ਨੂੰ ਫਾਰਮਾਂ, ਰੈਸਟੋਰੈਂਟਾਂ ਅਤੇ ਹੋਟਲਾਂ ਵਿੱਚ ਗ੍ਰਿਫ਼ਤਾਰੀਆਂ ਰੋਕਣ ਦੇ ਨਿਰਦੇਸ਼ ਦਿੱਤੇ ਹਨ। ਇੱਕ ਰਿਪੋਰਟ ਅਨੁਸਾਰ ਇਹ ਨੀਤੀਗਤ ਤਬਦੀਲੀ ਇਸ ਚਿੰਤਾ ਵਿਚਕਾਰ ਕੀਤੀ ਗਈ ਹੈ ਕਿ ਹਾਲੀਆ ਇਮੀਗ੍ਰੇਸ਼ਨ ਕਾਰਵਾਈ ਇਨ੍ਹਾਂ ਉਦਯੋਗਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਇਹ ਉਦਯੋਗ ਵੱਡੇ ਪੱਧਰ ਤੇ ਪ੍ਰਵਾਸੀਆਂ ਦੇ ਮਜ਼ਦੂਰਾਂ ਤੇ ਨਿਰਭਰ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਹਨ। ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਯੂ.ਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ) ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਦੇਸ਼ ਨਿਕਾਲਾ ਦੇਣ ਲਈ ਦੇਸ਼ ਭਰ ਵਿੱਚ ਕਾਰਜ ਸਥਾਨਾਂ 'ਤੇ ਛਾਪੇਮਾਰੀ ਤੇਜ਼ ਕਰ ਦਿੱਤੀ ਹੈ। ਪਿਛਲੇ ਹਫ਼ਤੇ ਫਾਰਮਾਂ ਅਤੇ ਕਾਰ ਧੋਣ ਵਿੱਚ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲੈਣ ਦੀਆਂ ਆਈ.ਸੀ.ਈ ਏਜੰਟਾਂ ਦੀਆਂ ਘਟਨਾਵਾਂ ਸੁਰਖੀਆਂ ਵਿੱਚ ਰਹੀਆਂ ਹਨ। ਪ੍ਰਵਾਸੀਆਂ 'ਤੇ ਕਾਰਵਾਈ ਤੋਂ ਬਾਅਦ ਲਾਸ ਏਂਜਲਸ ਅਤੇ ਨਿਊਯਾਰਕ ਸਮੇਤ ਕਈ ਅਮਰੀਕੀ ਸ਼ਹਿਰਾਂ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਵਿਰੋਧ ਪ੍ਰਦਰਸ਼ਨਾਂ ਤੇ ਹਿੰਸਾ ਨੇ ਟਰੰਪ ਪ੍ਰਸ਼ਾਸਨ ਨੂੰ ਨੈਸ਼ਨਲ ਗਾਰਡ ਮੈਂਬਰਾਂ ਅਤੇ ਸਰਗਰਮ-ਡਿਊਟੀ ਮਰੀਨਾਂ ਨੂੰ ਲਾਸ ਏਂਜਲਸ ਖੇਤਰ ਵਿੱਚ ਭੇਜਣ ਲਈ ਮਜਬੂਰ ਕੀਤਾ ਹੈ, ਜਦੋਂ ਕਿ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਅਤੇ ਹੋਰ ਸਥਾਨਕ ਅਧਿਕਾਰੀਆਂ ਨੇ ਵਿਰੋਧ ਕੀਤਾ ਹੈ।





# ਪਟਿਆਲਾ-ਆਸ/ਪਾਸ



## ਧਾਰਮਿਕ ਗ੍ਰੰਥਾਂ ਦਾ ਅਪਮਾਨ ਕਰਨ ਵਾਲੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨ ਬਣਨਾ ਚਾਹੀਦੈ : ਬਾਬਾ ਬਲਬੀਰ ਸਿੰਘ

ਸਮਾਣਾ, 15 ਜੂਨ (ਵਿਜੇ ਕੁਮਾਰ) : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਪੰਜਾਬ ਕਈ ਸਾਲਾਂ ਤੋਂ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਦਰਦ ਸਹਾਰ ਰਿਹਾ ਹੈ। ਨਿਰੰਤਰ ਹੋ ਰਹੀਆਂ ਇਹਨਾਂ ਬੇਅਦਬੀਆਂ ਦਾ ਮੁੱਖ ਕਾਰਨ ਸਖ਼ਤ ਸਜ਼ਾ ਦੇਣ ਲਈ ਕਾਨੂੰਨ ਦੀ ਅਣਹੋਂਦ ਹੈ, ਜਿਸ ਕਾਰਨ ਬੇਅਦਬੀਆਂ ਕਰਨ ਵਾਲੇ ਅਤੇ ਕਰਵਾਉਣ ਵਾਲਿਆਂ ਦੇ ਹੌਸਲੇ ਵਧੇ ਹੋਏ ਹਨ, ਜਦੋਂ ਕਿਤੇ ਵੀ, ਧਾਰਮਿਕ ਗ੍ਰੰਥ ਦੀ ਬੇਅਦਬੀ ਹੁੰਦੀ ਹੈ, ਉਸਦੀ ਸਜ਼ਾ ਏਨੀ ਬੇਮਿਸਾਲ ਹੋਣੀ ਚਾਹੀਦੀ ਹੈ, ਤਾਂ ਜੋ ਭਵਿੱਖ ਵਿੱਚ ਇਹੋ ਜਿਹੀਆਂ ਘਟਨਾਵਾਂ ਨਾ ਵਾਪਰਨ। ਉਨ੍ਹਾਂ ਕਿਹਾ ਭਾਰਤ ਦਾ ਸੰਵਿਧਾਨ ਅਜਿਹੇ ਸੰਵੇਦਨਸ਼ੀਲ ਮਸਲੇ 'ਤੇ ਸਟੇਟ ਐਕਟ ਬਣਾਉਣ ਦਾ ਅਧਿਕਾਰ ਪੰਜਾਬ ਸਰਕਾਰ ਨੂੰ ਦਿੰਦਾ ਹੈ। ਉਨ੍ਹਾਂ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਨੂੰ ਰੋਕਣ ਲਈ ਸਖ਼ਤ ਕਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ 12 ਅਕਤੂਬਰ 2024 ਤੋਂ ਭਾਈ ਗੁਰਜੀਤ ਸਿੰਘ ਖਾਲਸਾ ਸਮਾਣਾ ਦੇ 400 ਫੁੱਟ ਉੱਚੇ ਟਾਵਰ ਉੱਤੇ ਮੋਰਚਾ ਲਗਾਈ ਬੈਠਾ ਹੈ। ਪਤਾ ਲੱਗਾ ਹੈ 11 ਜਨਵਰੀ ਤੋਂ ਉਸ ਨੇ ਰੋਟੀ ਖਾਣੀ ਵੀ ਤਿਆਗ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਰਮਾਂ ਦੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਦੇ ਦੋਸ਼ੀਆਂ ਅਤੇ ਸਾਜਿਸ਼ ਘਾੜਿਆਂ ਲਈ ਬੇਮਿਸਾਲ ਸਜ਼ਾ ਦਾ ਕਾਨੂੰਨ ਪੰਜਾਬ ਸਰਕਾਰ ਖਾਸ ਕੇਂਦਰ ਸਰਕਾਰ ਨੂੰ ਬਣਾਉਣਾ ਚਾਹੀਦਾ ਹੈ, ਤਾਂ ਜੋ ਇਸ ਤਰ੍ਹਾਂ ਮੰਗ ਲੈ ਕੇ ਕਿਸੇ ਟਾਵਰ 'ਤੇ ਚੜ੍ਹ ਆਪਣੀ ਕੀਮਤੀ ਜ਼ਿੰਦਗੀ ਨਾ ਗਵਾਉਣੀ ਪਵੇ।



## ਐੱਸ.ਐੱਸ.ਪੀ. ਦੀ ਅਗਵਾਈ ਹੇਠ ਪੁਲਿਸ ਨੇ ਮੁਰਾਦਪੁਰ ਤੇ ਗਾਜੇਵਾਸ ਵਿਖੇ 'ਕਾਸੋ ਆਪਰੇਸ਼ਨ' ਤਹਿਤ ਘੇਰਾਬੰਦੀ ਕਰਕੇ ਕੀਤੀ ਤਲਾਸ਼ੀ

### ➢ਮਹਿਲਾ ਨਸ਼ਾ ਤਸਕਰ ਸਮੇਤ ਅੱਧੀ ਦਰਜਨ ਵਿਅਕਤੀਆਂ ਕੋਲੋਂ ਨਸ਼ੀਲੇ ਪਦਾਰਥ ਬ੍ਰਾਮਦ : ਵਰੁਣ ਸ਼ਰਮਾ





ਸਮਾਣਾ, 15 ਜੂਨ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ) : ਪੁਲਿਸ ਨੇ ਐਸ.ਐਸ.ਪੀ. ਵਰੁਣ ਸ਼ਰਮਾ ਦੀ ਅਗਵਾਈ ਹੇਠ ਸਮਾਣਾ ਦੇ ਦੋ ਪਿੰਡਾਂ ਮੁਰਾਦਪੁਰ ਅਤੇ ਗਾਜੇਵਾਸ ਵਿਖੇ ਘੇਰਾਬੰਦੀ ਕਰਕੇ ਤਲਾਸ਼ੀ ਅਭਿਆਨ ਚਲਾਇਆ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿਛਲੇ ਤਿੰਨ ਮਹੀਨਿਆਂ ਵਿੱਚ ਮੁਰਾਦਪੁਰ ਵਿਖੇ ਪੁਰਾਣੇ ਨਸ਼ਾ ਤਸਕਰਾਂ ਖਿਲਾਫ਼ 17 ਮੁਕੱਦਮੇ ਦਰਜ ਕੀਤੇ ਗਏ ਹਨ। ਐਤਵਾਰ ਨੂੰ ਉਹ ਸਾਰੇ ਘਰਾਂ ਦਾ ਖੁਦ ਜਾਇਜ਼ਾ ਲੈ ਕੇ ਆਏ ਹਨ। ਜਿੱਥੇ ਪੁਰਾਣੇ ਤਸਕਰ ਰਹਿੰਦੇ ਸਨ, ਹੁਣ ਉਨ੍ਹਾਂ ਘਰਾਂ ਨੂੰ ਤਾਲੇ ਲੱਗੇ ਹੋਏ ਹਨ, ਜਦਕਿ ਪਟਿਆਲਾ ਪੁਲਿਸ ਇਸ ਦੌਰਾਨ ਪਿੰਡ ਗਾਜੇਵਾਸ ਦੀ ਬਦਨਾਮ ਮਹਿਲਾ ਨਸ਼ਾ ਤਸਕਰ ਗੁੱਡੀ ਨੂੰ ਵੀ ਕਾਬੂ ਕਰਨ ਵਿੱਚ ਸਫ਼ਲ ਰਹੀ ਹੈ। ਐਸ.ਐਸ.ਪੀ. ਵਰੁਣ ਸ਼ਰਮਾ ਨੇ ਨਸ਼ਾ ਤਸਕਰਾਂ ਨੂੰ ਸਖ਼ਤ ਤੇ ਸਪੱਸ਼ਟ ਸੁਨੇਹਾ ਦਿੱਤਾ ਕਿ ਕਿਸੇ ਵੀ ਤਰ੍ਹਾਂ ਦੀ ਨਸ਼ਾ ਤਸਕਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਲਈ ਐਨ ਡੀ ਪੀ ਐਸ ਐਕਟ ਦੀ ਧਾਰਾ 68 ਤਹਿਤ ਕੇਸ ਤਿਆਰ ਕੀਤੇ ਗਏ ਹਨ। ਜਲਦ ਹੀ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਜ ਦੇ ਇਸ ਕਾਸੋ ਉਪਰੇਸ਼ਨ ਦੌਰਾਨ ਕਰੀਬ 6 ਵਿਅਕਤੀਆਂ ਪਾਸੋਂ ਨਸ਼ੀਲੇ ਪਦਾਰਥਾਂ ਦੀ ਰਿਕਵਰੀ ਹੋਈ ਹੈ, ਜਿਨ੍ਹਾਂ ਵਿਰੁੱਧ ਜਾਬਤੇ ਅਨੁਸਾਰ ਕਾਰਵਾਈ ਕਰਦੇ ਹੋਏ ਪੁਲਿਸ ਕੇਸ ਦਰਜ ਕੀਤੇ ਜਾ ਰਹੇ ਹਨ। ਐਸ ਐਸ ਪੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਤੇ ਪੁਲਿਸ ਵੱਲੋਂ ਚਲਾਈ ਜਾ ਰਹੀ ਮੁਹਿੰਮ ਦਾ ਸਾਥ ਦੇਣ ਤੇ ਕਿਸੇ ਵੀ ਤਰ੍ਹਾਂ ਦੇ ਮਾੜੇ ਅਨਸਰਾਂ ਤੇ ਨਸ਼ਾ ਤਸਕਰਾਂ ਦੀ ਜਾਣਕਾਰੀ ਨੇੜਲੇ ਪੁਲਿਸ ਸਟੇਸ਼ਨ ਵਿੱਚ ਤੁਰੰਤ ਦੇਣੀ ਯਕੀਨੀ ਬਣਾਉਣ ਤਾਂ ਕਿ ਨਸ਼ਾ ਤਸਕਰੀ ਨੂੰ ਨੱਥ ਪਾਈ ਜਾ ਸਕੇ। ਇਸ ਦੌਰਾਨ ਐਸ ਪੀ ਜਾਂਚ ਗੁਰਬੰਸ ਸਿੰਘ ਬੈਂਸ ਤੇ ਡੀਐਸਪੀ ਸਮਾਣਾ ਫ਼ਤਿਹ ਸਿੰਘ ਬਰਾੜ ਸਮੇਤ ਹੋਰ ਪੁਲਿਸ ਅਧਿਕਾਰੀ ਵੀ ਮੌਜੂਦ ਸਨ।

## ਅਮਨਪਾਲ ਸਿੰਘ ਥਾਣਾ ਪਸਿਆਣਾ, ਜਸਪ੍ਰੀਤ ਸਿੰਘ ਸਿਟੀ ਤੇ ਅਜੇ ਕੁਮਾਰ ਥਾਣਾ ਸਦਰ 'ਚ ਮੁਖੀ ਤਾਇਨਾਤ



ਸਮਾਣਾ 15 ਜੂਨ (ਵਿਜੇ ਕੁਮਾਰ) : ਬੀਤੇ ਦਿਨੀਂ ਸਮਾਣਾ-ਪਟਿਆਲਾ ਸੜਕ 'ਤੇ ਵਾਪਰੇ-ਟਿੱਪਰ ਇਨੋਵਾ ਸੜਕ ਹਾਦਸੇ ਤੋਂ ਬਾਅਦ ਮ੍ਰਿਤਕ ਬੱਚਿਆਂ ਅਤੇ ਇਨੋਵਾ ਚਾਲਕ ਦੇ ਪੀੜਤ ਪਰਿਵਾਰਾਂ ਨੂੰ ਮਿਲਣ ਲਈ ਸੀ.ਐਮ. ਭਗਵੰਤ ਸਿੰਘ ਮਾਨ ਸਮਾਣਾ ਆਏ ਸੀ। ਉਨ੍ਹਾਂ ਵੱਲੋਂ ਫੀਡਬੈਕ ਲੈਣ ਤੋਂ ਬਾਅਦ ਇੱਥੋਂ ਦੇ ਡੀ.ਐਸ.ਪੀ ਦਾ ਤਬਾਦਲਾ ਕਰਕੇ ਇੱਥੇ ਨਵੇਂ ਡੀ.ਐਸ.ਪੀ. ਫਤੇਹ ਸਿੰਘ ਬਰਾੜ ਨੂੰ ਨਿਯੁਕਤ ਕੀਤਾ ਗਿਆ। ਹੁਣ ਥਾਣਾ ਸਿਟੀ, ਥਾਣਾ ਸਦਰ ਅਤੇ ਥਾਣਾ ਪਸਿਆਣਾ ਦੇ ਮੁਖੀ ਵੀ ਬਦਲ ਦਿੱਤੇ ਗਏ ਹਨ। ਜਾਣਕਾਰੀ ਅਨੁਸਾਰ ਸਿਟੀ ਥਾਣਾ ਮੁਖੀ ਗੁਰਬੀਰ ਸਿੰਘ ਬਰਾੜ ਦੇ ਡੀ.ਐਸ.ਪੀ ਬਣਨ ਤੋਂ ਬਾਅਦ ਇੰਸਪੈਕਟਰ ਜਸਪ੍ਰੀਤ ਸਿੰਘ ਨੂੰ ਸਿਟੀ ਥਾਣਾ ਮੁਖੀ, ਇੰਸਪੈਕਟਰ ਅਜੇ ਕੁਮਾਰ ਪਰੋਚਾਂ ਨੂੰ ਸਦਰ ਥਾਣਾ ਮੁਖੀ ਅਤੇ ਇੰਸਪੈਕਟਰ ਅਮਨਪਾਲ ਸਿੰਘ ਨੂੰ ਪਸਿਆਣਾ ਥਾਣਾ ਮੁਖੀ ਨਿਯੁਕਤ ਕੀਤਾ ਗਿਆ ਹੈ।

## ਤੇਜ਼ ਰਫ਼ਤਾਰ ਗੱਡੀ ਦੀ ਟੱਕਰ ਨਾਲ ਜ਼ਖਮੀ

ਪਟਿਆਲਾ, 15 ਜੂਨ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਅਮਰਿੰਦਰਪਾਲ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਗਲੀ ਨੰ. 10 ਵਿਜੈ ਨਗਰ ਪਟਿਆਲਾ ਨੇ ਅਣਪਛਾਤੇ ਗੱਡੀ ਦੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਗੋਪਾਲ ਸਵੀਟਸ ਚੌਕ ਪਟਿਆਲਾ ਕੋਲ ਜਾ ਰਿਹਾ ਸੀ, ਜੋ ਅਣਪਛਾਤੇ ਡਰਾਇਵਰ ਨੇ ਆਪਣੀ ਗੱਡੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਕੁੱਟਮਾਰ ਕਰਕੇ 20 ਹਜ਼ਾਰ ਖੋਹੇ

ਦੇਵੀਗੜ੍ਹ, 15 ਜੂਨ (ਗੁਰਜੀਤ ਢੋਟ) : ਥਾਣਾ ਜੁਲਕਾ ਪੁਲਿਸ ਕੋਲ ਕਰਨਵੀਰ ਸਿੰਘ ਪੁੱਤਰ ਨਾਜਰ ਸਿੰਘ ਵਾਸੀ ਪਿੰਡ ਸਾਹਨੀਪੁਰ ਟਾਂਡਾ ਨੇ ਕਥਿਤ ਦੋਸ਼ੀਆਂ ਹੈਰੀ ਤੁਰਕਾ ਪੁੱਤਰ ਬਿੱਲਾ ਵਾਸੀ ਪਿੰਡ ਪੰਜੋਖੜਾ ਸਾਹਿਬ ਜਿਲਾ ਅੰਬਾਲਾ ਹਰਿਆਣਾ ਅਤੇ 9/10 ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਟਾਂਡਾ ਪਾਸ ਜਾ ਰਿਹਾ ਸੀ ਤਾ ਇੱਕ ਕਾਰ ਡਰਾਇਵਰ ਨੇ ਉਸ ਨੂੰ ਫੇਟ ਮਾਰ ਦਿੱਤੀ, ਜੋ ਪਿੱਛੋਂ ਇੱਕ ਹੋਰ ਕਾਰ ਆਈ ਅਤੇ ਦੋਵਾਂ ਕਾਰਾਂ ਵਿੱਚੋ 10/11 ਅਣਪਛਾਤੇ ਵਿਅਕਤੀ ਨਿਕਲੇ ਅਤੇ ਉਸ ਦੀ ਕੁੱਟਮਾਰ ਕੀਤੀ ਤੇ ਉਸ ਕੋਲੋਂ 20 ਹਜ਼ਾਰ ਰੁਪਏ ਵੀ ਖੋਹ ਕਰਕੇ ਲੈ ਗਏ। ਪੁਲਿਸ ਨੇ ਧਾਰਾ 304(2), 126(2), 115(2),190, 191(3) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਗੁ: ਕਰਹਾਲੀ ਸਾਹਿਬ ਨੂੰ ਜ਼ਮੀਨ ਦਾਨ ਕਰਨ ਵਾਲਿਆਂ ਦੇ ਵਾਰਸਾਂ ਨੂੰ ਸ਼੍ਰੋਮਣੀ ਕਮੇਟੀ ਨੇ ਦਿੱਤੀਆਂ ਨੌਕਰੀਆਂ : ਪ੍ਰੋ. ਬਡੂੰਗਰ



ਬਲਬੇੜਾ, 15 ਜੂਨ (ਗੁਰਜੀਤ ਸਿੰਘ ਢੋਟ): ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ ਕਰਹਾਲੀ ਸਾਹਿਬ ਵਿਖੇ ਅੱਜ ਸੰਗਰਾਂਦ ਅਤੇ ਐਤਵਾਰ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਹੀ ਸੰਗਤ ਦੀ ਆਮਦ ਸ਼ੁਰੂ ਹੋ ਗਈ। ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਉਪਰੰਤ ਸ਼ਰਧਾਲੂਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਭਰੀ। ਸੰਗਤ ਨੇ ਸੁੱਖ ਸ਼ਾਂਤੀ ਅਤੇ ਪਰਵਾਰਿਕ ਖੁਸ਼ੀਆਂ ਲਈ ਅਰਦਾਸਾਂ ਕਰਵਾਈਆਂ। ਬਾਈ ਬਲਜੀਤ ਸਿੰਘ ਕਥਾਵਾਚਕ ਵੱਲੋਂ ਇਤਿਹਾਸ ਸਬੰਧੀ ਚਾਨਣਾ ਪਾਇਆ ਗਿਆ। ਵੱਖ ਵੱਖ ਕਵੀਸ਼ਰੀ ਅਤੇ ਢਾਡੀਆਂ ਨੇ ਗੁਰੂ ਜਸ ਸੁਣਿਆ। ਗੁਰੂ ਘਰ ਦੇ ਹੈੱਡ ਗ੍ਰੰਥੀ ਗਿਆਨੀ ਸਤਪਾਲ ਸਿੰਘ ਨੇ ਸਰਬੱਤ ਦੇ ਭਲੇ ਅਤੇ ਪੰਥ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ । ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੀ ਉਚੇਚੇ ਤੌਰ 'ਤੇ ਪਹੁੰਚੇ ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਨੌਵੀਂ ਕਰਹਾਲੀ ਸਾਹਿਬ ਦੇ ਪੁਰਾਤਨ ਸਮੇਂ ਤੋਂ ਚੱਲ ਰਹੀ ਜ਼ਮੀਨ ਦੇ ਵਿਵਾਦ ਨੂੰ ਖਤਮ ਕਰਨ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਜਿਸ ਦੇ ਫਲਸਰੂਪ ਸ਼੍ਰੋਮਣੀ ਕਮੇਟੀ ਵੱਲੋਂ ਪਰਿਵਾਰ ਦੇ ਬਿਕਰਮ ਸਿੰਘ ਸਪੁੱਤਰ ਮਹਿੰਦਰ ਸਿੰਘ ਅਤੇ ਬੀਬੀ ਪਰਵਿੰਦਰ ਕੌਰ ਪਿੰਡ ਬਲਬੇੜਾ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ । ਜ਼ਮੀਨ ਦਾਨ ਕਰਨ ਵਾਲੇ ਪਰਿਵਾਰ ਦੀ ਸ਼੍ਰੋਮਣੀ ਕਮੇਟੀ ਵੱਲੋਂ ਨਵੀਂ ਭਰਤੀ ਹੋਈ ਬੀਬੀ ਪਰਵਿੰਦਰ ਕੌਰ ਨੂੰ ਪ੍ਰੋ ਬਡੂੰਗਰ ਵੱਲੋਂ ਸਿਰੋਪਾਓ ਪਾ ਕੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਗਿਆਨੀ ਰਣਜੀਤ ਸਿੰਘ, ਗਿਆਨੀ ਹਰਬੰਸ ਸਿੰਘ ਪ੍ਰੀਤ ਨਗਰ,ਗੁਰਮੁਖ ਸਿੰਘ ਪੋਲੜ, ਗੁਰਬਾਜ ਸਿੰਘ ਦੌਲਤਪੁਰ, ਹੈਪੀ ਸਿੰਘ ਕਰਹਾਲੀ ਸਾਹਿਬ ਅਤੇ ਲਵਪ੍ਰੀਤ ਸਿੰਘ ਆਦਿ ਮੌਜੂਦ ਸਨ।

## ਦੁਕਾਨ 'ਚੋਂ ਨਗਦੀ ਚੋਰੀ, ਮਾਮਲਾ ਦਰਜ

ਪਟਿਆਲਾ, 15 ਜੂਨ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਨੀਰਜ ਕੁਮਾਰ ਪੁੱਤਰ ਵੇਦ ਪ੍ਰਕਾਸ਼ ਵਾਸੀ ਪੁਰਾਣੀ ਮੇਹਰ ਸਿੰਘ ਕਲੋਨੀ ਤ੍ਰਿਪੜੀ ਨੇ ਕਥਿਤ ਦੋਸ਼ੀਆਂ ਅੰਜੂ ਵਾਸੀ ਸਫਾਬਾਦੀ ਗੇਟ ਭੀਮ ਨਗਰ, ਸੁਖਮਨਪ੍ਰੀਤ ਸਿੰਘ ਵਾਸੀ ਜੇ.ਪੀ ਕਲੋਨੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਦਿੱਲੀ ਕਲਾਥ ਹਾਊਸ ਦੇ ਨਾਮ 'ਤੇ ਗਲੀ ਨੰ. 6 ਤ੍ਰਿਪੜੀ ਟਾਊਨ ਪਟਿਆਲਾ ਵਿਖੇ ਦੋ ਦੁਕਾਨਾਂ ਹਨ। ਉਹ ਆਪਣੀ ਦੂਸਰੀ ਦੁਕਾਨ 'ਤੇ ਸਮਾਨ ਰੱਖਣ ਚਲਾ ਗਿਆ, ਜਦੋਂ ਵਾਪਸ ਆ ਕੇ ਦੇਖਿਆ ਤਾਂ ਪਹਿਲੀ ਦੁਕਾਨ ਵਿੱਚੋਂ ਕਥਿਤ ਦੋਸ਼ੀਆਂ ਨੇ 9500 ਰੁਪਏ ਚੋਰੀ ਕਰ ਲਏ ਸਨ। ਇਸ ਤੋਂ ਪਹਿਲਾਂ ਵੀ ਕਥਿਤ ਦੋਸ਼ੀਆਂ ਨੇ ਮਿਤੀ 26/5/25 ਨੂੰ ਰਵੀ ਕੁਮਾਰ ਅਤੇ ਭਰਤ ਕਪੂਰ ਦੀ ਦੁਕਾਨ ਵਿੱਚੋਂ ਅਤੇ ਫਰੂਟ ਵਾਲੀ ਰੇਹੜੀ ਤੋਂ ਵੀ ਪੈਸੇ ਚੋਰੀ ਕੀਤੇ ਸਨ। ਪੁਲਿਸ ਨੇ ਧਾਰਾ 303 (2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਜ਼ਿਲ੍ਹੇ 'ਚ ਫੌਜੀ ਰੰਗ ਦੀਆਂ ਵਰਦੀਆਂ, ਬੈਚ, ਟੋਪੀ, ਬੈਲਟਾਂ ਆਦਿ ਦੀ ਖ਼ਰੀਦ-ਵੇਚ 'ਤੇ ਪਾਬੰਦੀ

ਪਟਿਆਲਾ, 15 ਜੂਨ (ਚ.ਨ.ਸ.) : ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਆਮ ਜਨਤਾ ਦੇ ਉਲਾਈਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਵਰਦੀਆਂ, ਆਰਮੀ ਬੈਚ, ਟੋਪੀ, ਬੈਲਟਾਂ ਅਤੇ ਆਰਮੀ ਚਿੰਨ ਆਦਿ ਖਰੀਦ, ਵੇਚ ਅਤੇ ਵਰਤੋਂ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਹੁਕਮ ਜ਼ਿਲ੍ਹੇ ਵਿੱਚ 5 ਅਗਸਤ 2025 ਤੱਕ ਲਾਗੂ ਰਹਿਣਗੇ।

## ਨਵੀਨ ਮਿੱਤਲ ਨੇ ਨੀਟ ਪ੍ਰੀਖਿਆ ਦੇ ਐਲਾਨੇ ਨਤੀਜਿਆ 'ਚ ਸੂਬੇ 'ਚੋਂ ਚੌਥਾ ਰੈਂਕ ਕੀਤਾ ਹਾਸਲ



ਸਮਾਣਾ 15 ਜੂਨ (ਵਿਜੇ ਕੁਮਾਰ) : ਨੀਟ ਪ੍ਰੀਖਿਆ ਦੇ ਐਲਾਨੇ ਨਤੀਜਿਆਂ 'ਚ ਸਹਿਰ ਦੇ ਨਵੀਨ ਮਿੱਤਲ ਨੇ ਪੰਜਾਬ ਵਿੱਚ ਚੌਥਾ ਅਤੇ ਦੇਸ ਵਿਚ 49ਵਾਂ ਸਥਾਨ ਹਾਸਲ ਕਰਕੇ ਆਪਣੇ ਸ਼ਹਿਰ ਅਤੇ ਮਾਤਾ- ਪਿਤਾ ਦਾ ਨਾਮ ਰੋਸ਼ਨ ਕੀਤਾ ਹੈ। ਨਵੀਨ ਦੇ ਪਿਤਾ ਦਲੀਪ ਮਿੱਤਲ ਖਜ਼ਾਨਾ ਵਿਭਾਗ ਪਟਿਆਲਾ 'ਚ ਅਧਿਕਾਰੀ ਹਨ, ਜਦੋਂਕਿ ਮਾਤਾ ਰਜਨੀ ਮਿੱਤਲ ਪਟਿਆਲਾ ਦੇ ਹੀ ਸਰਕਾਰੀ ਸਕੂਲ ਵਿੱਚ ਅਧਿਆਪਕ ਹੈ। ਨੀਟ ਪ੍ਰੀਖਿਆ ਦੀ ਮਿਲੀ ਰੈਂਕ ਅਨੁਸਾਰ ਨਵੀਨ ਨੂੰ ਦੇਸ਼ ਦੇ ਸਭ ਤੋਂ ਵੱਡੇ ਦਿੱਲੀ ਦੀ ਏਮਜ਼ ਮੈਡੀਕਲ ਕਾਲਜ 'ਚ ਐਮ.ਬੀ.ਬੀ.ਐਸ. 'ਚ ਦਾਖਲਾ ਮਿਲ ਸਕਦਾ ਹੈ। ਨਵੀਨ ਦੇ ਪਿਤਾ ਦਲੀਪ ਮਿੱਤਲ ਨੇ ਦੱਸਿਆ ਕਿ ਉਹਨਾਂ ਦਾ ਬੇਟਾ ਸ਼ੁਰੂ ਤੋਂ ਹੀ ਪੜ੍ਹਨ ਵਿੱਚ ਹੁਸ਼ਿਆਰ ਹੈ। ਉਸਦੀ ਇੱਛਾ ਇੱਕ ਵਧੀਆ ਅਫਸਰ ਬਣ ਕੇ ਲੋਕਾਂ ਦੀ ਸੇਵਾ ਕਰਨਾ ਹੈ। ਪਟਿਆਲਾ ਦੇ ਕੈਂਟਲ ਸਕੂਲ 'ਚ ਉਸ ਨੇ ਆਪਣੀ ਦਸਵੀਂ ਦੀ ਪ੍ਰੀਖਿਆ 'ਚ 99 ਫੀਸਦੀ ਅੰਕ ਹਾਸਲ ਕਰਕੇ ਜ਼ਿਲ੍ਹੇ 'ਚ ਪਹਿਲਾ ਸਥਾਨ ਹਾਸਲ ਕੀਤਾ, ਹੁਣ ਪਟਿਆਲਾ ਦੇ ਡੀ.ਪੀ.ਐਸ ਸਕੂਲ ਤੋਂ ਮੈਡੀਕਲ ਬਾਰਵੀਂ ਦੀ ਪ੍ਰੀਖਿਆ 'ਚ ਉਸ ਨੇ 96.6 ਅੰਕ ਹਾਸਲ ਕੀਤੇ। ਪਿਤਾ ਦਲੀਪ ਮਿੱਤਲ ਨੇ ਦੱਸਿਆ ਕਿ ਬੇਟੇ ਨਵੀਨ ਮਿੱਤਲ ਨੇ ਪਟਿਆਲਾ ਦੇ ਹੀ ਇੱਕ ਨਿਜੀ ਕੋਚਿੰਗ ਸੈਂਟਰ ਤੋਂ ਕੋਚਿੰਗ ਲਈ ਸੀ।

## ਸ਼ਿਵ ਸ਼ੰਕਰ ਯੂਥ ਸੇਵਾ ਦਲ ਨੇ ਥੈਲਾਸੀਮੀਆ ਤੋਂ ਪੀੜਤ ਬੱਚਿਆਂ ਲਈ ਖ਼ੂਨਦਾਨ ਕੈਂਪ ਲਗਾਇਆ






ਸਮਾਣਾ, 15 ਜੂਨ (ਵਿਜੇ ਕੁਮਾਰ/ਜਵੰਦਾ) : ਸ਼ਿਵ ਸ਼ੰਕਰ ਯੂਥ ਸੇਵਾ ਦਲ ਸਮਾਣਾ ਵੱਲੋਂ 7 ਮਈ ਨੂੰ ਇੱਕ ਭਿਆਨਕ ਸੜਕ ਹਾਦਸੇ ਵਿੱਚ ਇੱਕ ਡਰਾਈਵਰ ਅਤੇ ਸੱਤ ਸਕੂਲੀ ਬੱਚਿਆਂ ਦੀ ਹੋਈ ਮੌਤ ਦੀ ਯਾਦ ਵਿੱਚ ਖੂਨਦਾਨ ਕੈਂਪ ਲਗਾਇਆ ਗਿਆ। ਸਥਾਨਕ ਮਾਤਾ ਨੈਨਾ ਆਰੀਆ ਧਰਮਸ਼ਾਲਾ ਵਿੱਚ ਸੰਸਥਾ ਪ੍ਰਧਾਨ ਰਮਨ ਮਹਿੰਦਰਾ ਦੀ ਅਗਵਾਈ 'ਚ ਥੈਲਸੀਮੀਆ ਤੋਂ ਪੀੜਤ ਬੱਚਿਆਂ ਲਈ ਲਗਾਇਆ ਗਿਆ। ਇਸ ਵਿਸ਼ਾਲ ਖੂਨ ਦਾਨ ਕੈਂਪ ਮ੍ਰਿਤਕ ਬੱਚਿਆਂ ਦੀ ਮਾਪਿਆਂ ਨੇ ਵੀ ਹਿੱਸਾ ਲਿਆ । ਉਨਾਂ ਖੂਨ ਦਾਨਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੂਨ ਬਣਾਇਆ ਨਹੀਂ ਬਣਦਾ, ਇਹ ਤਾਂ ਸਾਡੇ ਵੱਲੋਂ ਦਾਨ ਕੀਤੇ ਜਾਣ 'ਤੇ ਹੀ ਪ੍ਰਾਪਤ ਹੁੰਦਾ ਹੈ। ਇਸ ਲਈ ਸਾਨੂੰ ਅਜਿਹੇ ਕੈਂਪਾਂ ਵਿੱਚ ਵੱਧ ਤੋਂ ਵੱਧ ਖੂਨਦਾਨ ਕਰਕੇ ਲੋੜਵੰਦ ਲੋਕਾਂ ਦੀ ਜਾਨ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਕੈਂਪ ਵਿੱਚ ਰਜਿੰਦਰਾ ਹਸਪਤਾਲ ਪਟਿਆਲਾ ਦੀ ਬਲੱਡ ਬੈਂਕ ਤੋਂ ਡਾ. ਮਰਿਆਦਾ ਦੀ ਅਗਵਾਈ ਵਿੱਚ ਆਈ ਟੀਮ ਨੇ 125 ਖੂਨਦਾਨੀਆਂ ਤੋ ਖੂਨ ਪ੍ਰਾਪਤ ਕੀਤਾ। ਇਹ ਕੈਂਪ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਇਸ ਮੌਕੇ ਜਿੱਥੇ ਖੂਨਦਾਨੀਆਂ ਨੂੰ ਸਰਟੀਫਿਕੇਟ ਦਿੱਤੇ ਗਏ, ਉੱਥੇ ਸੰਸਥਾ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਕਪੂਰ ਚੰਦ ਬਾਂਸਲ, ਭੱਠਾ ਐਸੋਸੀਏਸ਼ਨ ਪ੍ਰਧਾਨ ਹਰਸ਼ ਗੁਪਤਾ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਜਿੰਦਰ ਗੁਪਤਾ, ਨੀਰਜ਼ ਜਿੰਦਲ, ਬਿੱਟੂ ਧੀਮਾਨ, ਸਮਾਜ ਸੇਵੀ ਜੀਵਨ ਗਰਗ, ਵਿਜੇ ਪਾਹਵਾ, ਕਮਲ ਸ਼ਰਮਾ, ਡਾ. ਰਜੇਸ਼ ਲੱਕੀ, ਪ੍ਰਦੀਪ ਗੋਇਲ ਮਿੰਕਾ, ਮਨੋਜ ਰਹੇਜਾ, ਸੁਭਾਸ਼ ਬਾਂਸਲ, ਦੀਪੂ ਵਾਲੀ, ਡਾ: ਪ੍ਰੇਮਪਾਲ, ਪ੍ਰਵੀਨ ਸ਼ਰਮਾ, ਸੰਜੇ ਮੰਤਰੀ, ਟੀਮਾ ਗਰਗ, ਅਮਿਤ ਧੀਮਾਨ, ਬਲਵਿੰਦਰ ਭਟਨਾਗਰ, ਰਕੇਸ਼ ਕੁਮਾਰ, ਸਨੀ ਪੋਪਲੀ, ਯੋਗੇਸ਼ ਬਾਂਸਲ, ਰੋਕੀ ਗਰਗ, ਰਣਜੀਤ ਰਾਣਾ, ਸਾਹਿਲ ਭਟਨਾਗਰ, ਕਰਨ ਬਜਾਜ, ਉਮਾ ਸ਼ੰਕਰ, ਸਾਗਰ ਆਰੀਆ, ਅੰਸੁਲ ਜੈ ਸਿੰਘ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

## ਸੂਬਾ ਪੱਧਰੀ ਮੀਟਿੰਗ 'ਚ ਆ ਰਹੀਆਂ ਮੁਸ਼ਕਿਲਾਂ ਸਬੰਧੀ ਕੀਤਾ ਵਿਚਾਰ-ਵਟਾਂਦਰਾ

### ਆਸ਼ਾ ਵਰਕਰ ਫੈਸਿਲੀਟੇਟਰ ਨਿਰੋਲ ਯੂਨੀਅਨ ਦਾ ਧਰਨਾ ਭਲਕੇ



ਪਟਿਆਲਾ, 15 ਜੂਨ (ਚ.ਨ.ਸ.) : ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਮੈਡਮ ਕਿਰਨਦੀਪ ਕੌਰ ਪੰਜੋਲਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ, ਸੀਨੀਅਰ ਮੀਤ ਪ੍ਰਧਾਨ ਮੈਡਮ ਸੰਤੋਸ਼ ਕੁਮਾਰੀ, ਜਰਨਲ ਸਕੱਤਰ ਕਸ਼ਮੀਰ ਕੌਰ, ਕੈਸ਼ੀਅਰ ਜਸਵੀਰ ਕੌਰ, ਅਤੇ ਪੰਜਾਬ ਦੇ ਵੱਖ, 2 ਜ਼ਿਲ੍ਹਿਆਂ ਵਿਚੋਂ ਜਿਲਾ ਪ੍ਰਧਾਨ, ਬਲਾਕ ਪ੍ਰਧਾਨ ਹਾਜ਼ਰ ਹੋਏ। ਮੀਟਿੰਗ ਵਿੱਚ ਪੰਜਾਬ ਭਰ ਦੀਆਂ ਆਸ਼ਾ ਵਰਕਰ ਫੈਸਿਲੀਟੇਟਰ ਭੈਣਾਂ ਦੀਆਂ ਮੰਗਾਂ, ਮੁਸਕਿਲਾਂ ਸੰਬੰਧਿਤ ਵਿਚਾਰ ਵਟਾਂਦਰਾ ਕੀਤਾ ਗਿਆ, ਆਸ਼ਾ ਵਰਕਰ ਦੇ ਜੋ ਕੱਟੇ ਭੱਤੇ ਬਹਾਲ ਕਰਾਉਣੇ, ਆਸਾ ਵਰਕਰ ਫੈਸਿਲੀਟੇਟਰ ਦਾ 2500/ ਨੂੰ ਨਾਲ ਇੰਕਰੀਮੈਂਟ ਲਾ ਕੇ ਡਬਲ ਕਰਾਉਣਾ, ਆਸ਼ਾ ਵਰਕਰ ਫੈਸਿਲੀਟੇਟਰ ਭੈਣਾਂ ਲਈ, ਪੈਨਸ਼ਨ ਸਕੀਮ ਲਾਗੂ ਕਰਾਉਣਾ, ਰਿਟਾਇਰ ਹੋਣ 'ਤੇ 5 ਲੱਖ ਦੀ ਰਾਸ਼ੀ ਦਵਾਉਣਾ, ਤੇ ਘੱਟੋ ਘੱਟ, ਪੇ ਉਜਰਤ ਲਾਗੂ ਕਰਾਉਣਾ, ਮਤੇ ਪਾਸ ਹੋਏ, ਪ੍ਰਧਾਨ ਜੀ ਨੇ ਦੱਸਿਆ ਕਿ ਲੁਧਿਆਣਾ ਵਿਖੇ ਜਿਮਨੀ ਚੋਣਾਂ ਹੋਣ ਜਾ ਰਹੀ ਹੈ, ਜਿਸ ਵਿੱਚ ਲੁਧਿਆਣਾ ਵਿਖੇ ਆਸਾ ਵਰਕਰ ਫੈਸਿਲੀਟੇਟਰ ਨਿਰੋਲ ਯੂਨੀਅਨ ਦਾ ਧਰਨਾ, ਮਿਤੀ 17-6-25 ਨੂੰ ਲਗਾਇਆ ਜਾਵੇਗਾ, ਤਾਂ ਜੋ ਇਹ ਤਿੱਖਾ ਸੰਘਰਸ਼ ਕਰਕੇ ਆਸਾ ਵਰਕਰ ਫੈਸਿਲੀਟੇਟਰ ਭੈਣਾਂ ਦੀਆ ਮੰਗਾਂ ਜਲਦ ਕਢਵਾਇਆ ਜਾ ਸਕਣ, ਪੰਜਾਬ ਸਰਕਾਰ ਤੱਕ ਸਾਡੀ ਆਵਾਜ਼ ਪਹੁੰਚ ਸਕੇ, ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਵਾਅਦਾ ਕੀਤਾ ਸੀ ਸਾਡੀ ਸਰਕਾਰ ਆਉਣ, ਤੇ ਤੁਹਾਡਾ ਡਬਲ ਕੀਤਾ ਜਾਵੇਗਾ। ਇਸ ਧਰਨੇ ਵਿੱਚ ਯਾਦ ਪੱਤਰ ਦਵਾਇਆ ਜਾਵੇਗਾ। ਇਹ ਮੀਟਿੰਗ ਸਫਲ ਰਹੀ ਹਾਜ਼ਰ ਆਗੂ ਮੈਂਬਰ ਸਿੰਦਰਪਾਲ ਕੌਰ ਬਾਲਿਆਂਵਾਲੀ, ਸੁਖਜੀਤ ਕੌਰ ਬਠਿੰਡਾ, ਮਨਦੀਪ ਕੌਰ ਮੋਗਾ, ਜਸਵੀਰ ਕੌਰ , ਪਰਮਜੀਤ ਕੌਰ ਮੋਹਾਲੀ, ਜਸਵੀਰ ਕੌਰ, ਸੀਤੂ ਮੁਕਤਸਰ, ਮਨਜੀਤ ਕੌਰ ਖਾਲਸਾ, ਭੋਲੀ, ਜਸਵੰਤ ਕੌਰ, ਮਲੇਰਕੋਟਲਾ, ਸਰਬਜੀਤ ਕੌਰ ਲਾਂਗੜੀਆਂ, ਚਰਨਜੀਤ ਕੌਰ ਲੋਂਗੋਵਾਲ, ਕਿਰਨਜੀਤ ਕੌਰ ਟਾਹਲੀਆਂ, ਬਲਵਿੰਦਰ ਕੌਰ ਮਾਨਸਾ, ਜਿੰਦਰ ਕੌਰ ਕਪੂਰਥਲਾ, ਨੀਤੂ, ਕਮਲਜੀਤ ਕੌਰ ਲੁਧਿਆਣਾ, ਪੁਸ਼ਪਿੰਦਰ ਕੌਰ ਫਗਵਾੜਾ, ਰਮਨਦੀਪ ਕੌਰ, ਹਰਜਿੰਦਰ ਕੌਰ, ਰਾਜਵੰਤ ਕੌਰ ਫਤਿਹਗੜ੍ਹ ਸਾਹਿਬ, ਦਿਲਜੀਤ ਕੌਰ ਫਰੀਦਕੋਟ, ਰਜਵੰਤ ਕੌਰ ਫਿਰੋਜ਼ਪੁਰ ਹਾਜ਼ਰ ਸਨ।

## ਹੁਣ ਆਮ ਆਦਮੀ ਕਲੀਨਿਕਾਂ 'ਚ ਗਰਭਵਤੀ ਮਾਵਾਂ ਨੂੰ ਵੀ ਮਿਲਣਗੀਆਂ ਸਿਹਤ ਸੇਵਾਵਾਂ : ਡਾ. ਪ੍ਰੀਤੀ ਯਾਦਵ



ਪਟਿਆਲਾ, 15 ਜੂਨ (ਰੁਪਾਣਾ) ਜ਼ਿਲ੍ਹੇ ਸਿਹਤ ਵਿਭਾਗ ਪਟਿਆਲਾ ਵੱਲੋਂ ਸਿਵਲ ਸਰਜਨ ਪਟਿਆਲਾ ਦੀ ਅਗਵਾਈ ਹੇਠ ਇੰਟੀਗ੍ਰੇਸ਼ਨ ਆਫ ਪ੍ਰੈਗਨੈਂਸੀ ਕੇਅਰ ਸਰਵਿਸ ਐਟ ਆਮ ਆਦਮੀ ਕਲੀਨਿਕ ਸਬੰਧੀ ਟ੍ਰੇਨਿੰਗ ਸੈਸ਼ਨ ਲਗਾਇਆ ਗਿਆ, ਜਿਸ ਵਿੱਚ ਵੱਖ-ਵੱਖ ਬਲਾਕਾਂ ਤੋਂ ਸਮੂਹ ਸੀਨੀਅਰ ਮੈਡੀਕਲ ਅਫਸਰ ਸਾਹਿਬਾਨ ਅਤੇ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫਸਰ ਸ਼ਾਮਿਲ ਹੋਏ। ਇਸ ਮੌਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ । ਉਹਨਾਂ ਕਿਹਾ ਕਿ ਆਮ ਆਦਮੀ ਕਲੀਨਿਕ ਦੇ ਡਾਕਟਰਾਂ ਨੂੰ ਗਰਭਵਤੀ ਮਾਵਾਂ ਅਤੇ ਬੱਚਿਆਂ ਨੂੰ ਹੈਲਥ ਕੇਅਰ ਸਰਵਿਸਿਸ ਪਹਿਲ ਦੇ ਆਧਾਰ 'ਤੇ ਦੇਣੀਆਂ ਪੈਣਗੀਆਂ, ਕਿਉਂਕਿ ਸਰਕਾਰ ਦਾ ਟੀਚਾ ਹੈ ਕਿ ਮਾਵਾਂ ਦੀ ਮੌਤ ਦਰ ਨੂੰ ਘਟਾਇਆ ਜਾਵੇ , ਮਾਂ ਤੇ ਬੱਚੇ ਦੀਆਂ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣ ਲਈ ਸਾਨੂੰ ਐਂਟੀਨੇਟਲ ਕੇਅਰ ਸਰਵਿਸ ਬਹੁਤ ਉੱਚ ਦਰਜੇ ਦੀਆਂ ਮੁੱਹਈਆਂ ਕਰਵਾਉਣੀਆਂ ਪੈਣਗੀਆਂ ਤਾਂ ਕਿ ਮਾਂ ਅਤੇ ਬੱਚਾ ਤੰਦਰੁਸਤ ਹੋਵੇ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਬਲਕਾਰ ਸਿੰਘ ਨੇ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿਚ 23 ਜੂਨ ਤੋਂ ਗਰਭਵਤੀ ਮਾਵਾਂ ਦਾ ਚੈਕਅੱਪ ਸ਼ੁਰੂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਮਾਤਰੀ ਮੌਤ ਦੇ ਕਈ ਕਾਰਨ ਜਿਵੇਂ ਗਰਭਵੱਤੀ ਮਾਵਾਂ ਨੂੰ ਗੁੰਝਲਦਾਰ ਡਲੀਵਰੀ ਹੋਣ ਤੇ ਉਚੇਰੇ ਹਸਪਤਾਲ ਵਿੱਚ ਜਣੇਪਾ ਕਰਵਾਉਣ ਲਈ ਰੈਫਰ ਕਰਨ ਤੇ ਔਰਤ ਵੱਲੋਂ ਹਸਪਤਾਲ ਨਾ ਜਾਣਾ, ਗਰਭਵੱਤੀ ਔਰਤ ਵੱਲੋਂ ਕੋਈ ਪੁਰਾਣੀ ਬਿਮਾਰੀ ਹੋਣ ਤੇ ਉਸ ਦੀ ਜਾਣਕਾਰੀ ਨਾ ਦੇਣਾ, ਡਲੀਵਰੀ ਤੋਂ ਬਾਦ ਜਿਆਦਾ ਖੂਨ ਪੈਣਾ, ਇੰਫੈਕਸ਼ਨ ਹੋਣਾ, ਜਿਆਦਾ ਬੱਲਡ ਪ੍ਰੈਸ਼ਰ ਹੋਣਾ, ਅਸੁੱਰਖਿਅਤ ਆਬਰਸ਼ਨ ਆਦਿ ਹੋ ਸਕਦੇ ਹਨ। ਇਸ ਮੌਕੇ ਟਰੇਨਰ ਦੇ ਤੌਰ 'ਤੇ ਡਾ. ਮਨਦੀਪ ਕੌਰ ਗਾਇਨਾਕੋਲੋਜਿਸਟ ,ਜਿਲਾ ਪ੍ਰੋਗਰਾਮ ਮੈਨੇਜਰ ਰਿਤਿਕਾ ਗਰੋਵਰ ਵੱਲੋਂ ਵਿਸਥਾਰਪੂਰਵਕ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਮੀਡੀਆ ਵਿਭਾਗ ਤੋਂ ਜ਼ਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ ਅਤੇ ਅਰਬਨ ਕੋਆਰਡੀਨੇਟਰ ਹਰਸ਼ ਬਾਂਸਲ ਅਤੇ ਜ਼ਿਲ੍ਹਾ ਬੀਸੀਸੀ ਕੋਆਰਡੀਨੇਟਰ ਜਸਵੀਰ ਕੌਰ ਹਾਜ਼ਰ ਰਹੇ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 15 ਜੂਨ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਪੂਨਮ ਪੁੱਤਰਰ ਕਰਮਚੰਦ ਵਾਸੀ ਪਿੰਡ ਅਗੋਲ ਨੇ ਕਥਿਤ ਦੋਸ਼ੀਆਂ ਬਲਜਿੰਦਰ ਸਿੰਘ, ਮਨਪ੍ਰੀਤ ਕੌਰ, ਬਲਵਿੰਦਰ ਸਿੰਘ ਵਾਸੀ ਮਹਿਲ ਕਲਾਂ ਜ਼ਿਲ੍ਹਾ ਬਰਨਾਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਮਿਤੀ 23/11/22 ਨੂੰ ਕਥਿਤ ਦੋਸ਼ੀ ਬਲਜਿੰਦਰ ਸਿੰਘ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ। ਉਸ ਦੇ ਦਾਜ ਦਾ ਸਮਾਨ ਵੀ ਦੋਸ਼ੀਆਨ ਦੇ ਕਬਜ਼ੇ ਵਿੱਚ ਹੈ। ਪੁਲਿਸ ਨੇ ਧਾਰਾ 316(2),85 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਮਨਾਇਆ



ਪਟਿਆਲਾ, 15 ਜੂਨ (ਵਿਨੋਦ ਸ਼ਰਮਾ) : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਅੱਜ ਪਟਿਆਲਾ ਵਿਖੇ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਮਨਾਇਆ ਗਿਆ। ਇਹ ਸਮਾਰੋਹ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਏਜ਼ਡ ਡੇਅ ਕੇਅਰ ਅਤੇ ਵੈਲਨੇਸ ਸੈਂਟਰ, ਪਿੰਡ ਰੋਗਲਾ, ਜਿਲਾ ਪਟਿਆਲਾ ਅਤੇ ਜੋਤ ਆਸ਼ਰਮ ਗੁਰੂ ਨਾਨਕ ਚੈਰੀਟੇਬਲ ਵੈਲਫੇਅਰ ਸੁਸਾਇਟੀ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਬਜ਼ੁਰਗਾਂ ਨਾਲ ਖਾਸ ਗੱਲਬਾਤ ਕੀਤੀ ਗਈ। ਇਸ ਮੌਕੇ ਸਕੱਤਰ ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਅਮਨਦੀਪ ਕੰਬੋਜ ਵੱਲੋਂ ਬਿਰਧ ਆਸ਼ਰਮ ਦੇ ਵਸਨੀਕਾਂ ਨਾਲ ਮੁਲਾਕਾਤ ਕੀਤੀ ਅਤੇ ਵਿਸ਼ਵ ਪੱਧਰ 'ਤੇ ਮਨਾਏ ਜਾਂਦੇ ਇਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਹ ਦਿਨ ਬਜ਼ੁਰਗਾਂ ਨਾਲ ਹੋਣ ਵਾਲੇ ਸ਼ੋਸ਼ਣ, ਅਣਗਹਿਲੀ ਅਤੇ ਦੁਰਵਿਵਹਾਰ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਉਨ੍ਹਾਂ ਦੇ ਅਧਿਕਾਰਾਂ, ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ। ਇਸ ਸਮਾਰੋਹ ਦੌਰਾਨ ਬਜ਼ੁਰਗਾਂ ਨੂੰ ਵਾਤਾਵਰਣ ਸੁਰੱਖਿਆ ਨਾਲ ਜੁੜੇ ਕਾਨੂੰਨਾਂ, ਮੁਫ਼ਤ ਕਾਨੂੰਨੀ ਸੇਵਾਵਾਂ, ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ (ਐਨ. ਏ. ਐਲ. ਐਸ. ਏ.) ਦੀ ਹੈਲਪਲਾਈਨ ਨੰਬਰ 15100, ਲੋਕ ਅਦਾਲਤਾਂ ਅਤੇ ਸਥਾਈ ਲੋਕ ਅਦਾਲਤਾਂ ਦੇ ਫਾਇਦਿਆਂ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਪੈਰਾ ਲੀਗਲ ਵਲੰਟੀਅਰਾਂ ਵੱਲੋਂ ਜਾਗਰੂਕਤਾ ਸੈਮੀਨਾਰ ਕਰਵਾਏ ਗਏ, ਜਿਨ੍ਹਾਂ ਨੇ ਬਜ਼ੁਰਗਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਉਪਲਬਧ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ 'ਹਰ ਕੋਈ-ਇੱਕ ਦਰਖਤ' ਮੁਹਿੰਮ ਦੇ ਤਹਿਤ ਪੌਦੇ ਲਗਾਉਣ ਦੀ ਵਿਸ਼ੇਸ਼ ਕਾਰਵਾਈ ਵੀ ਕੀਤੀ ਗਈ। 15 ਜੂਨ, 2025 ਨੂੰ ਏਜਡ ਡੇਅ ਕੇਅਰ ਅਤੇ ਵੈਲਨੇਸ ਸੈਂਟਰ, ਪਿੰਡ ਰੋਗਲਾ, ਪਟਿਆਲਾ ਵਿਖੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜੰਗਲਾਤ ਵਿਭਾਗ ਅਤੇ ਪੰਜਾਬ ਈਕੋ-ਫਰੈਂਡਲੀ ਐਸੋਸੀਏਸ਼ਨ (ਪੀ.ਈ.ਐਫ.ਏ.) ਰਜਿਸਟਰਡ ਦੀ ਸਾਂਝੀ ਕੋਸ਼ਿਸ਼ ਨਾਲ ਵੱਖ-ਵੱਖ ਕਿਸਮ ਦੇ ਬੂਟੇ ਲਗਾਏ ਗਏ। ਇਹ ਪਹਲ ਬਜ਼ੁਰਗਾਂ ਦੀ ਭਲਾਈ ਨਾਲ ਨਾਲ ਪਰਿਵਾਰ, ਸਮਾਜ ਅਤੇ ਵਾਤਾਵਰਣ ਦੀ ਸੰਭਾਲ ਵੱਲ ਇਕ ਐਤਿਹਾਸਿਕ ਕਦਮ ਵਜੋਂ ਦੇਖੀ ਗਈ। ਇਹ ਸਮਾਗਮ ਬਜ਼ੁਰਗਾਂ ਦੀ ਇੱਜ਼ਤ, ਸੁਰੱਖਿਆ, ਅਤੇ ਹੱਕਾਂ ਦੀ ਮਹੱਤਤਾ ਨੂੰ ਉਭਾਰਨ ਵਾਲਾ ਰਿਹਾ । ਇਸ ਮੌਕੇ ਸ੍ਰੀਮਤੀ ਗੁਰਮਿੰਦਰ ਕੌਰ, ਪਰਮਜੀਤ ਸਿੰਘ, ਲਖਵਿੰਦਰ ਸਰੀਨ ਤੋਂ ਇਲਾਵਾ ਬਿਰਧ ਆਸ਼ਰਮਾਂ ਦੇ ਬਜ਼ੁਰਗ ਸ਼ਾਮਲ ਸਨ ।

## ਨਿਸ਼ਕਾਮ ਵੈਲ.ਫੇਅਰ ਸੁਸਾਇਟੀ ਨੇ ਜਹਾਜ਼ ਹਾਦਸੇ 'ਚ ਮਾਰੇ ਗਏ ਲੋਕਾਂ ਨੂੰ ਦੋ ਮਿੰਟ ਦਾ ਮੋਨ ਰੱਖ ਕੇ ਦਿੱਤੀ ਸ਼ਰਧਾਂਜਲੀ



ਪਟਿਆਲਾ, 15 ਜੂਨ (ਚ.ਨ.ਸ.) : ਨਿਸ਼ਕਾਮ ਵੈਲਫ਼ੇਅਰ ਸੁਸਾਇਟੀ ਦੀ ਜ਼ਰੂਰੀ ਮੀਟਿੰਗ ਸੁਸਾਇਟੀ ਦਫਤਰ 'ਚ ਸੁਖਦੇਵ ਸਿੰਘ ਠੇਕੇਦਾਰ ਚੇਅਰਮੈਨ ਅਤੇ ਪ੍ਰਧਾਨ ਸੁਸ਼ੀਲ ਕੁਮਾਰ ਚੋਪੜਾ ਦੀ ਅਗਵਾਈ ਹੇਠ ਹੋਈ, ਜਿਸ ਵਿਚ ਅਹਿਮਦਾਬਾਦ ਵਿੱਚ ਵਾਪਰੇ ਜਹਾਜ਼ ਹਾਦਸੇ ਵਿਚ ਮਾਰੇ ਗਏ ਯਾਤਰੂਆਂ ਦੀ ਯਾਦ ਵਿਚ ਸ਼ੋਕ ਸਭਾ ਮਤਾ ਪਾਇਆ ਗਿਆ ਅਤੇ ਦੋ ਮਿੰਟ ਦਾ ਮੋਨ ਰੱਖ ਕੇ ਸੁਸਾਇਟੀ ਦੇ ਮੈਂਬਰਾਂ ਵੱਲੋਂ ਹਾਦਸੇ ਵਿਚ ਮਾਰੇ ਗਏ ਯਾਤਰੂਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਅਤਿ ਦੁਖਦਾਈ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮਾਰੇ ਗਏ ਯਾਤਰੂਆਂ ਦੀ ਆਤਮਾ ਦੀ ਸ਼ਾਂਤੀ ਨਹੀ ਅਰਦਾਸ ਕੀਤੀ ਗਈ। ਮੀਟਿੰਗ ਵਿਚ ਨਰਿੰਦਰ ਸਿੰਘ ਜਨਰਲ ਸਕੱਤਰ, ਹਰਦੀਪ ਕੌਰ ਮੀਤ ਪ੍ਰਧਾਨ, ਰਘਬੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਤਰਸੇਮ ਭਾਸਕਰ, ਰਾਜਿੰਦਰ ਸਿੰਘ, ਬਲਬੀਰ ਰਾਮ, ਮਹਿੰਦਰਪਾਲ ਸ਼ਰਮਾ ਅਤੇ ਮਹਿੰਦਰਪਾਲ ਸਿੰਘ ਸ਼ਾਮਲ ਹੋਏ।



# ਪਟਿਆਲਾ-ਆਸ/ਪਾਸ



## ਓਪਨ ਯੂਨੀਵਰਸਿਟੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਿਚਕਾਰ ਐਮ.ਓ.ਯੂ. ਸਾਈਨ



ਪਟਿਆਲਾ, 15 ਜੂਨ (ਚ.ਨ.ਸ.) : ਸ੍ਰੀ ਆਨੰਦਪੁਰ ਸਾਹਿਬ ਵਿਖੇ ਸਥਿਤ ਸੰਨੀ ਓਬਰਾਏ ਵਿਵੇਕ ਸਦਨ ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ ਹੁਣ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦਾ 'ਸਪੈਸ਼ਲ ਲਰਨਰ ਸਪੋਰਟ ਸੈਂਟਰ ਬਣ ਗਿਆ ਹੈ। ਇਸ ਤਹਿਤ ਇੰਸਟੀਚਿਊਟ ਵੱਲੋਂ 10 ਕੋਰਸਾਂ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕੀਤੀ ਜਾਵੇਗੀ। ਇਸ ਸਬੰਧੀ ਓਪਨ ਯੂਨੀਵਰਸਿਟੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਿਚਕਾਰ ਮੈਮੋਰੈਂਡਮ ਆਫ ਅੰਡਰਸਟੈਂਡਿੰਗ, ਐਮਓਯੂ, ਸਾਈਨ ਕੀਤਾ ਗਿਆ ਹੈ। ਇਸ ਮੌਕੇ ਆਈਏਐਸ ਅਨੰਦਿਤਾ ਮਿੱਤਰਾ, ਸਰਬੱਤ ਦਾ ਭਲਾ ਚੈਰੀਟੇਬਲ ਦੇ ਸੰਸਥਾਪਕ ਡਾ.ਐਸਪੀ.ਸਿੰਘ ਓਬਰਾਏ ਤੇ ਇੰਸਟੀਚਿਊਟ ਦੇ ਆਨਰੇਰੀ ਡਾਇਰੈਕਟਰ ਡਾ.ਸਰਬਜਿੰਦਰ ਸਿੰਘ ਮੌਜੂਦ ਰਹੇ। ਰਜਿਸਟਰਾਰ ਪ੍ਰੋ.ਡਾ.ਬਲਜੀਤ ਸਿੰਘ ਖਹਿਰਾ ਤੇ ਡਾਇਰੈਕਟਰ ਡਾ.ਭੁਪਿੰਦਰ ਕੌਰ ਨੇ ਕਰਾਰ 'ਤੇ ਦਸਤਖਤ ਕੀਤੇ। ਸਪੈਸ਼ਲ ਲਰਨਰ ਸਪੋਰਟ ਸੈਂਟਰ ਤਹਿਤ ਸਨੀ ਓਬਰਾਏ ਵਿਵੇਕ ਸਦਨ ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਵਿਖੇ 10 ਕੋਰਸ ਕਰਵਾਏ ਜਾਣਗੇ। ਟਰੱਸਟ ਦੇ ਸੰਸਥਾਪਕ ਡਾ.ਐਸਪੀ ਸਿੰਘ ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਟਰੱਸਟ ਹਮੇਸ਼ਾ ਮਨੁੱਖਤਾ ਦੀ ਭਲਾਈ ਲਈ ਕੰਮ ਕਰਦਾ ਆਇਆ ਹੈ ਅਤੇ ਹੁਣ ਉਹ ਸਿੱਖਿਆ ਦੇ ਖੇਤਰ ਵਿੱਚ ਵੀ ਆਪਣਾ ਯੋਗਦਾਨ ਪਾਉਣ ਲਈ ਤਿਆਰ ਹਨ। ਸੰਨੀ ਓਬਰਾਏ ਵਿਵੇਕ ਸਦਨ ਤੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਲ ਯੂਨੀਵਰਸਿਟੀ ਮਿਲ ਕੇ ਵਿੱਦਿਆ ਦੇ ਖੇਤਰ 'ਚ ਹੰਭਲਾ ਮਾਰਨਗੇ। ਇੰਸਟੀਚਿਊਟ ਦੇ ਆਨਰੇਰੀ ਡਾਇਰੈਕਟਰ ਡਾ.ਸਰਬਜਿੰਦਰ ਸਿੰਘ ਨੇ ਕਿਹਾ ਕਿ ਇਹ ਸਾਂਝ ਉਨ੍ਹਾਂ ਲਈ ਨਵੀਂ ਉਮੀਦ ਲਿਆਈ ਹੈ,ਜੋ ਆਰਥਿਕ ਜਾਂ ਸਮਾਜਿਕ ਕਾਰਨਾਂ ਕਰ ਕੇ ਪੜ੍ਹਾਈ ਤੋਂ ਵਾਂਝੇ ਰਹਿ ਗਏ ਸਨ। ਡਾਇਰੈਕਟਰ ਡਾ.ਭੁਪਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਉੱਚ ਮਿਆਰੀ ਅਕਾਦਮਿਕ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਹ ਕੇਂਦਰ ਵਿਦਿਆਰਥੀਆਂ ਲਈ ਆਨਲਾਈਨ ਤੇ ਪ੍ਰਿੰਟ ਸਮੱਗਰੀ ਦੀ ਪਹੁੰਚ ਤੇ ਸ਼ਿਕਾਇਤ ਨਿਵਾਰਣ ਪ੍ਰਣਾਲੀ ਨੂੰ ਸੁਚਾਰੂ ਬਣਾਏਗਾ। ਐਮਓਯੂ ਅਕਾਦਮਿਕ ਸਹਿਯੋਗ , ਯੋਗਤਾਵਾਂ, ਵਿਦਿਆਰਥੀ ਸਹਾਇਤਾ ਤੇ ਡਿਜੀਟਲ ਪਹੁੰਚ ਨੂੰ ਲਾਗੂ ਕਰਨ ਅਤੇ ਵਧਾਉਣ ਦੀ ਦਿਸ਼ਾ ਵਿੱਚ ਇੱਕ ਮਜ਼ਬੂਤ ਢਾਂਚਾ ਤਿਆਰ ਕਰਦਾ ਹੈ, ਜੋ ਕਿ ਯੂਨੀਵਰਸਿਟੀ ਦੇ ਮਿਸ਼ਨ ਨੂੰ ਹੋਰ ਮਜ਼ਬੂਤ ਕਰਦਾ ਹੈ। ਯੂਨੀਵਰਸਿਟੀ ਵੱਲੋਂ ਡਾ.ਵਿਨੋਦ ਕੁਮਾਰ ਨੇ ਤਾਂ ਓਬਰਾਏ ਦੇ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ।

## ਅਹਿਮਦਾਬਾਦ ਜਹਾਜ਼ ਹਾਦਸੇ 'ਚ ਮਾਰੀ ਗਈ ਨੂੰਹ ਦੇ ਸੋਗ 'ਚ ਡੁੱਬਿਆ ਪਿੰਡ

ਘਨੌਰ, 15 ਜੂਨ (ਮਦਨ ਲਾਲ) : ਪਿੰਡ ਉਲਾਨਾ ਵਿੱਚ ਉਸ ਸਮੇਂ ਸੋਗ ਪੈਦਾ ਹੋ ਗਿਆ, ਜਦੋਂ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਉਲਾਨਾ ਪਿੰਡ ਦੀ 55 ਸਾਲਾ ਨੂੰਹ ਅੰਜੂ ਸ਼ਰਮਾ ਦੀ ਮੌਤ ਹੋ ਗਈ। ਇਸ ਖ਼ਬਰ ਦਾ ਪਤਾ ਲੱਗਣ 'ਤੇ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ। ਪਤਾ ਲੱਗਾ ਹੈ ਕਿ ਅੰਜੂ ਮੂਲ ਰੂਪ ਤੋਂ ਕੁਰੂਕਸ਼ੇਤਰ ਦੀ ਰਹਿਣ ਵਾਲੀ ਸੀ ਅਤੇ ਉਸਦਾ ਵਿਆਹ ਉਲਾਨਾ ਪਿੰਡ ਦੇ ਪਵਨ ਸ਼ਰਮਾ ਨਾਲ ਹੋਇਆ ਸੀ।ਉਹ ਆਪਣੀ ਛੋਟੀ ਧੀ ਨੂੰ ਮਿਲਣ ਤੋਂ ਬਾਅਦ ਆਪਣੀ ਵੱਡੀ ਧੀ ਨੂੰ ਮਿਲਣ ਲੰਡਨ ਜਾ ਰਹੀ ਸੀ ਪਰ ਉਸਦੀ ਇਹ ਯਾਤਰਾ ਅਧੂਰੀ ਰਹਿ ਗਈ। ਅੰਜੂ ਸ਼ਰਮਾ ਦੇ ਬਜ਼ੁਰਗ ਮਾਤਾ-ਪਿਤਾ ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ ਦੇ ਰਾਮਸਰਨ ਮਾਜਰਾ ਪਿੰਡ ਦੇ ਰਹਿਣ ਵਾਲੇ ਹਨ। ਜਿਵੇਂ ਹੀ ਉਸ ਦੇ ਮਾਤਾ-ਪਿਤਾ ਨੂੰ ਆਪਣੀ ਧੀ ਦੇ ਮੌਤ ਹੋ ਜਾਣ ਦੀ ਸੂਚਨਾ ਮਿਲੀ ਉਹ ਟੁੱਟ ਗਏ। ਮਾਂ ਦੀ ਮੌਤ ਦਾ ਪਤਾ ਲੱਗਣ ਤੇ ਹੁਣ ਅੰਜੂ ਦੀ ਧੀ ਅਹਿਮਦਾਬਾਦ ਪਹੁੰਚ ਰਹੀ ਹੈ। ਅੰਜੂ ਦੇ ਚਾਚਾ ਬਾਲਕਿਸ਼ਨ ਨੇ ਦੱਸਿਆ ਕਿ ਅੰਜੂ ਦਾ ਵਿਆਹ 1990 ਦੇ ਦਹਾਕੇ ਵਿੱਚ ਪਟਿਆਲਾ ਵਿੱਚ ਹੋਇਆ ਸੀ ਅਤੇ ਬਾਅਦ ਵਿੱਚ ਵਡੋਦਰਾ ਵਿੱਚ ਸੈਟਲ ਹੋ ਗਿਆ। ਅੰਜੂ ਦਾ ਸਵਰਗੀ ਪਤੀ ਇੱਕ ਇੰਜੀਨੀਅਰ ਸੀ, ਜੋ ਤੇਲ ਉਦਯੋਗ ਵਿੱਚ ਕੰਮ ਕਰਦਾ ਸੀ। ਬਾਲਕਿਸ਼ਨ ਨੇ ਕਿਹਾ ਕਿ ਅੰਜੂ ਦਾ ਭਰਾ ਮਿਲਨ ਸ਼ਰਮਾ ਅਤੇ ਉਸਦੀ ਛੋਟੀ ਧੀ ਵਡੋਦਰਾ ਵਿੱਚ ਰਹਿੰਦੇ ਹਨ। ਅੰਜੂ ਪਿਛਲੇ ਮਹੀਨੇ ਆਪਣੇ ਮਾਪਿਆਂ ਦੇ ਪਿੰਡ ਆਈ ਸੀ, ਕਿਉਂਕਿ ਉਸਦੇ ਪਿਤਾ ਕੁਝ ਸਮੇਂ ਤੋਂ ਮੰਜੇ ਤੇ ਸਨ। ਅੰਜੂ ਦੇ ਪਿਤਾ ਬਾਲਕਿਸ਼ਨ ਇੱਕ ਸੇਵਾਮੁਕਤ ਸਰਕਾਰੀ ਕਰਮਚਾਰੀ ਹਨ। ਬਾਲਕਿਸ਼ਨ ਨੇ ਦੱਸਿਆ ਕਿ ਅੰਜੂ ਉੱਥੇ ਲਗਭਗ ਦੋ ਹਫ਼ਤੇ ਤੱਕ ਰਹੀ। ਅੰਜੂ ਨੂੰ ਪਿਆਰੀ ਅਤੇ ਦਿਆਲੂ ਦੱਸਦਿਆਂ ਉਸਦੀ ਭੈਣ ਨੀਲੂ ਨੇ ਕਿਹਾ ਕਿ ਉਹ ਪੂਰੇ ਪਰਿਵਾਰ ਦੀ ਨੀਂਹ ਸੀ। ਉਨ੍ਹਾਂ ਕਿਹਾ ਕਿਇਸ ਘਟਨਾ ਨੇ ਸਾਨੂੰ ਅੰਦਰੋਂ ਤੋੜ ਦਿੱਤਾ ਹੈ।ਪਿੰਡ ਵਿੱਚ ਰਹਿਣ ਵਾਲੇ ਅੰਜੂ ਦੇ ਪਰਿਵਾਰ ਦੇ ਕੁਝ ਹੋਰ ਮੈਂਬਰਾਂ ਨੇ ਕਿਹਾ ਕਿ ਉਹ ਜਹਾਜ਼ ਹਾਦਸੇ ਦੀ ਖ਼ਬਰ ਸੁਣ ਕੇ ਹੈਰਾਨ ਰਹਿ ਗਏ। ਲੰਡਨ ਜਾਣ ਵਾਲਾ ਜਹਾਜ਼, ਜਿਸ ਵਿੱਚ 242 ਲੋਕ ਸਵਾਰ ਸਨ, ਜਿਸ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਵੀ ਸ਼ਾਮਲ ਸਨ, ਸਰਦਾਰ ਵੱਲਭਭਾਈ ਪਟੇਲ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਭਾਰਤੀ ਮੂਲ ਦੇ ਬ੍ਰਿਟਿਸ਼ ਨਾਗਰਿਕ ਵਿਸ਼ਵਾਸ ਕੁਮਾਰ ਰਮੇਸ਼ ਇਸ ਹਾਦਸੇ ਵਿੱਚ ਵਾਲ-ਵਾਲ ਬਚ ਗਏ।

## ਚੋਰੀ ਕੀਤੇ ਚਾਰ ਮੋਟਰਸਾਈਕਲ ਅਤੇ ਤਿੰਨ ਮੋਬਾਇਲ ਫ਼ੋਨ ਬ੍ਰਾਮਦ

ਪਟਿਆਲਾ, 15 ਜੂਨ (ਵਿਨੋਦ ਸ਼ਰਮਾ) : ਪੁਲਿਸ ਨੇ ਚੋਰੀ ਕੀਤੇ ਚਾਰ ਮੋਟਰਸਾਈਕਲ ਅਤੇ ਤਿੰਨ ਮੋਬਾਇਲ ਫ਼ੋਨ ਬ੍ਰਾਮਦ ਕੀਤੇ ਹਨ। ਇਸ ਸਬੰਧੀ ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀਆਂ ਸੰਦੀਪ ਸਿੰਘ ਵਾਸੀ ਪਿੰਡ ਰੱਖੜਾ, ਸੰਦੀਪ ਸਿੰਘ ਵਾਸੀ ਦੁਘਾਟ, ਮਨਜਿੰਦਰ ਸਿੰਘ ਵਾਸੀ ਦੁਘਾਟ, ਰਾਜਵੀਰ ਸਿੰਘ ਵਾਸੀ ਸੰਗਤਪੁਰਾ, ਗੁਰਜਿੰਦਰ ਸਿੰਘ ਵਾਸੀ ਸੋਜਾ ਵਿਰੁੱਧ ਧਾਰਾ 303 (2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸ਼ਮਸ਼ੇਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਸਟੈਂਡ ਪਿੰਡ ਰੋਣੀ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਚੋਰੀਆ ਕਰਨ ਦੇ ਆਦੀ ਹਨ, ਜਿਹਨਾਂ ਨੇ ਨਾਭਾ ਰੋਡ ਪਟਿਆਲਾ 'ਤੇ ਬਣੇ ਪੈਲੇਸਾਂ ਦੇ ਬਾਹਰੋਂ ਅਤੇ ਪਟਿਆਲਾ ਸ਼ਹਿਰ ਵਿੱਚ ਮੋਟਰਸਾਈਕਲ ਅਤੇ ਮੋਬਾਈਲ ਫੋਨ ਚੋਰੀ ਕੀਤੇ ਹਨ। ਅੱਜ ਵੀ ਚੋਰੀ ਕੀਤੇ 4 ਮੋਟਰਸਾਈਕਲਾਂ ਅਤੇ ਮੋਬਾਈਲ ਫੋਨ ਨੂੰ ਵੇਚਣ ਲਈ ਨਾਭਾ ਰੋਡ ਪਟਿਆਲਾ 'ਤੇ ਬਣੇ ਸਤਿਸੰਗ ਘਰ ਦੇ ਪਿਛਲੇ ਪਾਸੇ ਖਾਲੀ ਪਲਾਟਾਂ ਵਿੱਚ ਖੜ੍ਹੇ ਹਨ, ਜੋ ਰੇਡ ਕਰਨ ਪਰ 4 ਮੋਟਰਸਾਈਕਲ ਅਤੇ 3 ਮੋਬਾਇਲ ਫੋਨ ਬ੍ਰਾਮਦ ਹੋਏ।

## ਗੁਰਦੁਆਰਾ ਭਗਤ ਰਵਿਦਾਸ ਪ੍ਰਬੰਧਕਾਂ ਨੂੰ ਗੁਰੂ ਘਰ ਲਈ ਸੌਂਪੇ ਬਰਤਨ



ਪਟਿਆਲਾ, 15 ਜੂਨ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਗੁਰਦੁਆਰਾ ਭਗਤ ਰਵਿਦਾਸ ਪ੍ਰਬੰਧਕਾਂ ਨੇ ਗੁਰੂ ਘਰ ਲਈ ਬਰਤਨਾਂ ਦੀ ਮੰਗ ਕੀਤੀ ਸੀ। ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਨੇ ਗੁਰਦੁਆਰਾ ਭਗਤ ਰਵਿਦਾਸ ਪ੍ਰਬੰਧਕਾਂ ਨੂੰ ਗੁਰੂ ਘਰ ਲਈ ਬਰਤਨ ਸੌਂਪੇ, ਜਿਨ੍ਹਾਂ ਵਿਚ ਲੰਗਰ ਬਣਾਉਣ ਲਈ ਟੱਬ, ਥਾਲ ਅਤੇ ਗਿਲਾਸ ਆਦਿ ਸ਼ਾਮਲ ਸਨ। ਇਸ ਦੌਰਾਨ ਗੁਰਦੁਆਰਾ ਭਗਤ ਰਵਿਦਾਸ ਦੇ ਪ੍ਰਧਾਨ ਰਾਜ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਘਰ ਲਈ ਹਮੇਸ਼ਾ ਸ਼੍ਰੋਮਣੀ ਕਮੇਟੀ ਦਾ ਵੱਡਾ ਸਹਿਯੋਗ ਮਿਲਦਾ ਰਹਿੰਦਾ ਹੈ, ਜਿਸ ਦੇ ਚੱਲਦਿਆਂ ਗੁਰੂ ਘਰ ਲਈ ਬਰਤਨ ਲੋੜੀਂਦੇ ਸਨ ਅਤੇ ਸ਼੍ਰੋਮਣੀ ਕਮੇਟੀ ਪਾਸ ਪਹੁੰਚ ਕੀਤੀ ਗਈ ਸੀ ਕਿ ਗੁਰੂ ਘਰ ਦੇ ਲੰਗਰਾਂ ਲਈ ਬਰਤਨਾ ਚਾਹੀਦੇ ਹਨ, ਜੋ ਪ੍ਰਾਪਤ ਕਰ ਲਏ ਗਏ ਹਨ। ਇਸ ਮੌਕੇ ਭਗਤ ਰਵਿਦਾਸ ਗੁਰੂ ਘਰ ਦੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

## ਵੱਖ-ਵੱਖ ਥਾਵਾਂ ਤੋਂ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 15 ਜੂਨ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਨੇ ਕਥਿਤ ਦੋਸ਼ੀ ਰਾਕੇਸ਼ ਕੁਮਾਰ ਪੁੱਤਰ ਗੁਰਦਿਆਲ ਸਿੰਘ ਵਾਸੀ ਢੇਹਾ ਬਸਤੀ ਭੀਮ ਨਗਰ ਨੇੜੇ ਸਫਾਬਾਦੀ ਗੇਟ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਐਸ.ਆਈ ਚੈਨਸੁੱਖ ਸਿੰਘ ਸਮੇਤ ਪੁਲਿਸ ਪਾਰਟੀ ਬਿਜਲੀ ਗਰਿੱਡ ਦੀ ਬੈਕਸਾਇਡ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 6 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ। ਇਸੇ ਤਰ੍ਹਾਂ ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਉਪਿੰਦਰ ਲਟਾਵਾ ਵਾਸੀ ਜੁਝਾਰ ਨਗਰ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।ਏ.ਐਸ.ਆਈ. ਗੁਰਦੀਪ ਸਿੰਘ ਸਮੇਤ ਪੁਲਿਸ ਪਾਰਟੀ ਛੋਟੀ ਨਦੀ ਭੂਤਨਾਥ ਮੰਦਰ ਪਟਿਆਲਾ ਕੋਲ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 20 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਬ੍ਰਹਮਾਕੁਮਾਰੀਜ਼ ਵਿਖੇ ਲਗਾਇਆ ਫਰੀ ਫਿਜ਼ੀਓਥੈਰੇਪੀ ਕੈਂਪ



ਸਮਾਣਾ, 15 ਜੂਨ (ਵਿਜੇ ਕੁਮਾਰ) : ਪ੍ਰਜਾਪਿਤਾ ਬਰਮਾਕੁਮਾਰੀ ਈਸ਼ਵਰੀਏ ਵਿਸ਼ਵ ਵਿਦਿਆਲਿਆ ਵਿਖੇ ਫਾਦਰ ਡੇ ਦੇ ਮੌਕੇ ਬ੍ਰਹਮਾ ਕੁਮਾਰੀ ਮਮਤਾ ਦੀਦੀ ਦੀ ਅਗਵਾਈ ਵਿੱਚ ਫਿਜੀਓਥਰਪੀ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾਕਟਰ ਪ੍ਰਦੀਪ ਆਪਣੀ ਟੀਮ ਸਣੇ ਪਹੁੰਚੇ।ਉਹਨਾਂ ਨੇ ਸੈਂਕੜੇ ਲੋਕਾਂ ਦੀ ਜਾਂਚ ਕੀਤੀ ਅਤੇ ਜਿਸ ਨੂੰ ਦਵਾਈਆਂ ਦੀ ਜਰੂਰਤ ਸੀ ਉਹਨਾਂ ਨੂੰ ਦਵਾਈਆਂ ਵੀ ਲਿਖ ਕੇ ਦਿੱਤੀਆਂ।ਇਸ ਕੈਂਪ ਵਿੱਚ ਪ੍ਰਸਿੱਧ ਸਮਾਜ ਸੇਵੀ ਸਰਦਾਰ ਪਰਮਵੀਰ ਸਿੰਘ ਪੰਮਾ ਵੀਰ ਪਹੁੰਚੇ । ਮਮਤਾ ਦੀਦੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਅੱਜ ਹਰੇਕ ਆਤਮਾ ਦਾ ਸਰੀਰ ਅਨੇਕਾਂ ਰੋਗਾਂ ਨਾਲ ਭਰਿਆ ਹੋਇਆ ਹੈ। ਲੇਕਿਨ ਜੇਕਰ ਦਵਾਈਆਂ ਦੇ ਨਾਲ ਨਾਲ ਫਿਜੋਥਰਪੀ ਵੀ ਕਰਾਉਂਦੇ ਰਹਿਣ ਤਾਂ ਦਵਾਈਆਂ ਲੈਣਾ ਘੱਟ ਹੋ ਜਾਏਗਾ। ਫਿਜੀਓਥਰੇਪੀ ਇੱਕ ਪਰਫੈਕਟ ਇਲਾਜ ਹੈ। ਦੀਪਕ ਭਾਈ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਅਤੇ ਭਰੋਸਾ ਦਿੱਤਾ ਕਿ ਅੱਗੇ ਤੋਂ ਵੀ ਅਜਿਹੇ ਕੈਂਪ ਲੱਗਦੇ ਰਹਿਣਗੇ। ਇਸ ਮੌਕੇ ਚੰਦਨ ,ਆਸ਼ਾ ਨੰਦ ਤੁਲਾਨੀ, ਮੰਜੂ ਬਾਲਾ, ਚੇਤਨਾ ਸਰੀਨਾ, ਅਮਨ ਅਤੇ ਰਜਨੀ ਸਣੇ ਵੱਡੀ ਗਿਣਤੀ ਚ ਸ਼ਖ਼ਸੀਅਤਾਂ ਹਾਜ਼ਰ ਸਨ ।

## ਪੰਜਾਬ 'ਚ 'ਹਿੰਦੂ ਮੰਦਰ ਐਕਟ' ਬਣਾਉਣ ਸੰਬਧੀ ਉਪ ਮੰਡਲ ਦਫਤਰ ਵਿਖੇ ਦਿੱਤਾ ਮੰਗ ਪੱਤਰ




ਦੁਧਨਸਾਧਾਂ, 15 ਜੂਨ (ਚ.ਨ.ਸ.) : ਬੀਤੇ ਦਿਨੀਂ ਪੰਜਾਬੀ ਹਿੰਦੂ ਗਰੁੱਪ ਅਤੇ ਹਿੰਦੂ ਵੈਲਫ਼ੇਅਰ ਬੋਰਡ ਦੁਆਰਾ ਪੰਜਾਬ ਦੀਆਂ ਵੱਖ-ਵੱਖ 96 ਸਬ ਡਵੀਜ਼ਨਾਂ ਵਿੱਚ 'ਦੇਵਾਲਾ ਦੇਵ ਸਥਾਨ ਪ੍ਰਬੰਧਨ ਐਕਟ', 'ਹਿੰਦੂ ਮੰਦਰ ਐਕਟ' ਲਾਗੂ ਕਰਾਉਣ ਸਬੰਧੀ ਮੰਗ ਪੱਤਰ ਸੌਂਪੇ ਗਏ ਅਤੇ ਉਸੇ ਦਿਨ ਦੁਧਨਸਾਧਾਂ ਸਬ ਡਵੀਜਨ ਵਿਖੇ ਐਸ.ਡੀ.ਐਮ. ਦਫਤਰ ਵਿੱਚ ਸ੍ਰੀ ਓਮ ਪ੍ਰਕਾਸ਼ ਸ਼ਰਮਾ ਦੀ ਅਗਵਾਈ ਹੇਠ ਮੰਗ ਪੱਤਰ ਦਿੱਤਾ ਗਿਆ। ਇਨ੍ਹਾਂ ਨਾਲ ਮਨੋਹਰ ਲਾਲ ਪਵਾਰ ਲੇਖਕ, ਪੱਤਰਕਾਰ, ਜਰਨਲ ਸਕੱਤਰ ਸ਼ਿਵ ਮੰਦਰ ਅਦਰਸ਼ ਸੇਵਾ ਸੰਮਤੀ, ਬਲਰਾਮ ਸ਼ਰਮਾ, ਰਾਮ ਚੰਦ ਸ਼ਰਮਾ ਸ਼ਾਮਲ ਹੋਏ। ਐਸ.ਡੀ.ਐਮ. ਪਟਿਆਲਾ ਤੋਂ ਬਾਹਰ ਗਏ ਹੋਏ ਸਨ। ਇਸ ਲਈ ਉਨ੍ਹਾਂ ਦੇ ਹੁਕਮ ਅਨੁਸਾਰ ਇਹ ਮੰਗ ਪੱਤਰ ਉਨ੍ਹਾਂ ਦੀ ਸਟੈਨੋ ਸ੍ਰੀਮਤੀ ਮਨਜੀਤ ਕੌਰ ਨੂੰ ਸੌਂਪਿਆ ਗਿਆ। ਇਹ ਮੰਗ ਪੱਤਰ ਜੋ ਕਿ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਪੰਜਾਬ ਗਵਰਨਰ ਅਤੇ ਮੁੱਖ ਮੰਤਰੀ ਪੰਜਾਬ ਨੂੰ ਵੀ ਸੰਬੋਧਿਤ ਹੈ। ਹਿੰਦੂ ਵੈਲਫ਼ੇਅਰ ਬੋਰਡ ਦੇ ਚੇਅਰਮੈਨ ਅਤੇ ਸਨਾਤਨ ਪ੍ਰਚਾਰ ਮਹੰਤ ਰਵੀ ਕਾਂਤ ਨੇ ਦੱਸਿਆ ਕਿ ਭਾਰਤ ਦੇ ਧਰਮ ਨਿਰਪੇਖ ਅਤੇ ਲੋਕਤੰਤਰ ਢਾਂਚੇ ਦੇ ਬਾਵਜੂਦ ਪੰਜਾਬ ਦੇ ਬਹੁਤ ਸਾਰੇ ਮੰਦਰ ਸਰਕਾਰ ਦੇ ਅਧੀਨ ਹਨ, ਜਦਕਿ ਹੋਰ ਗੈਰ ਹਿੰਦੂ ਸੰਸਥਾਵਾਂ ਦੇ ਧਾਰਮਿਕ ਸਥਾਨ ਉਨ੍ਹਾਂ ਦੇ ਧਾਰਮਿਕ ਸੰਗਠਨਾਂ ਦੁਆਰਾ ਕਾਨੂੰਨ ਅਧੀਨ ਆਉਂਦੇ ਹਨ। ਉਨ੍ਹਾਂ ਕਿਹਾ ਕਿ ਹਿੰਦੂ ਸਮਾਜ ਦੀ ਮੰਗ ਹੈ ਕਿ ਮੰਦਰਾਂ ਦਾ ਪ੍ਰਬੰਧਨ ਪੂਰੀ ਤਰ੍ਹਾਂ ਹਿੰਦੂਆਂ ਨੂੰ ਸੌਂਪਿਆ ਜਾਵੇ। ਇਸ ਸਬੰਧੀ ਸਮੁੱਚੇ ਹਿੰਦੂ ਸੰਗਠਨਾਂ ਵੱਲੋਂ ਸਾਂਝੀ ਰਣਨੀਤੀ ਬਣਾਈ ਜਾਵੇਗੀ।

## ਡਾ. ਰਤਨ ਸਿੰਘ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਿਯੁਕਤ



ਪਟਿਆਲਾ, 15 ਜੂਨ (ਰੁਪਾਣਾ) : ਪੰਜਾਬ ਦੇ ਰਾਜਪਾਲ ਅਤੇ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਚਾਂਸਲਰ ਦੇ ਨਿਰਦੇਸ਼ਾਂ ਅਨੁਸਾਰ, ਪ੍ਰੋਫੈਸਰ (ਡਾ.) ਰਤਨ ਸਿੰਘ ਨੂੰ ਯੂਨੀਵਰਸਿਟੀ ਦਾ ਨਵਾਂ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ ਹੈ।ਡਾ. ਰਤਨ ਸਿੰਘ ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਯੂਨੀਵਰਸਿਟੀ ਇੰਸਟੀਚਿਊਟ ਆਫ ਲੀਗਲ ਸਟੱਡੀਜ਼ ਵਿੱਚ ਪ੍ਰੋਫੈਸਰ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਉਨ੍ਹਾਂ ਕੋਲ ਉੱਚ ਅਕਾਦਮਿਕ ਪੱਧਰ 'ਤੇ ਲੰਬਾ ਅਤੇ ਵਿਸ਼ਾਲ ਪ੍ਰਸ਼ਾਸਕੀ ਤਜਰਬਾ ਹੈ। ਉਨ੍ਹਾਂ ਨੇ ਲਗਭਗ 31 ਸਾਲਾਂ ਤੱਕ ਅਕਾਦਮਿਕ ਖੇਤਰ ਵਿੱਚ ਕੰਮ ਕਰਦੇ ਹੋਏ ਆਪਣੇ ਵਿੱਦਿਅਕ ਅਤੇ ਪ੍ਰਬੰਧਕੀ ਯੋਗਦਾਨ ਰਾਹੀਂ ਅਨੇਕਾਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐੱਲਐੱਲਬੀ, ਐੱਲਐੱਲਐੱਮ, ਪੀਐੱਚਡੀ ਅਤੇ ਕਈ ਹੋਰ ਪੋਸਟ ਗ੍ਰੈਜੂਏਟ ਡਿਗਰੀਆਂ ਹਾਸਲ ਕੀਤੀਆਂ ਹਨ।ਡਾ. ਰਤਨ ਸਿੰਘ ਇੱਕ ਉਤਕ੍ਰਿਸ਼ਟ ਲੇਖਕ ਵੀ ਹਨ ਅਤੇ ਉਨ੍ਹਾਂ ਨੇ 80 ਤੋਂ ਵੱਧ ਰਿਸਰਚ ਪੇਪਰਾਂ ਅਤੇ ਕਿਤਾਬਾਂ ਦਾ ਪ੍ਰਕਾਸ਼ਨ ਕੀਤਾ ਹੈ, ਜੋ ਉਨ੍ਹਾਂ ਦੀ ਵਿੱਦਿਅਕ ਪਾਰਦਰਸ਼ਤਾ ਨੂੰ ਦਰਸਾਉਂਦੇ ਹਨ। ਪੰਜਾਬ ਯੂਨੀਵਰਸਿਟੀ ਵਿੱਚ ਉਨ੍ਹਾਂ ਨੇ ਐਸੋਸੀਏਟ ਡੀਨ ਸਟੂਡੈਂਟ ਵੈਲਫੇਅਰ, ਚੀਫ ਵਿਜੀਲੈਂਸ ਅਫਸਰ ਅਤੇ ਡਾਇਰੈਕਟਰ ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕਰਦੇ ਹੋਏ ਯੂਨੀਵਰਸਿਟੀ ਦੇ ਕਈ ਪੱਖਾਂ ਨੂੰ ਮਜ਼ਬੂਤ ਕੀਤਾ।

## 'ਨਟਾਸ' ਵੱਲੋਂ ਜਹਾਜ਼ ਹਾਦਸੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ



ਪਟਿਆਲਾ, 15 ਜੂਨ (ਚ.ਨ.ਸ.) : ਭਾਸ਼ਾ ਭਵਨ ਵਿੱਚ ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਸ਼੍ਰੀਮਤੀ ਸੁਨੀਤਾ ਸੱਭਰਵਾਲ-ਪਦਮਸ਼੍ਰੀ ਪ੍ਰਾਣ ਸੱਭਰਵਾਲ ਵੱਲੋਂ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਜਾਰੀ 44ਵੀਂ ਸਾਲਾਨਾ ਮੁਫਤ ਥੀਏਟਰ ਵਰਕਸ਼ਾਪ ਦੇ ਨਾਟਕ ਉਯਥਾ ਰਾਜਾ-ਤਥਾ ਪਰਜਾ" ਦੀ ਰਿਹਰਸਲ ਜ਼ੋਰਾਂ 'ਤੇ ਜਾਰੀ ਹੈ। ਇਸ ਮੌਕੇ ਪ੍ਰਾਜੈਕਟਰ ਕਨਵੀਨਰ ਸ਼੍ਰੀ ਪ੍ਰਾਣ ਸੱਭਰਵਾਲ ਨੇ ਕਿਹਾ ਕਿ ਸਰਬਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਥੀਏਟਰ, ਕ੍ਰਿਆਤਮਕ ਗੱਤੀਵਿਧੀਆਂ ਵਿੱਚ ਭਾਗ ਲੈਣਾ ਵੀ ਜਰੂਰੀ ਹੈ। ਉਹਨਾਂ ਨੇ ਸਿਖਿਆਰਥੀਆਂ ਵੱਲੋਂ ਨਾਟਕ ਦੀ ਰਿਹਰਸਲ ਵਿੱਚ ਗਰਮ ਜੋਸ਼ੀ ਅਤੇ ਸ਼੍ਰੀ ਮੋਹਨ ਕੰਬੋਜ ਦੇ ਨਿਰਦੇਸ਼ਕ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਤਿਆਰੀ ਅਧੀਨ ਨਾਟਕ ਦੀ ਬਦੌਲਤ ਸਿਖਿਆਰਥੀਆਂ ਵਿੱਚ ਆਤਮ ਵਿਸ਼ਵਾਸ਼ ਅਤੇ ਪ੍ਰਤਿਭਾ ਜਾਗਰਿਤੀ ਦਾ ਅਹਿਸਾਸ ਹੋਰ ਉਤਪੰਨ ਹੋਵੇਗਾ। ਇਸ ਤੋਂ ਪਹਿਲਾਂ ਟਰੇਨਰਜ਼ ਅਤੇ ਸਿਖਿਆਰਥੀਆਂ ਨੇ ਜਹਾਜ਼ ਹਾਦਸੇ ਦੇ ਮ੍ਰਿਤਕਾਂ ਨੂੰ 2 ਮਿਨਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾ ਕੀਤੀ।

## ਸ੍ਰੀ ਗਊ ਮਾਤਾ ਸੇਵਾ ਸੰਮਤੀ ਨੇ ਗੁਰਦਿਆਲਪੁਰਾ ਬੀੜ ਵਿਖੇ ਦਾਣਾ ਤੇ ਇੱਕ ਟਰਾਲੀ ਚਾਰਾ ਗਊਆਂ ਨੂੰ ਪਾਇਆ



ਸਮਾਣਾ,15 ਜੂਨ (ਵਿਜੈ ਕੁਮਾਰ/ ਜਵੰਦਾ) : ਸ਼੍ਰੀ ਗਊ ਮਾਤਾ ਸੇਵਾ ਸਮਿਤੀ ਸਮਾਣਾ ਵੱਲੋਂ 18,19,20 ਅਪ੍ਰੈਲ ਨੂੰ ਸਾਰੇ ਗਊ ਭਗਤਾਂ ਅਤੇ ਸਮਾਣਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗਊ ਮਾਤਾ ਜੀ ਦੀ ਦਿਵਯ ਕਥਾ ਦਾ ਆਯੋਜਨ ਸ੍ਰੀ ਅਗਰਵਾਲ ਧਰਮਸ਼ਾਲਾ ਸਮਾਣਾ ਵਿਖੇ ਕੀਤਾ ਗਿਆ ਸੀ । ਇਸ ਦਿਵਯ ਕਥਾ ਤੋਂ ਬਾਅਦ ਸ੍ਰੀ ਗਊ ਮਾਤਾ ਭਗਤ ਅਤੇ ਸਮੂਹ ਸੰਗਤ ਸਮਾਨਾ ਨਿਵਾਸੀਆਂ ਵੱਲੋਂ ਇਕੱਠੀ ਕੀਤੀ ਰਾਸ਼ੀ ਵਿੱਚੋਂ ਸ੍ਰੀ ਗਊ ਮਾਤਾ ਕਥਾ ਕਰਵਾਉਣ ਤੋਂ ਬਾਅਦ ਜੋ ਸਹਿਯੋਗ ਰਾਸੀ ਬਚੀ ਉਸ ਵਿੱਚੋਂ ਸ਼੍ਰੀ ਅਨਾਥ ਗਊਸ਼ਾਲਾ ਵਿਖੇ ਗਊਆਂ ਲਈ 10 ਕੁਇੰਟਲ ਦਾਣੇ ਅਤੇ ਹਰੇ ਚਾਰੇ ਦੀ ਵਿਵਸਥਾ ਕੀਤੀ ਗਈ ਇਸੇ ਤਰ੍ਹਾਂ ਅੱਜ ਗੁਰਦਿਆਲ ਪੂਰਾ ਬੀੜ ਵਿਖੇ 10 ਕੁਇੰਟਲ ਦਾਣੇ ਅਤੇ ਇਕ ਟਰਾਲੀ ਚਾਰਾ ਗਊਆਂ ਨੂੰ ਪਾਇਆ ਗਿਆ, ਨਾਲ ਹੀ ਸ੍ਰੀ ਰਾਮ ਭਗਤ ਹਨੂਮਾਨ ਸੇਨਾ ਨੂੰ ਕੇਲੇ ਬਰੈਡ ਅਤੇ ਛੋਲੇ ਪਾਏ ਗਏ । ਇਸ ਸਮੇਂ ਸ਼੍ਰੀ ਗਊ ਮਾਤਾ ਸੇਵਾ ਸਮਿਤੀ ਦੇ ਪ੍ਰਧਾਨ ਬਿੱਟੂ ਧੀਮਾਨ ਜੀ ਅਤੇ ਸਮੂਹ ਮੈਂਬਰ ਜਤਿੰਦਰ ਸ਼ਰਮਾ, ਬਿੱਟੂ ਧੀਮਾਨ, ਰਾਕੇਸ਼ ਕੇਸੀ, ਵਿਕਾਸ ਸ਼ਰਮਾ, ਸੁਸ਼ੀਲ ਸ਼ਰਮਾ, ਮਨੀਸ਼ ਸਿੰਗਲਾ, ਸੰਜੇ ਅਰੋੜਾ,ਸ਼ਿਵ ਕੁਮਾਰ ਭੋਲਾ, ਇਸ਼ੂ ਵਧਵਾ, ਬ੍ਰਿਜ ਮੋਹਨ ਜਿੰਦਲ, ਅਜੇ ਗੋਇਲ, ਸੇਖਰ ਸ਼ਰਮਾ, ਰਮੇਸ਼, ਸੁਭਾਸ਼, ਯਤਿਸ਼ ਅਰੋੜਾ ਆਦਿ ਹਾਜ਼ਰ ਸਨ।

## 120 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 15 ਜੂਨ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਮਨੀ ਸਿੰਘ ਵਾਸੀ ਨੇੜੇ ਤਾਰੂ ਸਾਹਿਬ ਗੁਰਦੁਆਰਾ ਸੁਖਰਾਮ ਕਲੋਨੀ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਣਧੀਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬੰਨਾ ਰੋਡ ਪਟਿਆਲਾ ਕੋਲ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ 120 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ।

## ਖੁਖਰੈਣ ਵੈਲ.ਫੇਅਰ ਸੁਸਾਇਟੀ ਦੀ ਮੀਟਿੰਗ




ਪਟਿਆਲਾ, 15 ਜੂਨ (ਅਮਰਜੀਤ ਸਿੰਘ) : ਅੱਜ ਖੁਖਰੈਣ ਵੈਲਫੇਅਰ ਸੁਸਾਈਟੀ ਦੀ ਐਨੂਅਲ ਜਰਨਲ ਮੀਟਿੰਗ ਪਟਿਆਲਾ ਦੇ 14 ਨਿਹਾਲ ਬਾਗ ਵਿਖੇ ਖੁਖਰੈਣ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸ. ਗੁਰਜੀਤ ਸਿੰਘ ਕੋਹਲੀ ਦੀ ਅਗਵਾਈ ਹੇਠ ਉਹਨਾਂ ਦੇ ਦਫਤਰ ਵਿਖੇ ਹੋਈ, ਜਿਸ ਵਿੱਚ ਖੁਖਰੈਣ ਵੈਲਫੇਅਰ ਸੋਸਾਇਟੀ ਦੇ ਸਾਰੇ ਮੈਂਬਰ ਹਾਜ਼ਰ ਹੋਏ, ਜਿਸ ਵਿੱਚ ਪਿਛਲੇ ਸਾਲ ਦੌਰਾਨ ਖੁਖਰੈਣ ਸਮਾਜ ਦੀਆਂ ਉਪਲੱਬਧੀਆਂ ਅਤੇ ਕੀਤੀਆਂ ਗਈਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਨਵੇਂ ਜੁੜੇ ਮੈਂਬਰਾਂ ਦਾ ਸਵਾਗਤ ਕੀਤਾ ਗਿਆ ਅਤੇ ਆਉਣ ਵਾਲੇ ਸਾਲ ਦੌਰਾਨ ਨਵੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਗਈ । ਇਸ ਦੌਰਾਨ ਫਾਦਰਸ ਡੇ ਨੂੰ ਮੁੱਖ ਰੱਖਦੇ ਹੋਏ ਮਰਹੂਮ ਸ. ਸੁਰਜੀਤ ਸਿੰਘ ਕੋਹਲੀ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸਦੇ ਨਾਲ ਹੀ ਸਾਬਕਾ ਐਮ.ਸੀ. ਨਰਿੰਦਰ ਸਿੰਘ ਚੰਡੋਕ ਅਤੇ ਇੰਦਰਜੀਤ ਸਿੰਘ ਕੋਹਲੀ ਜੋ ਕਿ ਕੁਝ ਮਹੀਨੇ ਪਹਿਲੇ ਅਕਾਲ ਚਲਾਣਾ ਕਰ ਗਏ ਸੀ ਉਹਨਾਂ ਨੂੰ ਵੀ ਨਿੱਘੀ ਸ਼ਰਧਾਂਜਲੀ ਦਿੱਤੀ ਗਈ।

## ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਨੇ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ

### ਕਲੱਬ ਵੱਲੋਂ ਲੜਕੀਆਂ ਨੂੰ ਰੋਜ਼ਗਾਰ ਤੇ ਸਵੈ-ਰੋਜ਼ਗਾਰ ਦੇ ਕਾਬਲ ਬਣਾਉਣ ਲਈ ਕੀਤੇ ਜਾ ਰਹੇ ਨੇ ਲਗਾਤਾਰ ਉਪਰਾਲੇ : ਸ਼ੀਸ਼ਪਾਲ ਮਿੱਤਲ




ਪਟਿਆਲਾ, 15 ਜੂਨ (ਚ.ਨ.ਸ.) : ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਨੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਵੱਡਾ ਉਪਰਾਲਾ ਕਰਦਿਆਂ ਪੜ੍ਹੀਆਂ ਲਿਖੀਆਂ ਲੋੜਵੰਦ ਲੜਕੀਆਂ ਨੂੰ ਸਿਲਾਈ ਦਾ ਕੋਰਸ ਕਰਵਾਇਆ ਅਤੇ ਸਫਲਤਾਪੂਰਵਕ ਕੋਰਸ ਮੁਕੰਮਲ ਕਰਨ ਵਾਲੀਆਂ ਲੜਕੀਆਂ ਨੂੰ ਕਲੱਬ ਵੱਲੋਂ ਸਿਲਾਈ ਮਸ਼ੀਨਾਂ ਵੰਡ ਕੇ ਸਵੈ ਰੋਜ਼ਗਾਰ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਕਲੱਬ ਵੱਲੋਂ ਪ੍ਰਧਾਨ ਰੋਟੇਰੀਅਨ ਸ਼ੀਸ਼ਪਾਲ ਮਿੱਤਲ ਦੀ ਅਗਵਾਈ ਵਿੱਚ ਸਿਲਾਈ ਕੋਰਸ ਮੁਕੰਮਲ ਹੋਣ 'ਤੇ ਕਰਵਾਏ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਸਤਿੰਦਰ ਕੌਰ ਵਾਲੀਆ ਨੇ ਮੁੱਖ ਮਹਿਮਾਨ ਤੇ ਰਾਜੇਸ਼ ਪੰਜੋਲਾ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਕੇ ਲੜਕੀਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ। ਇਸ ਮੌਕੇ ਕਲੱਬ ਪ੍ਰਧਾਨ ਰੋਟੇਰੀਅਨ ਸ਼ੀਸ਼ਪਾਲ ਮਿੱਤਲ ਨੇ ਕਲੱਬ ਵੱਲੋਂ ਕੀਤੇ ਜਾਂਦੇ ਸਮਾਜ ਭਲਾਈ ਦੇ ਕੰਮਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਪਹਿਲੇ ਦਿਨ ਤੋਂ ਹੀ ਲੋਕ ਭਲਾਈ ਦੇ ਕੰਮਾਂ ਅਤੇ ਲੋੜਵੰਦਾਂ ਦੀ ਮਦਦ ਲਈ ਕੰਮ ਕਰਦਾ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗੀਤਾਂਜਲੀ ਸਿਲਾਈ ਅਧਿਆਪਕਾ ਦੀ ਮਿਹਨਤ ਅਤੇ ਕਾਬਲੀਅਤ ਸਦਕਾ ਸਿਲਾਈ ਸੈਂਟਰ ਦੀ ਕਲਾਸ 'ਚ ਲੜਕੀਆਂ ਦੀ ਗਿਣਤੀ 25 ਤੱਕ ਪਹੁੰਚ ਗਈ ਹੈ। ਇਨ੍ਹਾਂ ਲੜਕੀਆਂ ਦਾ ਇਮਤਿਹਾਨ ਲਿਆ ਗਿਆ ਜਿਸ ਵਿੱਚੋਂ 11 ਲੜਕੀਆਂ ਪਾਸ ਹੋਈਆਂ ਅਤੇ ਇਨ੍ਹਾਂ ਲੜਕੀਆਂ ਨੂੰ ਰੋਟਰੀ ਕਲੱਬ ਪਟਿਆਲਾ ਮਿਡ ਟਾਊਨ ਦੁਆਰਾ ਆਯੋਜਿਤ ਪ੍ਰਾਜੈਕਟ ਰਾਹੀਂ ਤੇ ਬਰਿੰਦਰ ਢੂੰਡੀਆਂ ਵੱਲੋਂ ਆਪਣੀ ਧਰਮ ਪਤਨੀ ਮਰਹੂਮ ਰਾਕੇਸ਼ ਢੂੰਡੀਆਂ ਦੀ ਯਾਦ ਵਿੱਚ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ ਤੇ ਨਾਲ ਹੀ ਕਲੱਬ ਵੱਲੋਂ ਸਰਟੀਫਿਕੇਟ ਵੀ ਦਿੱਤੀ ਗਏ। ਜ਼ਿਕਰਯੋਗ ਹੈ ਕਿ ਪਹਿਲੀ ਵਾਰ ਗਰੈਜੂਏਟ ਤੇ ਪੋਸਟ ਗਰੈਜੂਏਟ ਲੜਕੀਆਂ ਸਿਲਾਈ ਸਿੱਖਣ ਲਈ ਆਈਆਂ। ਸਮਾਗਮ ਦੌਰਾਨ ਰੋਟੇਰੀਅਨ ਸ਼ੀਸ਼ਪਾਲ ਮਿੱਤਲ ਪ੍ਰਧਾਨ, ਰੋਟੇਰੀਅਨ ਰੋਹਿਤ ਗੁਪਤਾ ਸੈਕਟਰੀ, ਰੋਟੇਰੀਅਨ ਬਰਿੰਦਰ ਢੂੰਡੀਆਂ ਪ੍ਰਾਜੈਕਟ ਚੇਅਰਮੈਨ, ਰੋਟੇਰੀਅਨ ਰਕੇਸ਼ ਸਿੰਗਲਾ, ਰੋਟੇਰੀਅਨ ਦੇਵੀ ਦਿਆਲ ਗੋਇਲ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਰੋਟੇਰੀਅਨ ਮਾਨਿਕ ਸਿੰਗਲਾ, ਇਮੀਜੀਏਟ ਪ੍ਰਧਾਨ ਅਸ਼ੋਕ ਕੁਮਾਰ ਰੌਣੀ, ਇਲੈਕਟਡ ਪ੍ਰਧਾਨ ਰੋਟੇਰੀਅਨ ਵਿਸ਼ਾਲ ਸ਼ਰਮਾ, ਕੈਸ਼ੀਅਰ ਰੋਟੇਰੀਅਨ ਗੀਤੇਸ ਸਿੰਗਲਾ, ਰੋਟੇਰੀਅਨ ਕੌਂਸਲ ਰਾਓ ਸਿੰਗਲਾ, ਆਰ ਕੇ ਸਿੰਗਲਾ, ਜੀਵਨ ਕੁਮਾਰ ਗਰਗ, ਅਮਿਤ ਜਿੰਦਲ, ਆਸ਼ੀਸ਼ ਅਗਰਵਾਲ ਵੀ ਮੌਜੂਦ ਸਨ।

## ਕੈਂਸਰ ਦੇ ਇਲਾਜ ਵਿੱਚ ਕੀਮੋ-ਥੈਰੇਪੀ ਨੂੰ ਹੋਰ ਅਸਰਦਾਰ ਬਣਾਉਣ ਅਤੇ ਦੁਰਪ੍ਰਭਾਵ ਘਟਾਉਣ ਬਾਰੇ ਪੰਜਾਬੀ ਯੂਨੀਵਰਸਿਟੀ ਵਿਖੇ ਕੀਤੀ ਖੋਜ

ਪਟਿਆਲਾ, 15 ਜੂਨ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿੱਚ ਹੋਈ ਇੱਕ ਖੋਜ ਰਾਹੀਂ ਕੈਂਸਰ ਦੇ ਇਲਾਜ ਵਿੱਚ ਕੀਮੋ-ਥੈਰੇਪੀ ਨੂੰ ਹੋਰ ਅਸਰਦਾਰ ਬਣਾਉਣ ਅਤੇ ਇਸ ਦੇ ਦੁਰਪ੍ਰਭਾਵਾਂ ਨੂੰ ਘਟਾਉਣ ਦੇ ਹੱਲ ਲੱਭੇ ਗਏ ਹਨ। ਯੂਨੀਵਰਸਿਟੀ ਦੇ ਫਾਰਮਾਸਿਊਟੀਕਲ ਸਾਇੰਸਜ਼ ਅਤੇ ਡਰੱਗ ਰਿਸਰਚ ਵਿਭਾਗ ਤੋਂ ਪ੍ਰੋ. ਓਮ ਸਿਲਾਕਾਰੀ ਦੀ ਨਿਗਰਾਨੀ ਹੇਠ ਆਈ. ਸੀ. ਐਮ.ਆਰ. ਦੇ ਸੀਨੀਅਰ ਰਿਸਰਚ ਫੈਲੋ ਅਤੇ ਪੀ-ਐੱਚ.ਡੀ. ਖੋਜਾਰਥੀ ਡਾ.ਬੱਡੀਪੈਡੀਗੇ ਰਾਜੂ ਨੇ ਇੱਕ ਡਰੱਗ-ਮੈਟਾਬੋਲਾਈਜ਼ਮ ਐਨਜ਼ਾਈਮਜ਼ (ਡੀ.ਐਮ.ਈ.) ਨਾਲ਼ ਜੁੜੇ ਕੀਮੋ-ਰੋਧ ਨੂੰ ਸਮਝਣ ਅਤੇ ਇਸ ਦੇ ਹੱਲ ਉੱਤੇ ਮਹੱਤਵਪੂਰਨ ਖੋਜ ਕੀਤੀ ਹੈ। ਇਸ ਖੋਜ ਦੇ ਨਤੀਜੇ ਅੰਤਰਰਾਸ਼ਟਰੀ ਪੱਧਰ ਦੇ ਵਿਗਿਆਨ ਰਸਾਲਿਆਂ, ਜਿਵੇਂ ਏ.ਸੀ.ਐਸ. ਓਮੇਗਾ, ਆਰ.ਸੀ.ਐਸ. ਨਿਊ ਜਰਨਲ ਆਫ਼ ਕਮਿਸਟਰੀ, ਆਰ.ਸੀ.ਐਸ. ਅਡਵਾਂਸਡ ਆਦਿ ਵਿੱਚ ਪ੍ਰਕਾਸਿ ?ਤ ਹੋ ਚੁੱਕੇ ਹਨ ਅਤੇ ਸੰਸਾਰ ਪੱਧਰ ਉੱਤੇ 130 ਤੋਂ ਵਧੇਰੇ ਵਿਗਿਆਨੀਆਂ ਨੇ ਆਪਣੇ ਖੋਜ ਕਾਰਜਾਂ ਵਿੱਚ ਇਸ ਖੋਜ ਦਾ ਹਵਾਲਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਡਾ. ਰਾਜੂ ਇਸ ਸਮੇਂ ਭਾਰਤ ਦੀ ਵੱਕਾਰੀ ਸੰਸਥਾ ਇੰਸਟੀਚੂਟ ਆਫ਼ ਲਾਈਫ਼ ਸਾਇੰਸਜ਼, ਭੁਬਨੇਸ਼ਵਰ ਵਿਖੇ ਪ੍ਰੋਜੈਕਟ ਵਿਗਿਆਨੀ-2 ਵਜੋਂ ਕਾਰਜਸ਼ੀਲ ਹਨ। ਡਾ. ਰਾਜੂ ਨੇ ਦੱਸਿਆ ਕਿ ਉਸ ਨੇ ਪੀ. 450 1.ਬੀ.1. (ਸੀ. ਵਾਈ.ਪੀ.1 ਬੀ.1) ਨਾਮਕ ਐਨਜ਼ਾਈਮ ਦੀ ਫਿ ?ਤਰਤ ਨੂੰ ਸਮਝਦਿਆਂ ਇਸ ਨਾਲ਼ ਜੁੜੀ ਸਮੱਸਿਆ ਦੇ ਹੱਲ ਲੱਭਣ ਉੱਤੇ ਕੰਮ ਕੀਤਾ। ਉਸ ਨੇ ਦੱਸਿਆ ਕਿ ਇਹ ਐਨਜ਼ਾਈਮ ਕੀਮੋ-ਥੈਰੇਪੀ ਦੀ ਪ੍ਰਕਿਰਿਆ ਵਿੱਚ ਵਰਤੀਆਂ ਜਾਂਦੀਆਂ ਡਰੱਗਜ਼ ਡੋਸੀਟੈਕਸਲ ਅਤੇ ਪੈਸਲੀਟੈਕਸਲ, ਜੋ ਕਿ ਆਮ ਤੌਰ ਉੱਤੇ ਛਾਤੀ, ਫੇਫੜਿਆਂ ਅਤੇ ਬੱਚੇਦਾਨੀ ਦੇ ਕੈਂਸਰ ਵਿੱਚ ਕੀਮੋ-ਥੈਰੇਪੀ ਲਈ ਵਰਤੀਆਂ ਜਾਂਦੀਆਂ ਹਨ, ਦੇ ਪ੍ਰਭਾਵ ਨੂੰ ਘੱਟ ਕਰ ਦਿੰਦਾ ਹੈ। ਇਸ ਕਾਰਨ ਕੀਮੋਥੈਰੇਪੀ ਜ਼ਿਆਦਾ ਅਸਰਦਾਰ ਸਾਬਿਤ ਨਹੀਂ ਹੁੰਦੀ। ਪ੍ਰੋ. ਓਮ ਸਿਲਾਕਾਰੀ ਨੇ ਦੱਸਿਆ ਕਿ ਕੀਮੋ ਥੈਰੇਪੀ ਦੇ ਅਸਰ ਨੂੰ ਘਟਾਉਣ ਵਾਲਾ ਕੀਮੋ-ਰੋਧ ਵਿਸ਼ਵ ਪੱਧਰ ਉੱਤੇ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ, ਜਿਸ ਕਾਰਨ ਕੈਂਸਰ ਸੈੱਲਾਂ ਨੂੰ ਖਤਮ ਕਰਨ ਲਈ ਪ੍ਰਭਾਵਸ਼ਾਲੀ ਦਵਾਈਆਂ ਦੀ ਉਪਲਬਧਤਾ ਕਾਫ਼ੀ ਨਹੀਂ ਹੁੰਦੀ ਅਤੇ ਸਿੱਟੇ ਵਜੋਂ ਕੈਂਸਰ ਮਰੀਜ਼ਾਂ ਦੀ ਮੌਤ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਐਨਜ਼ਾਈਮ ਅਕਸਰ ਹੀ ਕੈਂਸਰ-ਰੋਧਕ ਦਵਾਈਆਂ ਨੂੰ ਅਕਿਰਿਆਸ਼ੀਲ ਕਰ ਦਿੰਦੇ ਹਨ, ਉਨ੍ਹਾਂ ਦੇ ਪ੍ਰਭਾਵ ਨੂੰ ਘਟਾ ਦਿੰਦੇ ਹਨ ਅਤੇ ਡਰੱਗ ਪ੍ਰਤੀਰੋਧ ਵਾਲ਼ੀ ਸਥਿਤੀ ਵੱਲ ਲੈ ਜਾਂਦੇ ਹਨ ਜਿੱਥੇ ਦਵਾਈ ਆਪਣਾ ਕੰਮ ਨਹੀਂ ਕਰਦੀ। ਇਸ ਸਥਿਤੀ ਦੇ ਹੱਲ ਲਈ ਇਨ੍ਹਾਂ ਡਰੱਗਜ਼ ਨੂੰ ਅਜਿਹੇ ਇਨਹਿਬਟਰਜ਼ ਦੇ ਸੁਮੇਲ ਨਾਲ਼ ਵਰਤਣਾ ਕਾਰਗਰ ਸਾਬਿਤ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਚੁਣੌਤੀ ਨੂੰ ਹੱਲ ਕਰਨ ਦੀ ਤੁਰੰਤ ਲੋੜ ਨੂੰ ਪਛਾਣਦੇ ਹੋਏ, ਡਾ. ਰਾਜੂ ਦੀ ਖੋਜ ਕੈਂਸਰ-ਰੋਧਕ ਡਰੱਗ ਇਨਐਕਟੀਵੇਸ਼ਨ ਅਤੇ ਪ੍ਰਤੀਰੋਧ ਵਿੱਚ ਸ਼ਾਮਲ ਸੀ. ਵਾਈ. ਪੀ.1 ਬੀ.1 ਨੂੰ ਨਿਸ਼ਾਨਾ ਬਣਾਉਂਦੇਹੋਏ ਨਵੇਂ ਹੱਲ ਲੱਭਣ 'ਤੇ ਕੇਂਦ੍ਰਿਤ ਸੀ। ਇਸ ਦੇ ਅੱਗੇ ਵੱਡੇ ਪੱਧਰ ਉੱਤੇ ਮਨੁੱਖਾਂ ਜਾਂ ਜਾਨਵਰਾਂ ਉੱਤੇ ਪ੍ਰੀਖਿਣ ਕਰਨ ਉਪਰੰਤ ਸਮੁੱਚੀ ਮਾਨਵਤਾ ਲਈ ਇਸ ਦੇ ਵੱਡੇ ਲਾਭ ਲਏ ਜਾ ਸਕਦੇ ਹਨ। ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਖੋਜਾਰਥੀ ਅਤੇ ਉਸ ਦੇ ਨਿਗਰਾਨ ਨੂੰ ਇਸ ਮਿਆਰੀ ਖੋਜ ਬਾਰੇ ਵਿਸ਼ੇਸ਼ ਤੌਰ 'ਤੇ ਵਧਾਈ ਦਿੰਦਿਆਂ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਵੱਕਾਰੀ ਖੋਜਾਂ ਯੂਨੀਵਰਸਿਟੀ ਵਿਖੇ ਹੋ ਰਹੇ ਖੋਜ ਕਾਰਜਾਂ ਦੀ ਗੁਣਵੱਤਾ ਅਤੇ ਮਾਨਵਤਾ ਭਲਾਈ ਸਬੰਧੀ ਅਦਾਰਿਆਂ ਦੀ ਪ੍ਰਤਿਬੱਧਤਾ ਸਬੰਧੀ ਠੋਸ ਸਬੂਤ ਬਣ ਕੇ ਉੱਭਰਦੀਆਂ ਹਨ, ਜਿਸ ਨਾਲ਼ ਸਾਡੀ ਯੂਨੀਵਰਸਿਟੀ ਦਾ ਨਾਮ ਸੰਸਾਰ ਪੱਧਰ ਉੱਤੇ ਚਮਕਦਾ ਹੈ।